

ਗੁਰਮੁਖੀ-ਲਿਪੀ

ਉਤਪਤੀ, ਉੱਨਤੀ ਅਤੇ ਉੱਤਮ ਹੱਥ-ਲਿਖਤਾਂ
(ਜੰਮੂ ਕਸ਼ਮੀਰ ਖੇਤਰ)








ਡਾ. ਜਸਬੀਰ ਸਿੰਘ ਸਰਨਾ

ਗੁਰਮੁਖੀ - ਲਿਪੀ

ਉਤਪਤੀ, ਉਨਤੀ ਅਤੇ ਉੱਤਮ ਹੱਥ-ਲਿਖਤਾਂ
(ਜੰਮੂ ਕਸ਼ਮੀਰ ਖੇਤਰ)

ਡਾ. ਜਸਬੀਰ ਸਿੰਘ ਸਰਨਾ

Gurmukhi Lipi:

Utpati, Untti ate Uttam Hath Likhtan (J & K Chapter)

(Gurmukhi Script: Origin, Development and Manuscripts

[J & K Chapter)

By : Dr. Jasbir Singh Sarna

Email : jbsingh.801@gmail.com

ISBN : 978-81-86741-33-7

First Print : 2018 (500 Copies)

Price : ₹550/-

Published by :



Sant and Singh Publisher

Jammu & Kashmir

Type, Setting & Printing :

Shaheed-e-Azam Press & Hospitality Pvt. Ltd.

SCO-3-4, Chowk Dukhniwaran Sahib,


Sirhind Road, Patiala (Pb.) INDIA

Mob. : 0175-2357981, 098146-32807


I am Thankful to the Jammu and Kashmir Academy of Art, Culture and Languages for Providing financial assistance for publishing of my manuscript entitled Gurmukhi Lipi: Utpati, Untti ate Uttam Hath Likhtan (J & K Chapter) in Punjabi Language.

ਸਮਰਪਣ

'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦੇ ਪ੍ਰਚਾਰ ਤੇ ਪਾਸਾਰ ਲਈ ਉਹਨਾਂ ਮਹਾਨ ਗੁਰਸਿੱਖ ਰੂਹਾਂ ਨੂੰ ਜੋ 'ਸਰਬੱਤ ਦੇ ਭਲੇ' ਲਈ ਚੇਤਨ ਤੇ ਤੱਤਪਰ ਰਹੀਆਂ




ਸੰਤ ਅਤਰ ਸਿੰਘ ਜੀ
(1866-1927)



ਸੰਤ ਤੇਜਾ ਸਿੰਘ ਜੀ
(1877-1965)



ਬਾਬਾ ਇਕਬਾਲ ਸਿੰਘ ਜੀ



ਡਾ. ਖੇਮ ਸਿੰਘ ਗਿਲ ਜੀ

ਤਤਕਰਾ

ਮੁਖਬੰਦ

ਭਾਸ਼ਾ ਆਪਸੀ ਮੇਲ ਜੋਲ ਦਾ ਇਕ ਵੱਡਾ ਸਾਧਨ ਹੈ, ਪਰ ਇਸ ਪਵਿੱਤਰ ਰੱਬੀ ਦੇਣ ਨੂੰ ਆਪਸੀ ਟਕਰਾਓ ਦੇ ਸਾਧਨ ਵਜੋਂ ਸਿਆਸਤਦਾਨਾਂ ਨੇ ਭਰਪੂਰ ਵਰਤਿਆ ਹੈ। ਪਰ ਵਿਸ਼ਵ-ਚਿੰਤਕਾਂ ਨੇ ਆਪਣੇ ਵਿਚਾਰਾਂ ਨਾਲ ਵਿਸ਼ਵ ਭਾਸ਼ਾਵਾਂ ਨੂੰ ਓਜਾਗਰ ਕਰਨ ਦੇ ਜੋ ਉਪਰਾਲੇ ਕੀਤੇ ਉਨ੍ਹਾਂ ਦੇ ਵਿਚਾਰਾਂ ਸਦਕਾਂ ਕਈ ਵਿਸ਼ਵ ਦੀਆਂ ਭਾਸ਼ਾਵਾਂ ਅੱਜ ਵੀ ਜਿਉਂਦੀਆਂ ਹਨ।

ਮਾਂ-ਬੋਲੀ ਪੰਜਾਬੀ ਜੋ ਕਿ 1891 ਵਿੱਚ ਵਿਸ਼ਾਲ ਪੰਜਾਬ ਵਿੱਚ 1,57,54,895 ਲੋਕਾਂ ਦੀ ਬੋਲੀ ਜਾਣ ਵਾਲੀ ਭਾਸ਼ਾ ਸੀ ਅਤੇ ਪੰਜਾਬ ਤੋਂ ਇਲਾਵਾ ਭਾਰਤ ਦੇ ਦੂਸਰੇ ਪ੍ਰਾਤਾਂ ਵਿੱਚ ਸਿਰਫ਼ 2,88,530 ਲੋਕਾਂ ਦੀ ਹੀ ਭਾਸ਼ਾ ਸੀ। ਪਰ ਅੱਜ ਇਹੀ ਭਾਸ਼ਾ ਦੁਨੀਆਂ ਦੇ 25 ਦੇਸ਼ਾਂ ਵਿੱਚ 16 ਕਰੋੜ ਲੋਕਾਂ ਦੀ ਭਾਸ਼ਾ ਦਾ ਮਾਨ ਬਣ ਚੁੱਕੀ ਹੈ। ਪੰਜਾਬੀ ਭਾਸ਼ਾ ਦੇ ਇਸ ਪ੍ਰਚਾਰ ਤੇ ਪ੍ਰਸਾਰ ਲਈ ਜਿਨ੍ਹਾਂ ਵਿਦਵਾਨਾਂ ਨੇ ਆਪਣੀਆਂ ਵੱਡਮੁੱਲੀਆਂ ਰਚਨਾਵਾਂ ਨਾਲ ਆਪਣਾ ਯੋਗਦਾਨ ਪਾਇਆ ਉਨ੍ਹਾਂ ਵਿਚ ਪ੍ਰਮੁੱਖ ਭਾਸ਼ਾ-ਵਿਗਿਆਨੀ ਅਤੇ ਕੋਸ਼ਕਾਰ ਇਹ ਹਨ: ਗਰੀਸਨ, ਸ਼ੇਰ ਸਿੰਘ ਕਸ਼ਮੀਰ, ਜੀ.ਬੀ.ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਹਰਕੀਰਤ ਸਿੰਘ, ਪ੍ਰੇਮ ਪ੍ਰਕਾਸ਼ ਸਿਘ, ਦੁਨੀ ਚੰਦ, ਡਾ. ਤਰਲੋਚਨ ਸਿੰਘ ਬੇਦੀ, ਡਾ. ਹਰਦੇਵ ਬਾਹਰੀ, ਉਜਲ ਸਿੰਘ ਬਾਹਰੀ, ਕਾਲਾ ਸਿੰਘ ਬੇਦੀ, ਪ੍ਰੋ. ਕਰਤਾਰ ਸਿੰਘ ਸੂਰੀ, ਪ੍ਰੋ. ਪਿਆਰਾ ਸਿੰਘ ਪਦਮ, ਡਾ. ਬਲਦੇਵ ਸਿੰਘ ਚੀਮਾਂ, ਡਾ. ਬੂਟਾ ਸਿੰਘ ਬਰਾੜ, ਡਾ. ਸੁਖਵਿੰਦਰ ਸਿੰਘ ਸੰਘਾ, ਡਾ. ਆਸ਼ਾ ਕਿਰਨ, ਡਾ. ਗੁਰਦੇਵ ਸਿੰਘ, ਪ੍ਰੋ. ਬ੍ਰਹਮ ਜਗਦੀਸ਼ ਸਿੰਘ ਅਤੇ ਵਿਦੇਸ਼ੀ ਵਿਦਵਾਨਾਂ ਵਿੱਚ ਜੇ. ਵਿਲਸਨ (1898 ਈ.), ਜੀਉਕਸ (1900 ਈ.), ਈ: ਉ: ਬਰੀਨ (1903), ਕ੍ਰਿਸ਼ਟੋਫਰ ਸ਼ੈਕਲ ਪ੍ਰਮੁੱਖ ਹਨ।

ਅੱਜ ਪੰਜਾਬੀ ਜ਼ੁਬਾਨ ਸਭ ਤੋਂ ਜਿਆਦਾ ਲਹਿੰਦੇ ਪੰਜਾਬ ਵਿਚ 11 ਕਰੋੜ ਲੋਕਾਂ ਦੀ ਅਮੀਰ ਭਾਸ਼ਾ ਹੈ ਅਤੇ ਇਹ ਭਾਸ਼ਾ ਲਈ ਸ਼ਹਮੁਖੀ ਤੇ ਗੁਰਮੁਖੀ ਲਿਪੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਥੇ ਸ਼ਾਹਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਦਾ ਅਮੀਰ ਵਿਰਸਾ ਬਾਬਾ ਸ਼ੇਖ ਫਰੀਦ ਜੀ ਦੀ ਬਾਣੀ ਦੇ ਰੂਪ ਸਿੱਖ ਗੁਰੂਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਭਾਲ ਕੇ ਰਖਿਆ ਹੈ, ਉਥੇ ਇਸੇ ਭਾਸ਼ਾ ਨੂੰ ਗੁਰਮੁਖੀ ਲਿਪੀ ਵਿੱਚ ਵਿਕਸਤ ਕਰਕੇ ਕਈ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਵਿੱਚ ਰਚੀ ਬਾਣੀ ਨੂੰ ਗੁਰਮੁਖੀ ਲਿਪੀ ਵਿਚ ਲਿਪੀ ਅੰਤਰ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਖੇਤਰ ਇਤਨਾ ਵਿਸ਼ਾਲ ਬਣਾ ਦਿੱਤਾ ਹੈ ਕਿ ਅੱਜ ਤੱਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਭਾਸ਼ਾ ਦਾ ਭਾਸ਼ਾਈ ਸਰਵੇਖਣ (Linguistic Survey)ਕਰਨ ਲਈ ਭਾਸ਼ਾ ਵਿਗਿਆਨੀ ਹਾਲੇ ਤਕ ਅਸਮਰੱਥ ਰਹੇ ਹਨ। ਨਤੀਜੇ ਵਜੋਂ ਗੁਰੂ ਨਾਨਕ ਦੇਵ ਜੀ ਦੇ ਸੰਦਲ ਬਾਰ ਦੀ ਭਾਸ਼ਾ ਵਿਚ ਉਚਾਰੇ ਕਈ ਸ਼ਬਦ ਕਬੀਰ ਗ੍ਰੰਥਾਵਲੀ ਦਾ ਹਿੱਸਾ ਬਣ ਚੁੱਕੇ ਹਨ। ਬੈਲਜੀਅਮ (Beligium) ਦੇ ਮਹਾਨ ਵਿਦਵਾਨ ਵਿਨਾਦ ਐਮ. ਕੈਲੀਵਰਟ ਨੇ ਕਬੀਰ ਜੀ ਦੀ ਬਾਣੀ ਦਾ ਵੱਖ-ਵੱਖ ਸੋਮਿਆਂ ਦਾ ਸਰਵੇਖਣ ਕਰਕੇ ਇਹ ਸਾਬਤ ਕੀਤਾ ਹੈ ਕਿ ਕਬੀਰ ਸਾਹਿਬ ਦੇ ਪ੍ਰਮਾਣਕ

ਬਾਣੀ ਦਾ ਸਰੋਤ ਸਿਰਫ਼ ਗੁਰੂ ਗ੍ਰੰਥ ਸਾਹਿਬ ਹੈ ਅਤੇ ਬਹੁਤ ਸਾਰੀ ਦੂਸਰੇ ਸੋਮਿਆਂ ਤੋਂ ਲਈ ਗਈ ਬਾਣੀ ਕਬੀਰ ਜੀ ਦੀ ਨਹੀਂ ਹੈ। ਉਨ੍ਹਾਂ ਨੇ ਇਥੋਂ ਤਕ ਸਾਬਤ ਕੀਤਾ ਹੈ ਜੋ ਕਬੀਰ ਬਾਣੀ ਰਾਬਿੰਦਰ ਨਾਥ ਟੈਗੋਰ ਨੇ ਅੰਗਰੇਜੀ ਵਿੱਚ ਅਨੁਵਾਦ ਕੀਤਾ ਹੈ ਉਹ ਪ੍ਰਮਾਣਿਕ ਬਾਣੀ ਨਹੀਂ ਹੈ।

ਇਕ ਭਾਸ਼ਾਈ ਕਹਾਵਤ ਹੈ:- "ਕੋਸ ਕੋਸ ਪੇ ਪਾਣੀ ਬਦਲੇ ਦਸ ਕੋਸ ਪੇ ਬਾਣੀ" ਅਤੇ ਇਸੇ ਕਹਾਵਤ ਵਿਚ ਪੰਜਾਬ ਦੀ ਵਿਸ਼ਾਲ ਧਰਤੀ ਵਿੱਚੋਂ ਪੰਜਾਬੀ ਭਾਸ਼ਾ ਦੀ ਵਿਭਿੰਨਤਾ ਕਈ ਉਪ ਭਾਸ਼ਾਵਾਂ (Dialects) ਦੇ ਰੂਪ ਵਿਚ ਆਪਣੀ ਖੁਸ਼ਬੂ ਦੇ ਉਪਾਸ਼ਕ ਪੈਦਾ ਕਰ ਰਹੀ ਹੈ।

ਗੁਰਮੁਖੀ ਲਿਪੀ ਦੀ ਉਤਪਤੀ ਦੇ ਸਰੋਤ ਲੰਡੇ,ਟਾਕਰੀ ਅਤੇ ਸ਼ਾਰਦੀ ਲਿਪੀ ਨੂੰ ਮੰਨਿਆ ਜਾਂਦਾ ਹੈ। ਲੰਡੇ ਲਿਪੀ ਦਾ ਪ੍ਰਯੋਗ ਮਹਾਜਨ ਕਰਦੇ ਸਨ ਅਤੇ ਇਸ ਲਿਪੀ ਨੂੰ ਗੁਰਮੁਖੀ ਲਿਪੀ ਦਾ ਮੁੱਖ ਸਰੋਤ ਮੰਨਿਆ ਜਾਂਦਾ ਹੈ। ਇਸ ਲਿਪੀ ਵਿਚ ਲਿਪਾਕਰਣਕਾਰੀ (Orthography) ਦਾ ਪ੍ਰਯੋਗ ਨਹੀਂ ਹੁੰਦਾ ਅਤੇ ਇਸ ਲਿਪੀ ਦੇ ਆਧਾਰ ਤੇ ਹੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਦੇਖ-ਰੇਖ ਵਿੱਚ ਬਾਣੀ ਪੋਥੀ ਤਿਆਰ ਕਰਵਾਈ। ਗੋਇੰਦਵਾਲ ਪੋਥੀਆਂ ਦੀ ਲਿਪੀ ਵੀ ਗੁਰੂ ਅੰਗਦ ਦੇਵ ਜੀ ਵੱਲੋਂ ਪ੍ਰਚੱਲਤ ਕੀਤੀ ਲਿਪੀ ਵਿੱਚ ਲਿਖੀਆਂ ਗਈਆਂ। ਭਾਈ ਮਨੀ ਸਿੰਘ ਜੀ ਆਪਣੀ ਕਿਰਤ ਭਗਤ ਰਤਨਾਵਲੀ (ਸਿੱਖਾਂ ਦੀ ਭਗਤਮਾਲਾ) ਵਿਚ ਇਸ ਗਲ ਦੀ ਪੁਸ਼ਟੀ ਕਰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਆਪਣੀ ਦੇਖ-ਰੇਖ ਵਿਚ ਮੌਜਦਾ ਗੁਰਮਖੀ ਲਿਪੀ ਦਾ ਵਿਕਾਸ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤਾ। ਗੁਰਮੁਖੀ ਵਿਚ ਙ, ਞ, ੜ, ਧੁਨੀ ਦੇ ਅੱਖਰ ਗੁਰੂ ਸਾਹਿਬਾਨਾਂ ਦੀ ਦੇਣ ਹੈ। ਬਾਅਦ ਵਿਚ ਫ਼ਾਰਸੀ ਧੁਨੀਆ ਦੇ ਅੱਖਰਾਂ ਦੀ ਵਿਲਖਣਤਾ ਦਰਸਾਉਣ ਲਈ ਛੇ ਅੱਖਰ ਗੁਰਮੁਖੀ ਲਿਪੀ ਵਿਚ ਸ਼ਾਮਿਲ ਕਰ ਦਿੱਤੇ ਗਏ।

ਗੁਰਮੁਖੀ ਲਿਪੀ ਦੇ ਪੂਰਨ ਵਿਕਾਸ ਤੋਂ ਬਾਅਦ ਵੀ ਗੁਰੂ ਸਾਹਿਬਾਨਾਂ ਨੇ ਆਪਣੇ ਹੁਕਮਨਾਮਿਆਂ ਅਤੇ ਨੀਸਾਣਾਂ ਵਿਚ ਲੰਡੇ ਲਿਪੀ ਦਾ ਇਸਤੇਮਾਲ ਕੀਤਾ ਅਤੇ ਸਾਡੇ ਕਈ ਲੇਖਕਾਂ ਨੇ ਬਿਨਾਂ ਕਿਸੇ ਭਾਸ਼ਾਈ ਜਾਣਕਾਰੀ ਦੇ ਇਹ ਵਿਵਾਦ ਛੇੜਿਆ ਕਿ ਜੋ ਨੀਸਾਣ ਗੁਰੂ ਅਰਜਨ ਦੇਵ ਜੀ ਦਾ ਕਰਤਾਰਪੁਰੀ ਬੀੜ ਵਿਚ ਉਪਲਬਧ ਹੈ, ਉਸ ਵਿੱਚ ਲਿਖਿਆ ਮੂਲਮੰਤਰ ਅਤੇ ਗੁਰੂ ਗ੍ਰੰਥ ਸਾਹਿਬ ਦੇ ਮੂਲਮੰਤਰ ਅਲੱਗ-ਅਲੱਗ ਹਨ। ਭਾਸ਼ਾ ਦੀ ਉਤਪਤੀ, ਵਿਕਾਸ ਅਤੇ ਪ੍ਰਯੋਗ ਦੀ ਅਧੂਰੀ ਜਾਣਕਾਰੀ ਜਿਥੇ ਬੇਲੋੜੇ ਵਿਵਾਦ ਖੜੇ ਕਰਨ ਵਿਚ ਸਹਾਈ ਹੁੰਦੀ ਹੈ ਉਥੇ ਭਾਸ਼ਾ ਦਾ ਬਹੁ-ਪੱਖੀ ਅਧਿਆਨ ਦੀ ਲੋੜ ਵੀ ਮਹਿਸੂਸ ਕਰਵਾਈ ਹੈ।

ਡਾ. ਜਸਬੀਰ ਸਿੰਘ ਸਰਨਾ ਦੀ ਇਹ ਪੁਸਤਕ ਗੁਰਮੁਖੀ ਲਿਪੀ: ਉਤਪਤੀ, ਉਨਤੀ ਅਤੇ ਉਤਮ ਹੱਥ-ਲਿਖਤਾਂ (ਜੰਮੂ-ਕਸ਼ਮੀਰ ਖੇਤਰ) ਇਕ ਨਵੀਨ ਖੋਜ ਦੇ ਤੌਰ ਤੇ ਪਾਠਕਾਂ ਵਿਚ ਮਕਬੂਲ ਹੋਣ ਦੀ ਸਮਰਥਾ ਰੱਖਦੀ ਹੈ। 1942 ਈ. ਵਿਚ ਗੁਰਮੁਖੀ ਲਿਪੀ ਦੇ ਅੱਖਰਾਂ ਦਾ ਅਧਿਆਤਮਕ ਪੱਖ ਭਾਈ ਸ਼ੇਰ ਸਿੰਘ ਕਸ਼ਮੀਰ ਨੇ ਆਪਣੀ ਪੁਸਤਕ

'ਪਰਮਾਅੱਖਰੀ' ਵਿਚ ਜਿਸ ਵਿਲਖਣ ਢੰਗ ਨਾਲ ਕੀਤਾ, ਉਸ ਦੇ ਮੁਕਾਬਲੇ ਹਾਲੇ ਕੋਈ ਪੁਸਤਕ ਦਾ ਮੁਖਬੰਦ ਮੇਰੇ ਪਿਤਾ ਡਾ. ਤ੍ਰਿਲੋਚਨ ਸਿੰਘ ਜੀ ਨੇ 22 ਸਾਲ ਦੀ ਉਮਰ ਵਿਚ ਲਿਖਣ ਦਾ ਸੁਭਾਗ ਪ੍ਰਾਪਤ ਹੋਇਆ। ਅੱਜ ਪੂਰੇ 75 ਸਾਲ ਬਾਅਦ ਕਸ਼ਮੀਰ ਦੀ ਧਰਤੀ ਦੇ ਮਹਾਨ ਵਿਦਵਾਨ , ਭਾਸ਼ਾ-ਵਿਗਿਆਨੀ, ਡਾ. ਜਸਬੀਰ ਸਿੰਘ ਸਰਨਾ ਜੀ ਨੇ ਆਪਣੀ ਇਸ ਨਿਵੇਕਲਾ ਪੁਸਤਕ ਦੁਬਾਰਾ ਨਹੀਂ ਲਿਖੀ ਜਾ ਸਕੀ। ਇਸ ਪੁਸਤਕ ਦਾ ਮੁਖਬੰਦ ਲਿਖਣ ਲਈ ਭੇਜ ਕੇ ਮੇਰੇ ਗਿਆਨ ਵਿਚ ਜੋ ਵਾਧਾ ਕੀਤਾ ਹੈ, ਉਸ ਲਈ ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ। ਵਿਦਵਾਨ ਲੇਖਕ ਨੇ ਇਸ [illegible] ਪੁਸਤਕ ਦੇ ੯ ਅਧਿਆਏ ਅਤੇ ੪ ਅੰਤਿਕਾਂ ਵਿਚ ਦਿੱਤੀ ਹੈ ਉਹ ਉਨ੍ਹਾਂ ਦੀ ਵਿਦਵਤਾ. ਖੋਜ ਅਤੇ ਮਿਹਨਤ ਦੀ ਤਰਜਮਾਨੀ ਕਰਦਾ ਹੈ ਅਤੇ ਇਸ ਨਵੀਨ ਖੋਜ ਲਈ ਮੇਰੀ ਅਰਦਾਸ ਹੈ ਕਿ ਪਾਠਕ ਇਸ ਪੁਸਤਕ ਰਾਹੀਂ ਆਪਣੇ ਬਿਬੇਕ ਵਿਚ ਵਾਧਾ ਕਰਨ ਦਾ ਉਪਰਾਲਾ ਜਰੂਰ ਕਰਨ ਅਤੇ ਆਪਣੀ ਮਾਂ-ਬੋਲੀ ਤੇ ਉਸ ਦੀ ਵਿਰਾਸਤ ਦਾ ਪ੍ਰਚਾਰ ਕਰਨ ਵਿਚ ਆਪੋ-ਆਪਣਾ ਹਿੱਸਾ ਜਰੂਰ ਪਾਉਣ। ਲੇਖਕ ਦੀ ਕਮਾਈ ਉਸ ਵਲੋਂ ਕੀਤੀਆਂ ਰਚਨਾਵਾਂ ਹੁੰਦੀਆਂ ਹਨ ਅਤੇ ਪਾਠਕ ਉਸ ਕਮਾਈ ਦਾ ਸਤਿਕਾਰ ਉਸ ਦੇ ਗਿਆਨ ਦੇ ਪ੍ਰਕਾਸ਼ ਰਾਹੀਂ ਹੀ ਕਰਦੇ ਹਨ। ਡਾ. ਜਸਬੀਰ ਸਿੰਘ ਜੀ ਸਰਨਾ ਇਸ ਸਤਿਕਾਰ ਦੇ ਹੱਕਦਾਰ ਹਨ।

ਅਨੁਰਾਗ ਸਿੰਘ
37-ਜਨਤਾ ਇਨਕਲੇਵ
ਦੁਗਰੀ-ਬਾਂਦਰਾ ਰੋਡ
ਲੁਧਿਆਣਾ : 141013
098728-23277

ਦੀਦਾਰੀ ਹਰਫ਼

'ਗੁਰਮੁਖੀ ਲਿਪੀ' ਪੰਜਾਬ ਦੀ ਹਰਮਨ ਪਿਆਰੀ ਅਤੇ ਜਨ-ਭਾਸ਼ਾ ਦੀ ਸਰਬ ਪ੍ਰਵਾਨ ਲਿਪੀ ਮੰਨੀ ਜਾਂਦੀ ਹੈ। ਇਹ ਲਿਪੀ ਪ੍ਰਾਚੀਨ ਭਾਰਤੀ ਲਿਪੀਆਂ ਨਾਲ ਵਧੀਕ ਗੂੜੀ ਸਾਂਝ ਰੱਖਦੀ ਹੈ।

ਮੇਰਾ ਮੂਲ ਮਨੋਰਥ ਪੰਜਾਬੀ ਦੇ ਪਾਠਕਾਂ ਸਨਮੁੱਖ ਰਿਆਸਤ ਵਿੱਚ ਗੁਰਮੁਖੀ ਲਿਪੀ ਦੀਆਂ ਪੈੜਾਂ ਦੀ ਭਾਲ ਕਰਨ ਦਾ ਨਿੱਕਾ ਜਿਹਾ ਯਤਨ ਹੈ। ਅੱਡ ਅੱਡ ਥਾਵਾਂ ਤੇ ਸੁਰਖਿਅਤ ਪਈਆਂ ਹੱਥ-ਲਿਖਤਾਂ ਨੂੰ ਉਪਲਬਧ ਕਰਾਉਣਾ ਹੈ। ਗੁਰਮੁਖੀ ਅੱਖਰ ਅਨੇਕਾਂ ਪੜ੍ਹਾਵਾਂ ਨੂੰ ਪਾਰ ਕਰ ਕੇ ਸਾਡੇ ਕੋਲ ਪੁੱਜੇ ਹਨ। ਇਹ ਅੱਖਰ ਇਲਾਹਾਬਾਦ, ਬਾਵਰ, ਹੋਰਯਜ਼ੀ, ਬਖਸ਼ਾਲੀ, ਕੁੱਲੂ, ਸ਼ਾਰਦਾ, ਟਾਕਰੀ, ਪੋਥੀਆਂ, ਬੀੜਾਂ, ਸਾਖੀਆਂ ਅਤੇ ਦਸ਼ਮੇਸ਼ ਦਾ ਸ਼ਿਕਸਤਾਂ ਵਿਚੋਂ ਆਪਣੇ ਰੂਪਾਂ ਨੂੰ ਸਾਕਾਰ ਕਰਦੇ ਹੋਏ ਅਜੋਕੇ ਗੁਰਮੁਖੀ ਅੱਖਰਾਂ ਰਾਹੀਂ ਮੂਰਤੀਮਾਨ ਹੋਏ ਹਨ।

ਗੁਰਮੁਖੀ ਦੀਆਂ ਹੱਥ-ਲਿਖਤਾਂ, ਵਿਭਿੰਨ ਥਾਵਾਂ ਤੇ ਸੁਰਖਿਅਤ ਨੁਸਕਿਆ ਨੂੰ 'ਪਲੇਟਾਂ' ਹੇਠ ਅੰਕਿਤ ਕਰ ਦਿੱਤਾ ਹੈ। ਰਿਆਸਤ ਦੇ ਪ੍ਰਸਿੱਧ ਵਿਦਵਾਨ ਭਾਈ ਸ਼ੇਰ ਸਿੰਘ ਆਫ਼ ਕਸ਼ਮੀਰ ਦੀ ਅਦੁੱਤੀ ਲਿਖਤ 'ਪਰਮ ਅੱਖਰੀ ਕਿ ਪੈਂਤੀ ਅੱਖਰੀ' ਨੂੰ ਸਮੇਂ ਦੀ ਧੂੜ ਵਿਚੋਂ ਸਾਂਭਣ ਦਾ ਯਤਨ ਕੀਤਾ ਹੈ। ਮੈਂ ਕੁੱਝ ਵਰ੍ਹਿਆਂ ਤੋਂ ਗੁਰਮੁੱਖੀ ਲਿਪੀ ਦੀਆਂ ਪੈੜ੍ਹਾਂ ਲੱਭਣ ਵਿੱਚ ਲਗਾਤਾਰ ਕਾਰਜ਼ਸ਼ੀਲ ਰਿਹਾ ਹਾਂ। ਕਈ ਗੁੰਝਲਾਂ ਨੂੰ ਪਰਖ ਤੇ ਅਧਿਐਨ ਪੱਖੋਂ ਵਾਚਣ ਦਾ ਯਤਨ ਕੀਤਾ ਹੈ।

ਪਾਠਕਾਂ ਵੱਲੋਂ ਆਏ ਨਵੀਨ ਅਤੇ ਸਾਰਥਕ ਸੁਝਾਵਾਂ ਨੂੰ ਖੁਸ਼-ਆਮਦੀਦ ਆਖਾਂ ਗਾ। ਮੈਂ ਬੜੀ ਸਰਲ ਅਤੇ ਮੁਸ਼ੱਕਤ ਨਾਲ ਇਹ ਪੁਸਤਕ ਤੁਹਾਡੇ ਰੂਬਰੂ ਕਰਕੇ ਸਰਖਰੂ ਹੋਣਾ ਚਾਹੁੰਦਾ ਹਾਂ। ਅੰਤ ਵਿੱਚ ਪੰਜਾਬੀ ਜਗਤ ਦੇ ਪ੍ਰਸਿੱਧ ਵਿਦਵਾਨ ਪ੍ਰੋ. ਅਨੁਰਾਗ ਸਿੰਘ ਜੀ ਦਾ ਦਿੱਲੀ ਆਭਾਰੀ ਹਾਂ ਜਿਨ੍ਹਾਂ ਆਪਣਾ ਕੀਮਤੀ ਸਮਾਂ ਕੱਢ ਕੇ ਇਸ ਪੁਸਤਕ ਦਾ 'ਮੁਖਬੰਦ' ਲਿਖਿਆ ਹੈ ਅਤੇ ਕੀਮਤੀ ਸੁਝਾਵਾਂ ਨਾਲ ਸਰਸ਼ਾਰ ਕੀਤਾ ਹੈ।
ਅਕਾਲ ਸਹਾਇ।

ਜਸਬੀਰ ਸਿੰਘ ਸਰਨਾ

ਲਿਪੀ : ਪ੍ਰੀਭਾਸ਼ਾ, ਵਿਗਿਆਨਕ ਪੈੜਾਂ, ਦੌਰ ਅਤੇ ਲਿੱਖਣਕਲਾ

ਪ੍ਰੀਭਾਸ਼ਾ:-

ਲਿਪੀ ਦੀ ਪ੍ਰੀਭਾਸ਼ਾ ਬਾਰੇ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਅੰਗ੍ਰੇਜ਼ੀ ਦਾ ਸਮਾਂਨਤਰ ਸ਼ਬਦ ਸਕ੍ਰਿਪਟ (Script) ਲਾਤਾਨੀ ਭਾਸ਼ਾ ਦੇ ਸ਼ਬਦ 'Scriptum' ਜਾਂ 'Scribere'[1] ਤੋਂ ਹੋਂਦ ਵਿੱਚ ਆਇਆ ਹੈ, ਜਿਸ ਦੇ ਅਰੱਥ ਹਨ 'ਲਿੱਖਣਾ'। ਇਹ ਇਕ ਵਿਸ਼ੇਸ਼ ਲਿੱਖਣ ਪ੍ਰਣਾਲੀ ਹੈ ਜਿਸ ਨੂੰ ਹੱਥ ਨਾਲ ਸਾਫ਼, ਖੁਸ਼ਖੱਤ ਤੇ ਨਿਯਮਬੱਧ ਤਰੀਕੇ ਨਾਲ ਲਿਖਿਆ ਜਾਂਦਾ ਹੈ। ਲਿੱਪੀ ਦਾ ਘੇਰਾ ਬੜਾ ਵਿਸ਼ਾਲ ਹੈ। ਸੰਸਾਰ ਦੇ ਵਿਦਵਾਨਾਂ ਨੇ ਇਸ ਦੀ ਪ੍ਰੀਭਾਸ਼ਾ ਦੇ ਵਿਭਿੰਨ ਪਾਸਾਰ ਦਿੱਤੇ ਹਨ। ਵਿਦਵਾਨ ਵੈਲਿਸ਼ ਅਨੁਸਾਰ ਲਿਪੀ ਉਹ ਰਵਾਇਤੀ ਚਿੰਨ੍ਹ ਹਨ ਜੋ ਲਿੱਖਤ ਰਾਹੀਂ ਭਾਸ਼ਾ (ਬੋਲੀ) ਦਾ ਪੈਰਾਡਾਇਮ ਅੰਕਿਤ ਕਰਦੇ[2] ਹਨ।

ਜੋਨ ਮਾਊਂਟ ਫੋਰਡ ਇਸ ਨੂੰ ਲਿੱਖਤ ਨਿਯਮ ਦੀ ਉਹ ਇੰਤਜਾਮ-ਏ- ਦਸਤੂਰ ਦੀ ਪ੍ਰਣਾਲੀ ਸਮਝਦਾ ਹੈ, ਜਿਸ ਰਾਹੀਂ ਵਾਕਾਂ ਨੂੰ ਭਾਸ਼ਾ ਦੇ ਸ਼ਬਦਾਂ ਰਾਹੀਂ ਪ੍ਰਸਤੁਤ ਕੀਤਾ ਜਾਵੇ[3]। ਕੇ. ਐਲ. ਪਾਕੀ ਨੇ ਤਾਂ ਇਥੋਂ ਤੱਕ ਕਿਹਾ ਕਿ 'ਇਕ ਅਮਲੀ ਔਰਥੋਗ੍ਰਾਫੀ, ਧੁਨੀਗ੍ਰਾਮੀ (Phonemics) ਹੋਣੀ ਚਾਹੀਦੀ ਹੈ ਅਤੇ ਇਕ ਇਕ ਧੁਨੀਗ੍ਰਾਮ ਦੇ ਸੰਬੰਧਾਂ ਨੂੰ ਸੰਚਾਰ ਕਰਦੀ ਪ੍ਰਤੀਕੀ ਕਰਣ ਦਾ ਧੁਨੀਗ੍ਰਾਮਿਕ ਲਕਸ਼[4] ਪੂਰਾ ਕਰਦੀ ਹੋਵੇ। ਵੈਲਿਸ਼ ਤਾਂ ਇਸ ਨੂੰ ਅਣਲਿੱਖੀ ਸੰਚਾਰਿਕ ਅਸੂਲਾਂ[5] ਵੱਲ ਵੀ ਇਸ਼ਾਰਾ ਕਰਦਾ ਹੈ। ਮਿਆਰੀ ਔਰਥੋਗ੍ਰਾਫ਼ੀ ਦੇ ਤੱਤ ਹੀ ਔਰਥੋਗ੍ਰਾਫੀ ਦੀ ਛਿੱਤਰੀ ਹੇਠ ਸਰਗਰਮ ਰਹਿਕੇ ਉੱਤਮ ਲਿਖਣ-ਪ੍ਰਣਾਲੀ ਨੂੰ ਮੂਰਤੀਮਾਨ ਕਰਦੇ ਹਨ। ਇਸ ਦੇ ਵਿਭਿੰਨ ਤੱਤਾਂ ਵਿਚ ਸ਼ਬਦ-ਜੋੜ, ਵਿਰਾਮ ਚਿੰਨ੍ਹ, ਖਾਕਾ, ਕ੍ਰਮਵਾਰ ਤਰਤੀਬ, ਭਿੰਨਤਾ-ਸੂਚਕ ਤਰਕੀਬ ਅਤੇ ਲਿੱਪੀ ਆਉਂਦੇ ਹਨ।

ਰੀਚੱਰਡ ਤਾਂ ਇਸ ਨੂੰ ਸਮੁੱਚੀ ਭਾਸ਼ਾ ਦੇ ਪ੍ਰਤੀਬਿੰਬ ਵਜੋਂ ਪੇਸ਼ ਕਰਦਾ ਹੈ।[6]

ਵਿਗਿਆਨਕ ਪੈੜਾਂ:-

ਲਿਪੀ ਵਿਗਿਆਨ, ਉਹ ਵਿਗਿਆਨ ਹੈ ਜਿਸ ਵਿੱਚ ਲਿਪੀਆਂ ਦੇ ਵਿਗਿਆਨਕ ਅਤੇ ਨਿਰਵਿਘਨ ਅਧਿਐਨ ਦਾ ਪੈਰਾਡਾਇਮ ਸਾਕਾਰ ਹੁੰਦਾ ਹੋਵੈ। ਇਸ ਦੇ ਅਧਿਐਨ ਵਿਚ ਪ੍ਰਮੁੱਖ ਚਾਰ ਪੱਖ ਸਾਹਮਣੇ ਆਉਂਦੇ ਹਨ ਜਿਵੇਂ ਬਿਰਤਾਂਤੀ, ਤਾਰੀਖੀ, ਮੁਕਾਬਲਤਨ ਅਤੇ ਮੀਮਾਂਸਤਮਕ।

(i) **ਬਿਰਤਾਂਤੀ (Descriptive):** ਇਸ ਅਧਿਐਨ ਵਿਚ ਕਿਸੇ ਇਕ ਲਿਪੀ ਦੇ ਕਿਸੇ ਇਕ ਸਮੇਂ ਵਿਚ ਵਰਤੇ ਜਾਂਦੇ ਰੂਪ ਦਾ ਅਧਿਐਨ ਸ਼ਾਮਿਲ ਹੁੰਦਾ ਹੈ।

(ii) **ਤਾਰੀਖੀ (Historical):** ਇਸ ਅਧਿਐਨ ਵਿਚ ਕਿਸੇ ਇਕ ਲਿਪੀ ਦੀ ਉਤਪੱਤੀ, ਉਨੱਤੀ ਜਾਂ ਵੱਖ-ਵੱਖ ਸ਼ਾਖਾਂ ਦਾ ਅਧਿਐਨ ਸ਼ਾਮਿਲ ਹੁੰਦਾ ਹੈ।

(iii) **ਮੁਕਾਬਲਤਨ (Comparitive):** ਇਸ ਮੁਕਾਬਲਤਨ ਲਿਪੀ ਵਿਗਿਆਨ

ਵਿਚ ਦੋ ਜਾਂ ਵੱਧ ਲਿਪੀਆਂ ਦਾ ਤੁਲਨਾਤਮਿਕ ਅਧਿਐਨ ਸ਼ਾਮਿਲ ਹੁੰਦਾ ਹੈ। ਇਸ ਵਿਚ ਤੱਤਕਾਲੀ ਵਿਭਿੰਨ ਲਿਪੀਆਂ ਦੀ ਉੱਨਤੀ ਦੀ ਤੁਲਨਾ, ਵਿਕਾਸ ਦੇ ਵਿਭਿੰਨ ਪੜ੍ਹਾਵਾਂ ਦੀ ਖੋਜ ਵੀ ਸ਼ਾਮਿਲ ਹੁੰਦੀ ਹੈ।

(iv) ਮੀਮਾਂਸਤਮਕ (Theorat.cal): ਇਸ ਲਿਪੀ ਅਧਿਐਨ ਵਿਚ ਆਮਤੌਰ ਤੇ ਸੰਸਾਰ ਦੀਆਂ ਵੱਖ-ਵੱਖ ਲਿਪੀਆਂ ਦੇ ਉਦਭਵ, ਉਨੱਤੀ, ਤਬਾਹੀ, ਤਬਦੀਲੀਆਂ ਆਦਿ ਦੇ ਸਿਧਾਤਾਂ ਦਾ ਲੇਖਾ ਜੋਖਾ ਕੀਤਾ ਜਾਂਦਾ ਹੈ।


ਦੌਰ

ਲਿਪੀ ਵਿਗਿਆਨੀਆਂ ਨੇ ਲਿਪੀਆਂ ਦੇ ਹੋਂਦ ਅਤੇ ਵਿਕਾਸ ਦਾ ਸਮਾਂ 10,000 ਪੂਰਵ ਈਸਵੀਂ ਤੋਂ ਲੈ ਕੇ 4000 ਪੂਰਵ ਈਸਵੀਂ ਤੀਕ ਮਿਥਿਆ ਹੈ। ਸੰਸਾਰ ਦੇ ਲਿਪੀ ਵਿਗਿਆਨੀਆਂ ਨੇ ਉਨ੍ਹਾਂ ਦੌਰਾਂ (Stages) ਦਾ ਅਧਿਐਨ ਕੀਤਾ ਹੈ ਜਿਨ੍ਹਾਂ ਵਿੱਚ ਇਹ ਸਮੇਂ ਸਮੇਂ ਲੰਘੀਆਂ ਹਨ।

ਪ੍ਰਮੁੱਖ ਤੌਰ ਤੇ ਇਹ ਦੌਰ ਹਨ: ਚਿੱਤਰ-ਲੇਖੀ ਦੌਰ (Pictographic stage), ਸੂਤਰ-ਲਿਪੀ ਦੌਰ (Thread and Knot stage), ਚਿੰਨਮਈ- ਲਿਪੀ ਦੌਰ (Symbolic script stage), ਭਾਵ ਚਿੱਤਰੀ ਲਿਪੀ ਦੌਰ (Ideographic writing stage), ਭਾਵਧੁਨੀ ਮੂਲਕ-ਲਿਪੀ ਦੌਰ (Acrophonetic writing stage) ਅਤੇ ਧੁਨੀਆਤਮਕ ਲਿਖਣ ਦੌਰ (Phonetic Writing Stage).


1. ਚਿੱਤਰ-ਲੇਖੀ ਦੌਰ (Pictographic Stage):-

ਦੁਨੀਆਂ ਵਿੱਚ ਇਹ ਲਿਪੀ ਦਾ ਪਹਿਲਾ ਦੌਰ ਹੀ ਸੀ ਜਿਸ ਵਿਚ ਮਨੁੱਖ ਨੇ ਚਿੱਤਰਾਂ ਰਾਹੀਂ ਆਪਣੇ ਮਨੋ-ਭਾਵਾਂ ਨੂੰ ਸਾਕਾਰ ਕੀਤਾ। ਇਹ ਚਿੱਤਰ ਦੁਨੀਆਂ ਦੇ ਹਰ ਮੁਲਕਾਂ ਵਿਚ ਮੌਜੂਦ ਹਨ, ਜੋ ਗੁਫ਼ਾਵਾਂ, ਥੇਹਾਂ, ਕੰਧਾਂ, ਧਰਤੀ, ਪੱਥਰਾਂ, ਬਿਰਛਾਂ ਆਦਿ ਤੇ ਉੱਕਰੇ ਹੋਏ ਹਨ। ਇਨ੍ਹਾਂ ਚਿੱਤਰਾਂ ਵਿਚ ਮਨੁੱਖ, ਪਸ਼ੂ, ਦੇਵੀ ਦੇਵਤੇ, ਪੰਛੀ, ਫੁੱਲ, ਪੱਤੇ, ਜੀਵ-ਜੰਤੂ ਆਦਿ ਸੱਭ ਸ਼ਾਮਿਲ ਹਨ। ਇਹ ਚਿੱਤਰ-ਲੇਖੀ ਦੌਰ ਅਸਲ ਵਿਚ ਵਿਸ਼ਵ-ਵਿਆਪਕ (Universal) ਦੌਰ ਹੀ ਸੀ। ਇਸ ਚਿੱਤਰ-ਲੇਖੀ ਲਿਪੀ ਦੀਆਂ ਆਪਣੀ ਸੀਮਾਵਾਂ ਵੀ ਸਨ।



2. ਸੂਤਰ-ਲਿਪੀ ਦੌਰ (Thread and Knot stage):-

ਸੂਤਰ-ਲਿਪੀ ਦੀ ਇਕ ਪ੍ਰਾਚੀਨ ਪ੍ਰੰਪਰਾ ਤੁਰੀ ਆਉਂਦੀ ਹੈ। ਪੁਰਾਣੇ ਸਮਿਆਂ ਵਿੱਚ ਇਨ੍ਹਾਂ ਸੂਤਰਾਂ ਨੂੰ ਗੰਢਾਂ ਦੇ ਕੇ ਵਿਵਾਹ ਦੇ ਸਮੇਂ ਰਿਸ਼ਤੇਦਾਰਾਂ ਵਿਚ ਭੇਜਣ ਦਾ ਰਿਵਾਜ ਰਿਹਾ ਹੈ। ਇਹ ਸੂਤਰ ਉਨ੍ਹਾਂ ਨੂੰ ਸਮਾਂ ਤੇ ਤਾਰੀਕ ਨੂੰ ਯਾਦ ਰੱਖਣ ਲਈ ਦਿੱਤੇ ਜਾਂਦੇ ਸਨ। ਅਜੋਕੇ ਸਮੇਂ ਦੀ ਮੌਲੀ ਦੇ ਧਾਗੇ ਦੇ ਵਿਭਿੰਨ ਰੰਗਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਕਾਗਜ਼ ਤੇ ਵਾਹ ਜਾਣ ਕਾਰਨ ਇਨ੍ਹਾਂ ਦੇ ਭਾਵਾਂ ਜਾਂ ਖਾਸ ਅਰਥਾਂ ਦੇ ਸੰਕੇਤ ਪ੍ਰਗਟ ਹੋ ਜਾਂਦੇ ਸਨ। ਆਮਤੌਰ ਤੇ ਇਸ ਸੂਤਰ-ਲਿਪੀ ਦਾ ਮੋਢੀ ਲੇਖਕ ਹੈਰੋਡੋਕਸ ਨੂੰ ਮੰਨਿਆ ਜਾਂਦਾ ਹੈ।



ਸੂਤਰ - ਲਿੱਪੀ ਦੇ ਆਕਾਰ

3. ਚਿੰਨ ਮਈ- ਲਿਪੀ ਦੌਰ (Symbolic Script Stage):-

ਚਿੰਨਮਈ-ਲਿਪੀ, ਇਕ ਸੰਕੇਤਕ ਲਿੱਪੀ ਦੀ ਮੰਜ਼ਲ ਹੀ ਹੈ। ਮਿਸਾਲ ਦੇ ਤੌਰ ਤੇ Traffic Light Signals ਹੀ ਲੈ ਲਾਉ। ਜਿਵੇਂ ਲਾਲਬੱਤੀ ਰੁਕਣ ਦਾ ਸੰਕੇਤ ਹੈ ਤੇ ਹਰੀ ਬੱਤੀ ਤੁਰਨ ਦਾ ਸੰਕੇਤ ਸਮਝਿਆ ਜਾਂਦਾ ਹੈ। ਇਕ ਹੋਰ ਮਿਸਾਲ ਰੇਲਵੇ ਗਾਰਡ ਦੀ ਹੈ। ਹਰੀ ਝੰਡੀ ਉਸ ਦੇ ਹੱਥ ਵਿਚ ਗੱਡੀ ਦੇ ਚੱਲਣ ਦਾ ਇਕ ਸੰਕੇਤ ਹੈ ਅਤੇ ਲਾਲ ਝੰਡੀ ਗੱਡੀ ਦੇ ਰੁਕਣ ਦਾ ਸੰਕੇਤ ਦੱਸਦੀ ਹੈ। ਇਸੇ ਤਰ੍ਹਾਂ ਮੌਲੀ, ਮਹਿੰਦੀ, ਹਲਦੀ ਆਦਿ ਸੱਭ ਦੇ ਚਿੰਨ੍ਹਮਈ ਅਰੱਥ ਹਨ। ਹੱਥਾਂ ਦੇ ਇਸ਼ਾਰੇ, ਅੱਖਾਂ ਦੇ ਇਸ਼ਾਰੇ ਆਦਿ ਸੱਭ ਲਿਪੀਆਂ ਦੀਆਂ ਮਿਸਾਲਾਂ ਹਨ।

4. ਭਾਵ-ਚਿੱਤਰੀ ਲਿਪੀ ਦੌਰ (Ideographic Writing Stage):-

ਇਹ ਦੌਰ ਅਸਲ ਵਿੱਚ ਭਾਵਾਂ ਨੂੰ ਵਿਅਕਤ ਕਰਦੀ ਹੈ ਅਤੇ ਪੂਰੇ ਤੌਰ ਤੇ ਚਿੱਤਰ-ਲਿਪੀ ਦੇ ਆਧਾਰ ਹੈ। ਇਹ ਵੀ ਲਿਪੀ ਦੇ ਰੂਪ ਦੀ ਉੱਨਤੀ ਦਾ ਇਕ ਦੌਰ ਮੰਨਿਆ ਜਾਂਦਾ ਹੈ। ਇਹ ਲਿਪੀ ਕੇਵਲ ਖਾਸ ਖਾਸ ਚੀਜ਼ਾਂ ਲਈ ਵਰਤੀ ਜਾਂਦੀ ਹੈ ਅਤੇ ਇਸ ਲਿਪੀ ਦੇ ਚਿੱਤਰ ਕਿਸੇ ਖਾਸ ਭਾਵ ਵੱਲ ਸੰਕੇਤ ਕਰਦੇ ਸਨ।

5. ਭਾਵਧੁਨੀ ਮੂਲਕ-ਲਿਪੀ ਦੌਰ (Acrophonetic Writing Stage):-

ਇਹ ਲਿਪੀ ਦੌਰ ਅਸਲ ਵਿਚ ਚਿੰਨਮਈ ਦੇ ਭਾਵ-ਮੂਲਕ ਦਾ ਮਿਸ਼ਰਣ ਰੂਪ ਹੈ ਅਤੇ ਚਿੱਤਰ-ਲਿੱਪੀ ਦੀ ਇਕ ਵਿਕਾਸਮਈ ਮੰਜ਼ਿਲ ਹੈ।

6. ਧੁਨੀਆਤਮਕ ਲਿੱਖਣ ਦੌਰ (Phonetic Writing Stage):-

ਇਹ ਦੌਰ ਵਿੱਚ ਲਿਪੀ-ਚਿੰਨ੍ਹ ਕਿਸੇ ਖਾਸ ਧੁਨੀ ਦੇ ਪ੍ਰਤੀਕ ਹੁੰਦੇ ਹਨ। ਇਹ ਦੋ

ਪ੍ਰਕਾਰ ਦੇ ਹਨ। ਪਹਿਲਾ ਅੱਖਰੀ ਦੌਰ (Syllabic) ਅਤੇ ਦੂਜਾ ਵਰਣਮਾਲਾ ਦੌਰ (Alphabetic)।

ਪਹਿਲੇ ਅੱਖਰੀ-ਦੌਰ ਵਿਚ ਚਿੰਨ੍ਹ ਕਿਸੇ ਅੱਖਰ ਨੂੰ ਵਿਅਕਤ ਕਰਦਾ ਹੈ, ਵਰਣ ਨੂੰ ਨਹੀਂ। ਮਿਸਾਲ ਦੇ ਤੌਰ ਤੇ ਨਾਗਰੀ ਇਕ ਅੱਖਰੀ ਲਿਪੀ ਦੌਰ ਹੈ, ਇਸ ਦੇ 'ਖਾ' ਚਿੰਨ੍ਹ ਵਿਚ ਦੋ ਵਰਣ (ਖ+ਅ) ਮਿੱਲੇ ਹੋਏ ਹਨ ਪਰ ਰੋਮਨ ਲਿੱਪੀ 'ਵਰਣਾਤਮਕ' ਹੈ ਇਸ ਵਿਚ 'A' ਕੇਵਲ (ਅ) ਦਾ ਪ੍ਰਤੀਕ ਹੈ।

ਲਿਪੀ (Script) ਦੇ ਵਰਣਮਾਲਾ (Alphabet) ਵਿੱਚ ਭਾਵੇਂ ਚੋਲੀ ਦਾਮਨ ਦਾ ਸਾਥ ਹੈ ਪਰ ਇਹ ਦੋ ਵੱਖਰੀਆਂ ਵੱਖਰੀਆਂ ਚੀਜ਼ਾਂ ਹਨ। ਵਰਣਮਾਲਾ ਕਿਸੇ ਲਿਪੀ ਦੇ ਵਿਅੰਜਨਾਂ ਦੇ ਸੂਰਾਂ ਦੀ ਲਿਸਟ ਨੂੰ ਆਖਿਆ ਜਾਂਦਾ ਹੈ। ਜਿਸ ਵਿਚ ਉਸ ਬੋਲੀ ਦੀਆਂ ਆਵਾਜ਼ਾਂ ਨੂੰ ਅੱਖਰਾਂ ਰਾਹੀਂ ਦਰਸਾ ਕੇ ਤਰਤੀਬ ਦਿੱਤੀ ਜਾਂਦੀ ਹੈ ਪਰ ਲਿਪੀ ਇਨ੍ਹਾਂ ਅੱਖਰਾਂ ਨੂੰ ਮੇਲ ਕੇ ਲਿਖਣ ਢੰਗ[7] ਦਾ ਨਾਂ ਹੈ। ਅਜਕੱਲ੍ਹ ਇਹ ਦੋਵੇਂ ਸ਼ਬਦ ਸਮਾਨਾਰਥ ਵਾਚੀ ਜਹੇ ਜਾਪਦੇ ਹਨ।

ਅੱਜ ਲਿਪੀਆਂ ਇਸ ਹੱਦ ਤੀਕ ਵਿਭਿੰਨ ਤੇ ਵਿਕਸਤ ਹੋ ਚੁੱਕੀਆਂ ਹਨ ਤੇ ਸਾਰੀ ਦੁਨੀਆਂ ਦੇ ਮਨੁੱਖ ਇਕ ਸਾਂਝੀ-ਲੜੀ ਵਿਚ ਪਰੋਏ ਜਾਣਾ ਚਾਹੁੰਦੇ ਹਨ ਤਾਂ ਲੋੜ ਭਾਸ ਰਹੀ ਹੈ ਕਿ ਸੰਸਾਰ ਦੀ ਇਕ ਸਾਂਝੀ ਲਿਪੀ[8] ਹੋਵੇ।

ਸੰਖੇਪ ਵਿਚ ਅਸੀਂ ਆਖ ਸਕਦੇ ਹਾਂ ਕਿ ਲਿਪੀ ਦਾ ਆਗਾਜ਼ ਚਿੱਤਰ-ਲਿਪੀ ਤੋਂ ਸ਼ੁਰੂ ਹੋ ਕੇ ਅੰਤਿਮ ਦੌਰ ਵਰਣਾਤਮਿਕ ਲਿਪੀ ਤੇ ਆ ਗਿਆ ਹੈ। ਇਸ ਅੰਤਿਮ ਦੌਰ ਵਿਚ ਧੁਨੀਆਂ ਦੀ ਇਕਾਈ, ਵਿਭਿੰਨ ਚਿੰਨ੍ਹ ਆਦਿ ਵਰਤੋਂ ਵਿਚ ਆਉਂਦੇ ਹਨ। ਇਹੋ ਆਦਰਸ਼ਕ ਤੇ ਉੱਤਮ ਲਿਪੀ ਆਖੀ ਜਾ ਸਕਦੀ ਹੈ।

ਲਿੱਖਣ-ਕਲਾ

ਮਨੁੱਖੀ ਖ਼ਿਆਲਾਂ ਦਾ ਲਿਬਾਸ ਬੋਲੀ ਹੈ ਅਤੇ ਬੋਲੀ ਦਾ ਲਿਬਾਸ ਲਿਪੀ ਹੈ। ਇਸ ਲਿਬਾਸ ਨੇ ਹੀ ਭਵਿੱਖ ਦੀਆਂ ਪੀੜ੍ਹੀਆਂ ਲਈ ਉੱਚਾ ਮੁਕਾਮ ਹਾਸਿਲ ਕੀਤਾ। ਮਨੁੱਖ ਦੀ ਤੇਜ਼ਗਤੀ ਨਾਲ ਵੱਧ ਰਹੀ ਬੁੱਧੀ ਲਈ ਰੂਹਾਨੀ ਤਾਕਤ ਅਤੇ ਉੱਨਤੀ ਲਈ ਇਹੋ ਲਿਬਾਸ ਸਹਾਈ ਹੋਇਆ। ਮਨੁੱਖੀ ਖ਼ਿਆਲਾਂ ਨੇ ਵੀ ਵਰਤਨ-ਫੁਵਕਤਨ ਅਜਿਹੀਆਂ ਜੰਮਣ-ਪੀੜ੍ਹਾਂ ਨੂੰ ਹੰਢਾਇਆ ,ਜਿਸ ਦੇ ਫ਼ਲੱਸਰੂਪ ਉਸ ਨੂੰ ਆਪਣਾ ਜੋਬਨ ਦਾ ਜਲੌਅ ਨਸੀਬ ਹੋਇਆ। ਇਸੇ ਸਦਕਾ ਹੀ ਮਨੁੱਖ ਨੇ ਹਜ਼ਾਂਰਾ ਸਾਲਾਂ ਦੇ ਪ੍ਰਯੋਗ ਦੇ ਰੂਬਰੂ ਗਿਆਨ ਸਦਕਾ ਦੁਰਲੱਭ ਅਤੇ ਬੇਸ਼ਕੀਮਤੀ ਵਿਗਿਆਨਕ ਸਿੱਟੇ ਸਾਹਮਣੇ ਆਏ ਹਨ। ਮਨੁੱਖੀ ਵਿਕਾਸ ਦੇ ਪੈਰਾਡਾਇਮ ਤੇ ਬੋਲੀ ਨਾਲੋਂ ਲਿਪੀ ਦੀਆਂ ਪੈੜਾਂ ਹੋਰ ਡੂੰਘੀਆਂ ਹਨ। ਬੋਲੀ ਤੇ ਲਿਪੀ ਆਪਸ ਵਿਚ ਇਸੇ ਤਰ੍ਹਾਂ ਇਕਮਿੱਕ ਹਨ ਜਿਵੇਂ ਦੁੱਧ ਵਿਚ ਕੈਸੀਨ ਮੌਜੂਦ ਹੁੰਦੀ ਹੈ।

ਭਾਸ਼ਾ ਦੀ ਉੱਤਪਤੀ ਦੇ ਬਹੁਤ ਚਿਰ ਪਿਛੋਂ ਹੀ ਲਿਪੀ ਦਾ ਵਿਕਾਸ ਆਰੰਭ ਹੋਇਆ। ਭਾਸ਼ਾ ਦੀ ਵਿਸ਼ੇਸ਼ ਨਿੱਧੀ ਦੁਆਰਾ ਹੀ ਮਨੁੱਖ ਪੀੜ੍ਹੀਆਂ-ਦਰ-ਪੀੜ੍ਹੀਆਂ ਆਪਣੇ ਵਿਚਾਰਾਂ ਤੇ ਵੱਲਵੱਲਿਆਂ ਦੀ ਹੋਂਦ ਬਰਕਰਾਰ ਰੱਖਣ ਦੀਆਂ ਤਰਤੀਬਾਂ ਸੋਚਦਾ

ਰਿਹਾ ਅਤੇ ਮੂੰਹ-ਜ਼ੁਬਾਨੀ ਯਾਦ ਕਰਕੇ ਸਾਹਿਤ ਰਚਦਾ ਰਿਹਾ ਸੀ। ਪੁਰਾਤਨ ਸਮਿਆਂ ਤੋਂ ਮੂੰਹ-ਜ਼ੁਬਾਨੀ ਕਾਵਿ-ਪ੍ਰੰਪਰਾ ਸੰਸਾਰ ਦੀਆਂ ਸਾਰੀਆਂ ਪ੍ਰਾਚੀਨ ਤਹਿਜ਼ੀਬਾਂ ਵਿਚੋਂ ਹੱਥ-ਲਿੱਖਤੀ ਸਾਹਿਤ ਨਾਲੋਂ ਪੁਰਾਣੀ ਹੈ। ਇਸੇ ਲਈ ਰਿਸ਼ੀ-ਮੁੰਨੀ ਵੇਦਾਂ ਨੂੰ 'ਸੁਰਤੀ' ਆਖਦੇ ਸਨ ਕਿਉਂਕਿ ਉਹ ਮੂੰਹ-ਜ਼ੁਬਾਨੀ ਕੰਠ ਕਰਦੇ ਸਨ।

ਸੰਸਾਰ ਦੀਆਂ ਵਿਭਿੰਨ ਕੌਮਾਂ ਵਿਚ ਇਹ ਧਾਰਨਾ ਰਹੀ ਹੈ ਕਿ 'ਲਿਪੀਆਂ' ਦੀ ਘਾੜਤ ਪਰਮਸਤਿ ਜਾਂ ਦੇਵਤਿਆਂ ਨੇ ਕੀਤੀ ਹੈ। ਯਹੂਦੀਆਂ ਦਾ ਵਿਸ਼ਵਾਸ ਹੈ ਕਿ ਉਨ੍ਹਾਂ ਦੀ ਲਿਪੀ ਰੱਬ ਨੇ ਪਹਿਲਾ 'ਮੂਸਾ' ਨੂੰ ਲਿਖਣੀ ਦੱਸੀ। ਮਿਸਰ ਨਿਵਾਸੀ 'ਕੈਡਮਸ' ਦੇਵਤੇ ਤੋਂ, ਹਿੰਦੁਸਤਾਨੀ 'ਬ੍ਰਹਿਮੀ' ਬ੍ਰਹਿਮਾ ਦੀ ਕਿਰਤ ਅਤੇ ਸੰਸਕ੍ਰਿਤ ਨੂੰ 'ਦੇਵ-ਭਾਸ਼ਾ' ਕਹਿਣ ਵਾਲੇ ਲੋਕ 'ਦੇਵਨਾਗਰੀ' ਲਿਪੀ ਮੰਨਦੇ ਹਨ।

'ਲਿਪੀ' ਅਸਲ ਵਿਚ ਮਨੁੱਖ ਦੀ ਹੀ ਕਾਢ ਹੈ ਜੋ ਉੱਤਪਤੀ ਦੀਆਂ ਹਜ਼ਾਰਾਂ ਸਾਲਾਂ ਦੀਆਂ ਮੰਜ਼ਲਾਂ ਪਾਰ ਕਰਕੇ ਅਜੋਕੇ ਸਮੇਂ ਸਾਡੇ ਰੂਬਰੂ ਹੋਈ ਹੈ। ਲਿਪੀ ਦੀਆਂ ਪੈੜਾਂ ਦੀ ਨਿਸ਼ਾਨਦੇਹੀ ਕਰਨੀ ਭਾਵੇਂ ਅਤਿ ਕਠਨ ਹੈ ਪਰ ਜੋ ਕੁੱਝ ਨਿਸ਼ਾਨ ਆਦਿ ਲੱਭੇ ਹਨ, ਉਨ੍ਹਾਂ ਤੋਂ ਕੇਵਲ ਅਨੁਮਾਨ ਹੀ ਲਾਏ ਜਾ ਸਕਦੇ ਹਨ। ਸ਼ੁਰੂ ਵਿਚ ਮਨੁੱਖ ਨੇ ਮਨੁੱਖ ਤੱਕ ਆਪਣੇ ਮਨੋਭਾਵਾਂ, ਮਨੋ-ਕਾਮਨਾਵਾਂ, ਚੀਸਾਂ ਆਦਿ ਦੇ ਸੰਦੇਸ਼ ਕਿਵੇਂ ਭੇਜੇ ਹੋਣਗੇ, ਕਿਹੜੇ ਕਿਹੜੇ ਮਨੁੱਖੀ ਸੂੱਝ ਦੇ ਦਿੱਸਹਦੇ ਪਾਰ ਕੀਤੇ ਹੋਣਗੇ, ਕਿਹੜੀਆਂ ਕਠਨਾਈਆਂ ਨੂੰ ਪਾਰ ਕਰਕੇ ਅਜੋਕ ਮੁਕਾਮ ਹਾਸਿਲ ਕੀਤਾ ਹੋਵੇਗਾ, ਮਨੁੱਖੀ ਮਨ ਨੂੰ ਸੱਚਮੁੱਝ ਅਚਿੰਬਤ ਕਰਦਾ ਹੈ।

ਪ੍ਰਾਚੀਨ ਕਾਲ ਤੋਂ ਭਾਰਤੀਆਂ ਵਿਚ ਲਿੱਖਣ ਦਾ ਸਿਲਸਿਲਾ ਚਲ੍ਹਿਆ ਆਉਂਦਾ ਹੈ। ਪੱਛਮੀ ਵਿਦਵਾਨਾਂ ਦਾ ਮੱਤ ਹੈ ਕਿ ਭਾਰਤੀ ਲੋਕ ਪਹਿਲਾਂ ਲਿਖਣਾ ਨਹੀਂ ਜਾਣਦੇ ਸਨ। ਉਨ੍ਹਾਂ ਦੇ ਵੇਦਾਂ ਆਦਿ ਗ੍ਰੰਥਾਂ ਦਾ ਪੜ੍ਹਨਾ-ਪੜ੍ਹਾਉਣਾ ਕੇਵਲ ਮੌਖਿਕ ਰੂਪ ਵਿਚ ਹੁੰਦਾ ਸੀ ਅਤੇ ਬਾਅਦ ਵਿਚ ਉਨ੍ਹਾਂ ਨੇ ਵਿਦੇਸ਼ੀਆਂ ਕੋਲੋਂ ਲਿੱਖਣਾ ਸਿੱਖਿਆ।

'ਜਾਤਕ-ਕੱਥਾ', ਜੋ ਬੁੱਧ ਭਗਵਾਨ ਦੇ ਜੁਗਾਂ ਜੁਗੰਤਰਾਂ ਦੇ ਜਨਮਾਂ ਦੀਆਂ ਸਾਖੀਆਂ ਹਨ, ਵਿੱਚ ਅੱਖਰ ਲਿਖਣ ਦਾ ਜ਼ਿਕਰ ਕਈ ਵਾਰੀ ਕੀਤਾ ਗਿਆ ਮਿਲਦਾ ਹੈ, ਜਿੱਥੇ ਦੱਸਿਆ ਹੈ ਕਿ ਕਿਸ ਤਰ੍ਹਾਂ ਤਾੜ-ਪੱਤਰ ਪੁਰ ਸਲਾਈ ਨਾਲ ਅੱਖਰ ਉੱਕਰ ਕੇ ਪਿਛੋਂ ਸਿਆਹੀ ਭਰਦੇ ਸਨ। ਸਿੰਕਦਰ-ਆਜ਼ਮ ਦਾ ਸਾਗਰ-ਸੈਨਾਪਤੀ, ਨਿਆਰਕਸ ਲਿਖਦਾ ਹੈ ਕਿ ਹਿੰਦੂਸਤਾਨੀ ਲਿਖਣ ਵਾਸਤੇ ਡਾਢਾ ਗੀਂਢਾ ਬੁਣਿਆ ਹੋਇਆ ਬਰੀਕ ਕੱਪੜਾ (Fine tissue closely woven) ਵਰਤਦੇ ਹਨ।[9]

ਸਰਦਾਰ ਜੀ.ਬੀ.ਸਿੰਘ ਦਾ ਕਹਿਣਾ ਹੈ ਕਿ ਗਰੰਥ ਤਾਂ ਡਾਢੇ ਪੁਰਾਣੇ ਲੱਭਦੇ ਨਹੀਂ,ਪਰ ਸਿਲਾਂ ਉੱਪਰ, ਚਟਾਨਾਂ ਉੱਪਰ, ਥੰਮ੍ਹਾਂ ਉੱਪਰ ਅਤੇ ਤਾਂਬੇ ਜਾਂ ਜਿਸਤ, ਸੋਨੇ ਚਾਂਦੀ ਦੇ ਪੱਤਰਿਆਂ ਉੱਪਰ, ਜਾਂ ਬਾਸਨਾਂ ਤੇ ਉੱਕਰੇ ਲੇਖ ਤੋੜ ਪਿੱਛੇ ਮਹਾਰਾਜਾ ਅਸ਼ੋਕ ਦੇ ਵੇਲੇ ਤਕ, ਜੋ ਬਿਕ੍ਰਮੀ ਸੰਮਤ ਤੋਂ ਵੀ ਦੋ ਸਦੀਆਂ ਪਹਿਲੇ ਹੋਏ ਹਨ। ਸਭ ਤੋਂ ਪੁਰਾਣਾ ਲੇਖ ਜਾਂ ਕੁਤਬਾ ਜੋ ਹਿੰਦੁਸਤਾਨ ਵਿਚ ਮਿਲਿਆ ਹੈ ਉਹ 'ਪਿਪਰਾਵਾਕੋਟ' ਦਾ ਹੈ, ਜਿਸ ਨੂੰ ਕੁੱਝ ਵਿਦਵਾਨ ਭਗਵਾਨ ਬੁੱਧ ਦੇ ਮਹਾਂ ਨਿਰਵਾਣ ਤੋਂ ਥੋੜੇ ਵਰ੍ਹੇ ਪਿੱਛੋਂ ਦਾ ਲਿਖਿਆ[10] ਮੰਨਦੇ ਹਨ।

ਮੈਕਸਮੂਲਰ ਆਖਦਾ ਹੈ ਕਿ ਮੈਂ ਨਿਸ਼ਚੇ ਨਾਲ ਕਹਿੰਦਾ ਹਾਂ ਕਿ ਪਾਣਿਨੀ ਦੀ ਪਰਿਭਾਸ਼ਾ ਵਿਚ ਇਕ ਵੀ ਸ਼ਬਦ ਅਜਿਹਾ ਨਹੀਂ ਜਿਹੜਾ ਇਹ ਸੂਚਿਤ ਕਰੇ ਕਿ ਲਿਖਣ ਦਾ ਰਿਵਾਜ ਪਹਿਲਾਂ ਤੋਂ ਸੀ ਅਤੇ ਉਹ ਪਾਣਿਨੀ ਦਾ ਸਮਾਂ ਈਸਵੀਂ ਸੰਨ ਪੂਰਵ ਦੀ ਚੌਥੀ ਸਦੀ ਮੰਨਦਾ ਹੈ।[11] ਬਰਨੇਲ ਦੇ ਕੱਥਨ ਅਨੁਸਾਰ ਫਿਨੀਸ਼ੀਅਨ ਲੋਕਾਂ ਤੋਂ ਭਾਰਤ ਵਾਸੀਆਂ ਨੇ ਲਿਖਣਾ ਸਿਖਿਆ ਅਤੇ ਫਿਨੀਸ਼ੀਅਨ ਅੱਖਰਾਂ ਦਾ ਜਿਨ੍ਹਾਂ ਤੋਂ ਦੱਖਣੀ, ਅਸ਼ੋਕ ਲਿਪੀ (ਬ੍ਰਾਹਮੀ) ਬਣੀ, ਭਾਰਤੀ ਵਰਸ਼ ਵਿਚ ਈ. ਸੰ. ਪੂਰਵ 500 ਵਰ੍ਹੇ ਤੋਂ ਪਹਿਲਾਂ ਪ੍ਰਵੇਸ਼ ਨਹੀਂ ਹੋਇਆ ਅਤੇ ਸ਼ਾਇਦ ਈਸਵੀ ਸੰਨ ਤੋਂ 400 ਵਰ੍ਹੇ ਪਹਿਲਾਂ ਨਹੀਂ।[12]

ਗੌਰੀ ਸ਼ੰਕਰ ਜੀ ਦਾ ਕਹਿਣਾ ਹੈ ਕਿ ਭੋਜਪੱਤਰ, ਤਾੜਪੱਤਰ ਜਾਂ ਕਾਗਜ਼ ਤੇ ਲਿਖੀਆਂ ਹੋਈਆਂ ਪੁਸਤਕਾਂ ਹਜ਼ਾਰਾਂ ਵਰ੍ਹਿਆਂ ਤੱਕ ਨਹੀਂ ਰਹਿ ਸਕਦੀਆਂ, ਖਾਸ ਕਰ ਭਾਰਤ ਵਰਸ਼ ਦੇ ਜਲਵਾਯੂ ਵਿੱਚ, ਪਰੰਤੂ ਪੱਥਰ ਜਾਂ ਧਾਤ ਉੱਪਰ ਉੱਕਰੇ ਹੋਏ ਅੱਖਰ ਜਨਤ ਪੂਰਵਕ ਰਹਿਣ ਅਤੇ ਹਵਾ ਜਾਂ ਮੀਂਹ ਤੋਂ ਬਚ ਜਾਣ ਤਾਂ ਬੜ੍ਹੀ ਦੇਰ ਸੁਰਖਿਅਤ ਰਹਿ ਸਕਦੇ ਹਨ। ਇਸ ਦੇਸ਼ ਵਿਚ ਜਿਹੜੇ ਪੁਰਾਤਨ ਸ਼ਿਲਾਲੇਖ ਵਧੇਰੀ ਗਿਣਤੀ ਵਿਚ ਮਿਲੇ ਹਨ ਓਹ ਮੌਰੇਯਵੰਸ਼ੀ ਰਾਜਾ ਅਸ਼ੋਕ ਦੇ ਵੇਲੇ ਦੇ, ਅਰਥਾਤ ਈਸਵੀਂ ਸੰਨ ਪੂਰਵ ਦੀ ਤੀਜੀ ਸਦੀ ਦੇ ਹਨ ਅਤੇ ਪੱਥਰਾਂ ਦੇ ਵਿਸ਼ਾਲ ਸਤੂਨਾ ਜਾਂ ਚਟਾਨਾਂ ਤੇ ਉੱਕਰੇ ਹੋਏ ਹਨ। ਇਹ ਹਿਮਾਲਿਆ ਤੋਂ ਮੈਸੂਰ ਤੱਕ ਅਤੇ ਕਾਠੀਆਵਾੜ ਤੋਂ ਉੜੀਸਾ ਤੱਕ ਅਰਥਾਤ ਲਗਭਗ ਸਾਰੇ ਭਾਰਤਵਰਸ਼ ਵਿਚ ਮਿੱਲ ਚੁੱਕੇ ਹਨ।[13] ਸਰਕਾਰੀ ਹੁਕਮਾਂ, ਧਰਮ ਦੇ ਨੇਮਾਂ ਦੇ ਪਤਰਾਂ, ਜਾਤਕ ਦੀਆਂ ਪੁਸਤਕਾਂ ਆਦਿ ਦਾ ਜ਼ਿਕਰ ਤਵਾਰੀਖ ਵਿੱਚ ਆਉਂਦਾ ਹੈ। ਬੂਲਰ ਦਾ ਕਥਨ ਹੈ ਕਿ ਇਹ ਅਨੁਮਾਨ ਨਿਸ਼ਚਿਤ ਹੈ ਵੈਦਿਕ ਸਮੇਂ ਵਿਚ ਵੀ ਲਿਖਿਤ ਪੁਸਤਕਾਂ ਮੌਖਿਕ ਸਿਖਿਆ ਅਤੇ ਦੂਜੇ ਅਵਸਰਾਂ ਤੇ ਸਹਾਇਤਾ ਲਈ ਕੰਮ ਵਿਚ ਲਈਆਂ ਜਾਂਦੀਆਂ [14] ਸਨ।

ਵਿਦਵਾਨ ਰਾਥ ਲਿੱਖਦਾ ਹੈ ਕਿ ਲਿਖਣ ਦਾ ਪ੍ਰਚਾਰ ਭਾਰਤ ਵਰਸ਼ ਵਿਚ ਪ੍ਰਾਚੀਨ ਸਮੇਂ ਤੋਂ ਹੀ ਹੋਣਾ ਚਾਹੀਦਾ ਹੈ ਕਿਉਂਕਿ ਜੇਕਰ ਵੇਦਾਂ ਦੀਆਂ ਲਿਖਿਤ ਪੁਸਤਕਾਂ ਨਾ ਹੁੰਦੀਆਂ ਤਾਂ ਕੋਈ ਪੁਰਖ ਪ੍ਰਾਤੀ-ਸਾਖਯ ਨਾ ਬਣ ਸਕਦਾ।[15] ਭਾਰਤ ਵਿਚ ਆਦਿ ਕਾਲ ਤੋਂ ਕੁਦਰਤ ਨੇ ਤਾੜਪਾਤ੍ਰ ਅਤੇ ਭੋਜਪਤ੍ਰ ਢੇਰ ਮਾਤ੍ਰਾ ਵਿਚ ਪੈਦਾ ਕੀਤੇ ਹਨ। ਸਮਿੱਥ [16] ਅਨੁਸਾਰ ਭਾਰਤਵਾਸੀ ਕਾਗਜ਼ ਬਣਾਉਣ ਦੀ ਵਿੱਧੀ ਪੂਰਵ ਚੌਥੀ ਸਦੀਂ (ਈਸਵੀਂ ਸੰਨ) ਤੋਂ ਪਹਿਲਾਂ ਜਾਣ ਗਏ ਸਨ।

ਚੀਨ ਦਾ ਮਸ਼ਹੂਰ ਯਾਤਰੀ ਹਿਉਤਸਾਂਗ ਭਾਰਤ ਵਿਚੋਂ ਵੀਹ ਘੋੜਿਆ ਤੇ ਪੁਸਤਕਾਂ ਲਦ ਕੇ ਆਪਣੇ ਨਾਲ ਚੀਨ ਲੈ ਗਿਆ ਸੀ। ਇਨ੍ਹਾਂ 657 ਪੁਸਤਕਾਂ ਵਿਚ ਵਿਭਿੰਨ ਪੁਸਤਕਾਂ ਸ਼ਾਮਿਲ ਸਨ। ਇਸ ਤਰ੍ਹਾਂ ਮੱਧ ਭਾਰਤ ਦਾ ਸ੍ਰਮਣ ਪੁਣਉਪਾਯ ਈਸਵੀਂ ਸੰਨ 655 ਵਿੱਚ 1500 [17] ਤੋਂ ਵਧੀਕ ਪੁਸਤਕਾਂ ਚੀਨ ਲੈ ਗਿਆ ਸੀ।

ਪੁਰਾਣੇ ਸਮਿਆਂ ਵਿਚ ਸ਼ਾਹੀ ਅਨਪੜ੍ਹ ਲੋਕ ਲਕੀਰਾਂ ਰਾਹੀਂ ਹਿਸਾਬ ਕਰਦੇ, ਜੋ ਉਸ ਸਮੇਂ ਦੀ ਲਿਪੀ ਹੀ ਸੀ। ਕਈ ਵੇਰਾਂ ਚਿੰਨ੍ਹਾਂ/ ਪ੍ਰਤੀਕਾਂ ਰਾਹੀਂ ਸੰਚਾਰ ਕੀਤਾ ਜਾਂਦਾ

ਸੀ। ਸੰਸਾਰ ਦੇ ਕਈ ਦੇਸ਼ਾਂ ਵਿਚ ਚਿੱਤਰ ਲਿਪੀ ਦੀ ਵਰਤੋਂ ਆਮ ਹੁੰਦੀ ਰਹੀ ਹੈ ਪਰ ਜਦੋਂ ਮਨੁੱਖ ਦੇ ਚਿੰਤਨ ਦੇ ਵਿਕਾਸ ਦਾ ਪ੍ਰਕਾਰਜ ਸ਼ੁਰੂ ਹੋਇਆ ਤਾਂ ਤਸਵੀਰਾਂ ਦੀ ਥਾਂ ਅੱਖਰਾਂ ਨੇ ਲੈ ਲਈ। ਅਸਲੋਂ ਇਹ ਅੱਖਰ ਹੀ ਬਾਅਦ ਵਿਚ ਮਨੁੱਖ ਦੇ ਆਵਾਜ਼ਾਂ ਦੇ ਪ੍ਰਤੀਕ ਹੋ ਨਿਬੜੇ।

ਉੱਪਰ ਦਿੱਤੇ ਵਿਵਰਣ ਤੋਂ ਇਹ ਸਹਿਜੇ ਆਖਿਆ ਜਾ ਸਕਦਾ ਹੈ ਕਿ ਭਾਰਤ ਵਿੱਚ ਲਿੱਖਣ ਦਾ ਰਿਵਾਜ਼ ਬੜਾ ਪੁਰਾਣਾ ਹੈ। ਕਈ ਅੱਖਰਾਂ ਦੀ ਬਨਾਵਟ ਵੱਖ-ਵੱਖ ਖਿਤਿਆਂ ਕਾਰਨ ਭਿੰਨਤਾ ਵੀ ਰੱਖਦੀ ਹੈ ਅਤੇ ਕਈ ਅੱਖਰਾਂ ਦੇ ਰੂਪਾਂ ਵਿੱਚ ਸਮਾਨਤਾ ਪ੍ਰਗਟ ਹੁੰਦੀ ਹੈ।

ਟਿੱਪਣੀਆਂ ਅਤੇ ਹਵਾਲੇ

1. http://www.oxford dictionaries.com/script
   "Middle English (noun) <Latin Scriptum, noun use of neuter past participle of scribere to write ; replacing Middle English Script < old French escrit <Latin,above
2. Hans, H. wellish - The Conversion of Scripts : Its Nature, History and Utilization, New York, 1978, P:3
   " The word orthography means literally the correct kind of writing and is often used synonymously for correct spelling but in the content of writing system it has much wider denotation."
3. " A writing system is a system of rules governing the recording of words and sentence of language".
4. Pike, K.L - Phonemics Technique for Reading Language to writing; University of Michigan Press, 1968, p:208
   "A practical orthography should be phonemics, There should be one to one correspondence between each phoneme and the symbolization of that phoneme".
5. Hans, H. Wellish - opicit, P:14
   "orthography is a set of rules intended to serve the general purpose of unwritten communication for the literate member of language Community."
6. Venezky, Richard - The structure of English orthography, Mouton & Co, Hague, 1970, P:142 "Consideration of a language which an orthography is to reflect must be directed towards the entire language, structure and not just towards to phonology".

7. ਜੋਗਿੰਦਰ ਸਿੰਘ, ਪ੍ਰੋ (ਸੰ) ਗੁਰਮੁੱਖ ਸਿੰਘ (ਡਾ)- ਪੰਜਾਬੀ ਭਾਸ਼ਾ ਗੁਰਮੁੱਖੀ ਲਿਪੀ: ਸੋਮੇ ਤੇ ਵਿਕਾਸ, ਲੁਧਿਆਣਾ, 2009, ਅੰਕ : 214
8. ਗੁਰਦੇਵ ਸਿੰਘ (ਡਾ) - ਗੁਰਮੁਖੀ ਲਿਪੀ ਬਾਰੇ, ਲੁਧਿਆਣਾ, 1985 ਅੰਕ : 15
9. ਜੀ.ਬੀ. ਸਿੰਘ - ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਛਾਪ 2010, ਅੰਕ:16
10. ਜੀ.ਬੀ.ਸਿੰਘ- ਉਹੀ,
11. 'History of Ancient Sanskrit Literature' ਬਾਹਵਾਲਾ 'ਭਾਤਰੀ ਪ੍ਰਾਚੀਨ ਲਿਪੀ ਮਾਲਾ' - ਗੌਰੀ ਸ਼ੰਕਰ ਹੀਰਾ ਚੰਦ 'ਉਝਾ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਛਾਪ 2001, ਅੰਕ:1
12. 'South Indian Paelography' ਬਾਹਵਾਲਾ, ਭਾਰਤੀ ਪ੍ਰਾਚੀਨ ਲਿਪੀ-ਮਾਲਾ, ਪੂਰਵ ਅੰਕਤ.
13. ਗੌਰੀ ਸ਼ੰਕਰ ਹੀਰਾ ਚੰਦ 'ਓਝਾਂ'- ਭਾਰਤੀ ਪ੍ਰਾਚੀਨ ਲਿਪੀ ਮਾਲਾ, ਪੂਰਵ ਅੰਕਤ, ਅੰਕ 19
14. ਪੂਰਵ ਅੰਕਤ,
15. ਪੂਰਵ ਅੰਕਤ,
16. Smith, A.Vieusient - Early History of India, 3rd Edition, p:352
17. ਗੌਰੀ ਸ਼ੰਕਰ ਹੀਰਾ ਚੰਦ 'ਉਝਾਂ' - ਪੂਰਵ ਅੰਕਤ, ਅੰਕ: 20

****

੨
ਪ੍ਰਮੁੱਖ ਲਿਪੀਆਂ

ਲਿਪੀਆਂ ਬਾਰੇ ਇਕ ਪ੍ਰਮਾਣੀਕ ਧਾਰਨਾ ਹੈ ਕਿ ਫਿਨੀਸ਼ੀਅਨ ਲੋਕਾਂ ਨੇ ਹੀ ਸੰਸਾਰ ਵਿਚ ਪੜ੍ਹਨ, ਲਿੱਖਣ ਦਾ ਕੰਮ ਸ਼ੁਰੂ ਕੀਤਾ ਅਤੇ ਸਾਰੀਆਂ ਲਿਪੀਆਂ ਇਨ੍ਹਾਂ ਦੀ ਲਿਖਾਈ ਤੋਂ ਹੀ ਪ੍ਰਚਲਿੱਤ ਹੋਈਆਂ। ਇਸੇ ਲਈ ਫ਼ਿਨੀਸ਼ੀਅਨ ਲੋਕਾਂ ਦਾ ਸਤਿਕਾਰ ਪੂਰੀ ਦੁਨੀਆਂ ਵਿੱਚ ਉਨ੍ਹਾਂ ਵਜੋਂ ਦਿੱਤੀ ਲਿਪੀ ਕਾਰਨ ਹੀ ਹੈ। ਹੁਣ ਅਸੀਂ ਪ੍ਰਮੁੱਖ ਲਿਪੀਆਂ ਬਾਰੇ ਸੰਖੇਪ ਚਰਚਾ ਕਰਨ ਦਾ ਯਤਨ ਕਰਾਂਗੇ।

ਸਾਮੀ ਲਿਪੀ

ਸਾਮੀ ਲਿਪੀ ਦੁਨੀਆਂ ਦੀ ਆਦਿ ਲਿਪੀ ਮੰਨੀ ਜਾਂਦੀ ਹੈ। ਇਸ ਦੇ ਪ੍ਰਮੁੱਖ ਤੌਰ ਤੇ ਦੋ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ: ਉੱਤਰੀ ਸਾਮੀ ਲਿਪੀ ਅਤੇ ਦੱਖਣੀ ਸਾਮੀ ਲਿਪੀ। ਮੂਲ ਸਾਮੀ ਲਿਪੀ 1900 ਪੂਰਵ ਈਸਵੀਂ ਦੇ ਆਸਪਾਸ ਵਰਤੋਂ ਵਿਚ ਆਉਣੀ ਸ਼ੁਰੂ ਹੋ ਚੁੱਕੀ ਸੀ। ਆਮਤੌਰ ਤੇ ਸਾਮੀ ਲਿਪੀ ਦੀਆਂ ਤਿੰਨ ਵੱਡੀਆਂ ਸ਼ਾਖਾ[1] ਮੰਨੀਆਂ ਜਾਂਦੀਆਂ ਹਨ। ਉੱਤਰੀ ਸਾਮੀ ਲਿਪੀ ਚੋਂ ਦੋ ਲਿਪੀਆਂ ਨਿੱਕਲੀਆਂ ਹਨ। ਸੰਸਾਰ ਦੀਆਂ ਬਹੁਤੀਆਂ ਲਿਪੀਆਂ ਇਸੇ ਲਿਪੀ[2] ਵਿਚੋਂ ਹੋਂਦ ਵਿਚ ਆਈਆਂ ਮੰਨੀਆਂ ਜਾਂਦੀਆਂ ਹਨ। ਮੂਲ ਸਾਮੀ ਲਿਪੀ ਦੇ ਕੁੱਲ 22 ਅੱਖਰ ਸਨ। ਬਾਕੀਆਂ ਨੇ ਵੀ ਵਾਧ ਘਾਟ ਕਰਕੇ ਆਪਣੀਆਂ ਵਰਣਮਾਲਾ ਨੂੰ ਸ਼ਰੇਅੰਜਾਮ ਦਿੱਤੀਆਂ। ਕੁੱਝ ਲਿਪੀਆਂ ਦੇ ਅੱਖਰਾਂ ਦਾ ਵੇਰਵਾ[3] ਇਸ ਪਰਕਾਰ ਹੈ:

ਫਿਨੀਸ਼ੀ	–	22
ਇਬਰਾਨੀ	–	22
ਸਾਬੀ	–	22
ਅਰਾਮੀ	–	29
ਅਰਬੀ	–	28
ਯੂਨਾਨੀ	–	29
ਰੋਮਨ	–	23 (15 ਵੀਂ ਸਦੀ ਬਾਅਦ 26 ਹੋਏ)
ਫ਼ਾਰਸੀ	–	35
ਖਰੋਸ਼ਟੀ	–	20
ਬ੍ਰਹਿਮੀ	–	22
ਦੇਵਨਾਗਰੀ	–	42
ਉਰਦੂ	–	36
ਗੁਰਮੁਖੀ	–	35

ਖਰੋਸ਼ਠੀ ਲਿਪੀ

ਖਰੋਸ਼ਠੀ ਲਿਪੀ ਦਾ ਮੂਲ ਈਰਾਨੀ ਹਮਲੇ ਸਮੇਂ (558 ਈ. ਪੂ) ਬੱਝਾ। ਇਹ ਅਰਮਾਈ ਲਿਪੀ ਤੋਂ ਨਿਕਲੀ ਸੀ। ਰਾਜਾ ਅਸ਼ੋਕ ਦੇ ਅਨੇਕ ਲੇਖਾਂ ਵਿਚ ਸ਼ਾਹਬਾਜਗੜ੍ਹੀ ਅਤੇ ਮਾਨਸੇਹਰਾ (ਸੂਬਾ ਸਰਹੱਦ) ਦੀਆਂ ਚਟਾਨਾਂ ਤੇ ਉੱਕਰੇ ਹੋਏ ਲੇਖ ਖਰੋਸ਼ਠੀ ਲਿੱਪੀ ਵਿਚ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਇਹ ਲਿਪੀ ਈਸਵੀਂ ਸੰਨ: ਪੂਰਵ ਦੀ ਤੀਸਰੀ ਸਦੀ ਵਿਚ ਕੇਵਲ ਭਾਰਤਵਰਸ਼ ਦੇ ਉੱਤਰੀ-ਪੱਛਮੀ ਸਰਹੱਦੀ ਪ੍ਰਦੇਸ਼ ਦੇ ਨੇੜੇ ਤੇੜੇ ਅਰਥਾਤ ਪੰਜਾਬ ਦੇ ਗਾਂਧਾਰ ਪ੍ਰਦੇਸ਼ [4] ਵਿਚ ਪ੍ਰਚਲਿਤ ਸੀ। ਇਸ ਲਿਪੀ ਦਾ ਪ੍ਰਚਾਰ ਬਹੁਤ ਕਰਕੇ ਵਿਦੇਸ਼ੀ ਰਾਜਿਆਂ ਦੇ ਸ਼ਿਲਾਲੇਖਾਂ ਅਤੇ ਸਿੱਕਿਆ ਆਦਿ ਵਿੱਚ ਮਿੱਲਦਾ ਹੈ। ਖਰੋਸ਼ਠੀ ਵਿਚ ਲਿਖੇ ਇਹ ਸ਼ਿਲਾਲੇਖ ਪੱਥਰ, ਸੋਨੇ, ਚਾਂਦੀ, ਤਾਂਬੇ ਦੇ ਪਾਤ੍ਰਾਂ, ਚਟਾਨਾਂ, ਸ਼ਿਲਾਂ ਜਾਂ ਮੂਰਤੀ ਦੇ ਆਸ਼ਣਾ ਉੱਤੇ ਉੱਕਰੇ ਮਿਲੇ ਹਨ, ਜੋ ਬੋਧੀ ਸਪੂਤਾਂ ਵਿਚ ਰੱਖੇ ਹੋਏ ਸਨ। ਇਹ ਲਿਪੀ ਫ਼ਾਰਸੀ ਵਾਂਗ ਸੱਜੇ ਪਾਸੇ ਤੋਂ ਖੱਬੇ ਵੱਲ ਲਿਖੀ ਜਾਂਦੀ ਸੀ। ਇਹ ਲਿਪੀ ਸੇਮਿਟਿਕ ਵਰਗਾ ਦੀ ਹੈ। ਇਸ ਦੇ ਯਾਰਾਂ (11) ਅੱਖਰ [5] ਉਕਾਰਨ ਵਾਲੇ ਅਰਮੀਅਕ ਅੱਖਰਾਂ ਨਾਲ ਬਹੁਤ ਮਿੱਲਦੇ ਹਨ।

ਖਰੋਸ਼ਠੀ ਲਿਪੀ ਪੰਜਾਬ ਵਿਚ ਬਦੇਸ਼ੀ ਰਾਜ ਸਮੇਂ ਆਈ ਤੇ ਜਦੋਂ ਬਦੇਸ਼ੀ ਰਾਜ ਮੁਕ ਗਿਆ ਤਾਂ ਇਹ ਵੀ ਖ਼ਤਮ ਹੋ ਗਈ। ਭਾਵੇਂ ਤੁਰਕਿਸਤਾਨ ਆਦਿ ਵਿਚ ਤਕਰੀਬਨ ਦੋ ਸੌ ਸਾਲ ਹੋਰ ਚਲਦੀ ਰਹੀ ਪਰ ਕੋਸ਼ਾਨ ਵੰਸ਼ ਨਾਲ ਹੀ ਪੰਜਾਬ ਵਿਚੋਂ ਇਹ ਨਿਸਤੇਨਾਬੂਦ ਹੋ ਗਈ। ਹਿੰਦੁਸਤਾਨ ਦੀਆਂ ਪ੍ਰਾਚੀਨ ਤਿੰਨ[6] ਮਿੱਤਰ ਲਿਪੀਆਂ ਮੰਨੀਆਂ ਜਾਂਦੀਆਂ ਹਨ। ਸਾਰੇ ਦੇਸ਼ਾਂ ਤੋਂ ਵੱਧ ਪੰਜਾਬ ਨਾਲ ਖਰੋਸ਼ਠੀ ਦਾ ਵਧੇਰੇ ਸੰਬੰਧ ਰਿਹਾ ਹੈ।

ਡਾ. ਔਰਲ ਸਟਾਇਨ ਨੇ ਚੀਨੀ-ਤੁਰਕਿਸਤਾਨ ਆਦਿ ਪ੍ਰਦੇਸ਼ਾਂ ਚੋਂ ਸਖ਼ਤ ਮਿਹਨਤ-ਮਸ਼ਕਤ ਕਰਕੇ ਜੋ ਪ੍ਰਾਚੀਨ ਚੀਜਾਂ ਇੱਕਠੀਆਂ ਕੀਤੀਆਂ ਹਨ, ਉਨ੍ਹਾਂ ਚੋਂ ਇਸ ਲਿਪੀ ਦੀਆਂ ਕਿਤਾਬਾਂ ਅਤੇ ਲੱਕੜੀ ਦੀਆਂ ਤਖ਼ਤੀਆਂ ਆਦਿ ਦਾ ਬਹੁਮੁਲਾ ਸਰਮਾਇਆ ਵੀ ਹੈ। ਮਿਸਟਰ ਰਾਲਿਨਸਨ ਖਰੋਸ਼ਠੀ ਲਿਪੀ ਨੂੰ ਅਰਮਾਈ ਅਸਲੇ ਦੀ ਲਿਪੀ[7] ਸਵੀਕਾਰ ਦਾ ਹੈ।

ਖਰੋਸ਼ਠੀ ਬਿਨਾਸ਼ਕ ਆਰਾਮੀ ਲਿਪੀ ਤੋਂ ਨਿਕਲੀ ਹੈ ਜੋ ਅਸੀਰੀਅਨ ਵੰਸ਼ (Assyrian Dynesty 1180-606 B.C) ਨਾਲ ਸੰਬੰਧਤ ਸੀ ਅਤੇ ਪੱਛਮੀ ਏਸ਼ੀਆ ਵਿਚ ਬੜੇ ਜ਼ੋਰ ਸ਼ੋਰ ਨਾਲ ਚੱਲਦੀ ਸੀ।[8]

ਈਰਾਨੀ ਐਕੀਮੈਨੀਅਨ ਵੰਸ਼ ਦਾ ਚਾਂਦੀ ਦਾ ਸਿੱਕਾ ਮਿਗਲੋਈ ਅਰਥਾਤ ਸ਼ੈਕਲ ਖਰੋਸ਼ਠੀ ਵਿਚ ਉਕਰਿਆ ਮਿਲਦਾ ਹੈ। ਇਸੇ ਤਰ੍ਹਾਂ ਆਰਾਮੀ ਚਿੰਨ੍ਹਾਂ ਵਿਚ ਤਬਦੀਲੀ ਕਰਕੇ ਖਰੋਸ਼ਠੀ ਲਿਪੀ ਵਿਕਸਤ ਕੀਤੀ ਗਈ ਹੈ। ਜਿਥੋਂ ਤੱਕ ਇਸ ਲਿਪੀ ਦੇ ਨਾਮ ਬਾਰੇ ਖੋਜ ਹੋਈ ਹੈ, ਇਸ ਦਾ ਨਿਰਮਾਤਾ ਚੀਨੀ ਇਤਿਹਾਸ ਅਨੁਸਾਰ 'ਖਰੋਸ਼ਠ' ਨਾਮੀ ਆਚਾਰਯ ਹੋਇਆ, ਜਿਸ ਦੇ ਨਾਮ ਤੋਂ ਇਸ ਦਾ ਨਾਮ 'ਖਰੋਸ਼ਠੀ ਲਿਪੀ' ਪਿਆ ਹੋਵੇ। ਬੋਧੀ ਵਿਸ਼ਵਕੋਸ਼ 'ਫਾਯੁਅਨ ਚੁਲਿਨ' ਈਸਵੀਂ ਸੰਨ 668 ਵਿਚ ਬਣਿਆ, ਜਿਸ ਵਿਚ 'ਲਲਿਤ ਵਿਸਤਾਰ' ਅਨੁਸਾਰ 64 ਲਿਪੀਆਂ ਦੇ ਨਾਂ ਦਿੱਤੇ ਹਨ, ਜਿਨ੍ਹਾਂ ਵਿਚੋਂ ਪਹਿਲਾ

ਬ੍ਰਾਹਮੀ ਅਤੇ ਦੂਜਾ ਖਰੋਸ਼ਠੀ ਹੈ। ਖਰੋਸ਼ਟ ਦੇ ਵਿਵਰਣ ਵਿੱਚ ਚੀਨੀ ਭਾਸ਼ਾ ਵਿਚ ਇਸ ਦਾ ਕੋਸ਼ਕ ਅਰਥ 'ਗੱਧੇ ਦਾ ਹੱਠ'[9] ਕੀਤਾ ਗਿਆ ਹੈ।

ਚੀਨੀ ਤੁਰਕਸਤਾਨ ਵਾਲੇ ਇਲਾਕੇ ਵਿਚ ਬਹੁਤੀਆਂ ਖੱਚਰਾਂ, ਊਠਾਂ ਕਾਰਨ 'ਖਰੋਸ਼ਠ ਦੇਸ਼' ਆਖਿਆ ਜਾਂਦਾ ਹੋਵੇ ਪਰ ਪਾਲੀ ਗ੍ਰੰਥਾਂ ਵਿਚ ਨਾਂ 'ਖਰੋਠੀ' ਹੀ ਮਿਲਦਾ ਹੈ।

ਬ੍ਰਾਹਮੀ ਲਿਪੀ

ਬ੍ਰਾਹਮੀ ਲਿਪੀ ਵਿਚੋਂ ਹੀ ਤਕਰੀਬਨ ਸਾਰੀਆਂ ਭਾਰਤੀ ਲਿਪੀਆਂ ਨਿਕਲੀਆਂ ਮੰਨੀਆਂ ਜਾਂਦੀਆਂ ਹਨ। ਇਹ ਭਾਰਤੀ ਲਿਪੀਆਂ ਦੀ 'ਵੱਡੀ ਅੰਮਾਂ' ਮੰਨੀ ਜਾਂਦੀ ਹੈ। ਰਾਜਾ ਅਸ਼ੋਕ ਦੇ ਸਮੇਂ ਦੇ ਲਿੱਖੇ ਸ਼ਿਲਾਲੇਖ ਤੀਜੀ ਸਦੀ ਪੂਰਵ ਈਸਵੀਂ ਦੇ ਮਿੱਲੇ ਹਨ।

ਗੌਰੀ ਸ਼ੰਕਰ ਓਝਾ ਅਨੁਸਾਰ, "ਕੁੱਝ ਵਰ੍ਹੇ ਹੋਏ ਇਸ ਲਿਪੀ ਦੇ ਦੋ ਛੋਟੇ-ਛੋਟੇ ਜਿਸ ਵਿਚੋਂ ਇਕ ਲੇਖ ਪਿਪਰਾਵਾ ਦੇ ਸਤੂਪ ਤੋਂ ਅਤੇ ਦੂਸਰਾ ਬਰਲੀ ਪਿੰਡ 'ਚੋਂ ਮਿਲੇ ਹਨ ਜੋ ਈਸਵੀਂ ਸੰਨ ਪੂਰਵ ਦੀ ਪੰਜਵੀ ਸਦੀ ਦੇ ਹਨ। ਇਨ੍ਹਾਂ ਲੇਖਾਂ ਦੀ ਅਤੇ ਅਸ਼ੋਕ ਦੇ ਲੇਖਾਂ ਦੀ ਲਿਪੀ ਵਿਚ ਕੋਈ ਸਪਸ਼ਟ-ਅੰਤਰ ਨਹੀਂ ਹੈ।[10]

ਬ੍ਰਾਹਮੀ ਦੇ ਮੂਲ ਬਾਰੇ ਪੱਛਮੀ ਵਿਦਵਾਨਾਂ ਦੇ ਵੱਖ-ਵੱਖ ਵੀਚਾਰ ਹਨ। ਡਾਕਟਰ ਆਫ਼ਰੇਡ ਮੂਲਰ ਦਾ ਕਹਿਣਾ ਹੈ ਕਿ ਸਿਕੰਦਰ ਦੇ ਸਮੇਂ ਜੋ ਯੂਨਾਨੀ ਹਿੰਦੁਸਤਾਨ ਆਏ ਸਨ, ਉਨ੍ਹਾਂ ਨੇ ਇਥੋਂ ਦੇ ਵਾਸੀਆਂ ਨੂੰ 'ਅੱਖਰ' ਸਿਖਾਏ ਸਨ। ਮਿਸਟਰ ਸੇਨਾਰਟ ਅਤੇ ਪ੍ਰਿਨਸੇਪ ਵੀ ਯੂਨਾਨੀ ਲਿਪੀ ਤੋਂ ਬ੍ਰਾਹਮੀ ਲਿਪੀ ਬਣਨ ਦੇ ਸੰਕੇਤ ਦਿੱਤੇ ਹਨ। ਵਿਲਸਨ ਯੂਨਾਨੀ ਜਾਂ ਫਿਨੀਸ਼ੀਅਨ ਲਿਪੀ ਤੋਂ ਬ੍ਰਾਹਮੀ ਦਾ ਨਿਕਾਸ ਮੰਨਦਾ ਹੈ। ਮਿਸਟਰ ਹੈਲਵੇ ਤਾਂ ਬ੍ਰਾਹਮੀ ਦਾ ਨਿਕਾਸ ਮੰਨਦਾ ਹੈ। ਮਿਸਟਰ ਹੈਲਵੇ ਤਾਂ ਬ੍ਰਾਹਮੀ ਨੂੰ ਇਕ ਮਿਸ਼ਰਿਤ ਲਿਪੀ ਦੀ ਸੰਗਿਆਂ ਦੇਦਾਂ ਹੈ।

ਮਿਸਟਰ ਕਸ਼ਟ ਦਾ ਵਿਚਾਰ ਹੈ ਕਿ ਫ਼ਿਨਸ਼ੀਅਨ ਲੋਕ ਈਸਵੀਂ ਸੰਨ ਪੂਰਵ ਦੀ ਅਠਵੀਂ ਸਦੀ ਵਿਚ ਲਿਖਣਾ ਜਾਣਦੇ ਸਨ, ਇਸ ਲਈ ਬ੍ਰਾਹਮੀ ਲਿਪੀ ਵੀ ਫ਼ਿਨਸ਼ੀਅਨ ਲਿਪੀ ਤੋਂ ਬਣੀ ਹੋਵੇਗੀ। ਸਟੀਵਨਸਨ ਦੀ ਧਾਰਨਾ ਹੈ ਕਿ ਬ੍ਰਾਹਮੀ ਲਿਪੀ ਜਾਂ ਤਾਂ ਫ਼ਿਨੀਸ਼ੀਅਨ ਲਿਪੀ ਜਾਂ ਮਿਸਰ ਦੇ ਅੱਖਰਾਂ ਤੋਂ ਬਣੀ ਹੋਵੇ! ਵਿਦਵਾਨ ਬਰਨੇਲ ਦਾ ਮੱਤ ਹੈ ਕਿ ਫਿਨੀਸ਼ੀਅਨ ਤੋਂ ਨਿਕਲੇ ਆਰਮੀਕ ਅੱਖਰਾਂ ਤੋਂ ਬ੍ਰਾਹਮੀ ਅੱਖਰ ਬਣੇ। ਮਿਸਟਰ ਲੇਨੋਰਮੰਟ ਲਿੱਖਦਾ ਹੈ ਕਿ ਫ਼ਿਨੀਸ਼ੀਅਨ ਅੱਖਰਾਂ ਤੋਂ ਅਰਬ ਦੇ ਹਿਮਿਅਰੇਟਿਕ ਅੱਖਰ ਬਣੇ ਅਤੇ ਉਨ੍ਹਾ ਤੋਂ ਬ੍ਰਾਹਮੀ। ਡੀਕ ਦਾ ਮੱਤ ਹੈ ਬ੍ਰਾਹਮੀ ਲਿਪੀ ਅਸੀਰੀਆ ਦੀ ਕਊਨੀਫਾਰਮ ਲਿਪੀ ਤੋਂ ਬਣੀ ਹੈ। ਆਈਜ਼ਕ ਟੇਲਿਰ ਦਾ ਕਹਿਣਾ ਹੈ ਕਿ ਬ੍ਰਾਹਮੀ ਲਿਪੀ ਕਿਸੇ ਅਗਿਆਤ ਦੱਖਣੀ ਸੇਮਿਟਿਕ ਲਿਪੀ ਤੋਂ ਨਿਕਲੀ ਹੈ। ਐਡਵਰਡ ਕਲੋਡ ਲਿੱਖਦਾ ਹੈ ਕਿ ਫਿਨੀਸ਼ੀਅਨ ਤੋਂ ਸੇਬੀਅਨ ਲਿਪੀ ਨਿਕਲੀ, ਜਿਸ ਚੋਂ ਬ੍ਰਾਹਮੀ।

ਸੰਸਾਰ ਦੇ ਪ੍ਰਮੁੱਖ ਵਿਦਵਾਨਾਂ ਜਿਨ੍ਹਾਂ ਵਿਚ ਲੈਸਨ ਅਤੇ ਐਡਵਰਡ ਥੋਮਸ 'ਬ੍ਰਾਹਮੀ' ਨੂੰ ਦੱਖਣ ਦੇ ਦਰਾਵੜਾਂ ਦੀ ਕਾਢ ਦੱਸਦੇ ਹਨ। ਸਰ ਅਲੈਗਜ਼ੈਡਰ ਕਨਿਘੰਮ, ਡਉਸਨ ਆਦਿ ਇਸ ਨੂੰ ਦੇਸੀ ਚਿੱਤਰ-ਲਿਪੀ ਤੋਂ ਨਿਕਲੀ ਦਸਦੇ ਹਨ। ਇਸੇ ਤਰ੍ਹਾਂ

ਪ੍ਰਿਸੇਪ, ਉਟਫਰੀਡ ਮੀਉਲਰ ਤੇ ਸਿਨਾਰਟ ਆਦਿ ਯੂਨਾਨੀ ਲਿਪੀ ਵਿਚੋਂ ਇੱਕਲੀ ਦੱਸਦੇ ਹਨ।

ਡੀਕੀ ਅਤੇ ਟਾਲਿਰ ਤਾਂ ਦੱਖਣੀ ਸਾਮੀ ਨੂੰ ਬ੍ਰਾਹਮੀ ਦਾ ਸੋਮਾ ਦਸਦੇ ਹਨ ਜਦਕਿ ਟੈਬਰ ਤੇ ਬੀਉਬਲਰ ਉੱਤਰੀ ਸਾਮੀ ਲਿਪੀ (ਫ਼ਿਨਕੀ) ਨੂੰ ਬ੍ਰਾਹਮੀ ਦਾ ਜਨਮਦਾਤਾ ਆਖਦੇ ਹਨ। ਪ੍ਰਸਿੱਧ ਲਿਪੀ ਵਿਗਿਆਨੀ ਬੂਲਰ ਲਿੱਖਦਾ ਹੈ ਕਿ ਪੰਜਵੀਂ ਸਦੀ ਪੂਰਵ ਈਸਵੀ ਦੇ ਆਸਪਾਸ ਜਾਂ ਉਸ ਤੋਂ ਪਹਿਲਾਂ ਬ੍ਰਾਹਮੀ ਲਿਪੀ ਦਾ ਬੜੀ ਮਿਹਨਤ ਨਾਲ ਉਸਾਰੀ ਕਰਨ ਦਾ ਕੰਮ ਖ਼ਤਮ ਹੋ ਚੁੱਕਾ ਸੀ ਤੇ ਭਾਰਤ ਵਿਚ ਸੈਮਿਟਿਕ ਲਿਪੀਆਂ ਦੇ ਪ੍ਰਵੇਸ਼ ਦਾ ਸਮਾਂ ਅੱਠਵੀਂ ਸਦੀ ਪੂਰਵ ਈਸਵੀਂ [11] ਦੇ ਲਾਗੇ ਚਾਗੇ ਮੰਨਿਆ ਜਾ ਸਕਦਾ ਹੈ।

ਬ੍ਰਾਹਮੀ ਲਿਪੀ ਦੇ ਵਿਕਾਸ ਸੰਬੰਧੀ ਇਕ 'ਸਾਰਣੀ' [12] ਰਾਹੀਂ ਸਪਸ਼ਟ ਕੀਤਾ ਜਾ ਸਕਦਾ ਹੈ। ਇਹ ਸਾਰਣੀ ਭਾਰਤੀ ਪ੍ਰਾਚੀਨ ਲਿਪੀ ਮਾਲਾ ਅਨੁਸਾਰ ਹੀ ਰੂਪਮਾਨ ਹੋਈ ਹੈ। ਬੋਧੀ ਵਿਸ਼ਵਕੋਸ਼ ਵਿਚ ਜਿਨ੍ਹਾਂ 64 ਲਿਪੀਆਂ ਦਾ ਜ਼ਿਕਰ ਆਇਆ ਹੈ ਉਸ ਵਿਚ 'ਬ੍ਰਾਹਮੀ' ਪਹਿਲੇ ਨੰਬਰ ਤੇ ਆਉਂਦੀ ਹੈ। ਪੰਡਤ ਗੋਰੀ ਸ਼ੰਕਰ ਓਝਾ ਲਿੱਖਦੇ ਹਨ ਕਿ ਲਿੱਖਣ ਦੀ ਕਲਾ ਦਾ ਸੋਧ ਤਿੰਨ ਦੈਵੀ ਸ਼ਕਤੀ ਵਾਲੇ ਆਚਾਰਿਆ ਨੇ ਕੀਤਾ, ਜਿੰਨ੍ਹਾਂ ਵਿਚੋਂ ਸਾਰਿਆਂ ਤੋਂ ਪ੍ਰਸਿੱਧ ਬ੍ਰਹਮਾ ਹੈ, ਜਿਸ ਦੀ ਲਿਪੀ (ਬ੍ਰਾਹਮੀ) ਖੱਬੇ ਤੋਂ ਸੱਜੇ ਵੱਲ ਪੜ੍ਹੀ ਜਾਂਦੀ ਹੈ। ... ਬ੍ਰਹਮਾ ਅਤੇ ਖਰੋਸ਼ਠ ਨੇ ਆਪਣੀਆਂ ਲਿਪੀਆਂ ਦੇਵ ਲੋਕ ਤੋਂ ਪ੍ਰਾਪਤ ਕੀਤੀਆਂ। [13]

ਡਾਕਟਰ ਹੰਟਰ ਬ੍ਰਹਿਮੀ ਦੇ ਅੱਖਰਾਂ ਦੀ ਹੋਂਦ ਹੜੱਪਾ ਤੇ ਮੋਹਿਜੋ ਦੋੜ [14] ਤੋਂ ਲੱਭਦਾ ਹੈ। ਬ੍ਰਹਿਮੀ ਲਿਪੀ ਅਸਲ ਵਿਚ ਭਾਰਤਵਰਸ਼ ਦੀ ਜੰਮਪਲ ਹੈ ਅਤੇ ਇਸ ਦਾ ਸੰਬੰਧ ਇਸ ਤੋਂ ਪਹਿਲਾਂ ਦੀ ਪ੍ਰਾਚੀਨ ਲਿਪੀ ਨਾਲ ਹੈ, ਜੋ ਹਿੰਦੂਸਤਾਨੀਆਂ ਦੀ ਆਜ਼ਾਦ ਕਾਢ ਆਖੀ ਜਾ ਸਕਦੀ ਹੈ। ਇਸੇ ਮੱਤ ਦੀ ਪ੍ਰੋੜਤਾ ਪ੍ਰੋ. ਡਉਸਨ, ਐਡਵਰਡ ਥਾਮਸ, ਜਨਰਲ ਕਨਿੰਘਮ ਤੇ ਪੰਡਤ ਗੌਰੀ ਸ਼ੰਕਰ ਹੀਰਾ ਚੰਦ ਓਝਾ ਆਦਿ ਵਿਦਵਾਨਾਂ ਨੇ ਕੀਤੀ ਹੈ। ਮਨੁੱਖੀ ਭਾਸ਼ਾ ਜਿਵੇਂ ਵਿਭਿੰਨ ਦੇਸ਼ਾਂ ਵਿਚ ਆਪਣਾ ਰੂਪ ਵਟਾਉਦੀਂ ਗਈ, ਠੀਕ ਇਸੇ ਤਬ੍ਹਾਂ ਲਿਪੀ ਵੀ ਕਈ ਰੂਪਾਂ ਵਿਚ ਪ੍ਰਗਟ ਹੋਗਈ। ਵੱਖ-ਵੱਖ ਦੇਸ਼ਾਂ ਵਿੱਚ ਇਸ ਦੀ ਉੱਨਤੀ ਹੁੰਦੀ ਗਈ ਅਤੇ ਕਈ ਲਿਪੀਆਂ ਹੋਂਦ ਵਿਚ ਆ ਗਈਆਂ। ਪ੍ਰਾਚੀਨ ਮੱਧ ਕਾਲੀਨ ਤੇ ਅਰਵਾਚੀਨ ਸਾਹਿਤ ਨੂੰ ਹਰ ਦੇਸ਼ ਨੇ ਆਪਣੀ ਆਪਣੀ ਲਿਪੀ ਵਿਚ ਕਲਮ-ਬੱਧ [15] ਕਰ ਲਿਆ ਹੈ। ਸਰਸਵਤੀ ਨਦੀ ਦੇ ਕਿਨਾਰੇ ਤੇ ਆਬਾਦ ਆਰੀਆਂ ਲੋਕਾਂ ਨੇ ਬ੍ਰਾਹਮੀ ਲਿਪੀ ਦੀ ਉੱਨਤੀ ਲਈ ਸਿਰਤੋੜ ਮਿਹਨਤ-ਮਸ਼ਕੱਤ ਕੀਤੀ। ਇਹੋ ਲਿਪੀ ਉਜੈਨ ਤੱਕ ਪ੍ਰਚਲਿੱਤ ਸੀ।

ਪੰਡਤ ਗੌਰੀ ਸ਼ੰਕਰ ਦਾ ਸਾਰ ਹੈ ਕਿ ਬ੍ਰਾਹਮੀ ਲਿਪੀ ਦੇ ਅੱਖਰ ਨਾ ਤਾਂ ਫ਼ਿਨੀਸ਼ੀਅਨ ਜਾਂ ਕਿਸੇ ਦੂਸਰੀ ਲਿਪੀ ਦੇਂ ਨਿਕਲੇ ਹਨ ਅਤੇ ਨਾ ਉਹਦੇ ਖੱਬੇ ਪਾਸੇ ਤੋਂ ਸੱਜੇ ਪਾਸੇ ਵੱਲ ਲਿਖਣ ਦੀ ਪ੍ਰਣਾਲੀ ਕਿਸੇ ਹੋਰ ਲਿਪੀ ਤੋਂ ਬਦਲ ਕੇ ਬਣਾਈ ਗਈ ਹੈ। ਇਹ ਭਾਰਤਵਰਸ਼ ਦੇ ਆਰਯਾ ਦੀ ਆਪਣੀ ਖੋਜ ਤੋਂ ਉੱਤਪੰਨ ਹੋਇਆ ਮੌਲਿਕ ਅਵਿਸ਼ਕਾਰ ਹੈ। ਇਹ ਦੀ ਪ੍ਰਾਚੀਨਤਾ ਅਤੇ ਸਰਵੰਗੀ ਸੁੰਦਰਤਾ ਤੋਂ ਭਾਵੇਂ ਇਹਦਾ ਕਰਤਾ ਬ੍ਰਹਮਾ

ਦੇਵਤੇ ਨੂੰ ਮੰਨ ਕੇ ਇਹਦਾ ਨਾਂ ਬ੍ਰਾਹਮੀ ਪਿਆ, ਭਾਵੇਂ ਸਾਕਵਸਰ ਸਮਾਜ ਬ੍ਰਾਹਮਣਾਂ ਦੀ ਲਿਪੀ ਹੋਣ ਤੇ ਇਹ ਬ੍ਰਾਹਮੀ ਕਹੀ ਗਈ ਹੋਵੇ ਪਰ ਇਸ ਵਿਚ ਸ਼ਕ ਨਹੀਂ ਕਿ ਇਹ ਦਾ ਫ਼ਿਨੀਸ਼ੀਅਨ ਨਾਲ ਕੁੱਝ ਵੀ ਸੰਬੰਧ ਨਹੀਂ।[16]

ਸੰਖੇਪ ਵਿਚ ਅਸੀਂ ਆਖ ਸਕਦੇ ਹਾਂ ਕਿ 'ਬ੍ਰਾਹਮੀ ਲਿਪੀ ਦੀ ਜਨਮ ਭੂਮੀ ਭਾਰਤ ਹੈ ਜਿਸ ਦਾ ਸੰਬੰਧ ਕਿਸੇ ਪ੍ਰਾਚੀਨ ਲਿਪੀ ਨਾਲ ਜਾ ਜੁੜਦਾ ਹੈ। ਸਿੰਧੂ-ਘਾਟੀ ਦੀ ਚਿੱਤਰ-ਲਿਪੀ ਦੀ ਵਰਨਿਕ ਲਿਪੀ ਬ੍ਰਾਹਮੀ ਸੀ ਤੇ ਬ੍ਰਾਹਮੀ ਦੇ ਤਿੰਨ ਵਿਕਸਿਤ ਸਰੂਪਾਂ ਸ਼ਾਰਦਾ, ਨਾਗਰੀ ਤੇ ਸਿਧ-ਮਾਤਰਿਕਾ ਦਾ ਮਿਸ਼ਰਣ ਅਰਧ-ਨਾਗਰੀ ਸੀ ਤੇ ਇਹੋ ਅਰਧ-ਨਾਗਰੀ ਗੁਰਮੁੱਖੀ ਲਿਪੀ ਆਖੀ ਜਾਂਦੀ ਹੈ।

ਦੇਵ ਨਾਗਰੀ

ਭਾਰਤ ਦੇਸ਼ ਵਿਚ ਸਾਰੀਆਂ ਲਿਪੀਆਂ ਤੋਂ ਵੱਧ ਪ੍ਰਚਾਰ ਤੇ ਪਾਸਾਰ 'ਨਾਗਰੀ' ਲਿਪੀ ਦਾ ਹੀ ਮੰਨਿਆ ਜਾਂਦਾ ਹੈ। ਈਸਵੀਂ ਸਦੀ ਦੀ ਦਸਵੀਂ ਸਦੀ ਤੋਂ ਅਜੋਕੇ ਸਮੇਂ ਤੱਕ ਇਸ ਲਿਪੀ ਦਾ ਬੋਲਬਾਲਾ ਗੁਜਰਾਤ, ਰਾਜਪੂਤਾਨਾ, ਕਾਠੀਆਵਾੜ, ਕਛੋ, ਮੱਧ ਭਾਰਤ, ਯੁਕਤ ਪ੍ਰਵੇਸ਼, ਮੱਧ ਪ੍ਰਦੇਸ਼ ਆਦਿ ਵਿਚ ਰਿਹਾ। ਕਈ ਵਿਦਵਾਨਾਂ ਦੀ ਯਕਦੰਮ ਗਵਾਹੀ ਹੈ ਕਿ ਕੁੱਝ ਸੰਕੇਤ ਬਣਾ ਕੇ ਤਿਕੋਣਾ ਦੇ ਚੱਕਰਾਂ ਵਿਚ ਲਿੱਖੇ ਜਾਂਦੇ ਸਨ ਜਿਨ੍ਹਾਂ ਨੂੰ 'ਦੇਵਨਗਰ' ਆਖਿਆ ਜਾਂਦਾ ਸੀ। ਦੇਵਨਗਰ ਕਾਸ਼ੀ ਦਾ ਨਾਂ ਵੀ ਹੈ ਜੋ ਜੁਗ-ਜੁਗਤਰਾਂ ਤੋਂ ਵਿਦਿਆ ਦਾ ਕੇਂਦਰੀ ਸਥਾਨ ਰਿਹਾ ਹੈ ਪਰ ਦੇਵਨਾਗਰੀ ਨਾਲੋਂ ਨਾਗਰੀ ਨਾਂ ਪੁਰਾਣਾ ਹੈ। 'ਦੇਵ' ਉਸ ਦੇ ਆਦਿ ਵਿਚ ਤਾਂ ਜੋੜਿਆ ਗਿਆ ਹੈ ਕਿ ਦੇਵਭਾਸ਼ਾ ਸੰਸਕ੍ਰਿਤ ਵਿਚ ਇਸ ਦਾ ਪ੍ਰਯੋਗ ਹੁੰਦਾ ਰਿਹਾ ਹੈ। ਬਹੁਤਿਆਂ ਨਗਰਾਂ ਵਿਚ ਪ੍ਰਚਿਲਤ ਹੋਣ ਕਾਰਨ ਇਹ ਨਾਗਰੀ ਅਖਵਾਈ ਹੋਵੇ।

ਇਕ ਹੋਰ ਵਿਦਵਾਨ[17] ਦਾ ਵਿਚਾਰ ਹੈ ਕਿ ਗੰਗ-ਜਮਨ ਦੁਆਬ ਵਿਚ ਵਸੇ ਆਰੀਆ ਲੋਕ ਪੰਜਾਬ ਦੇ ਵਸਨੀਕ ਆਰੀਆ ਨਾਲ ਘ੍ਰਿਣਾ ਕਰਨ ਲੱਗ ਪਏ। ਉਜੈਨ ਵਿਚ ਵਸੇ ਨਾਗਰ ਬ੍ਰਾਹਮਣ ਇਸ ਬ੍ਰਾਹਮੀ ਦਾ ਹੀ ਉਪਯੋਗ ਕਰਦੇ ਸਨ, ਇਸ ਕਾਰਨ ਇਥੇ ਬ੍ਰਾਹਮੀ ਦਾ ਨਾਮ '<u>ਨਾਗਰੀ</u>' ਮਸ਼ਹੂਰ ਹੋ ਗਿਆ ਚੂੰ ਕਿ ਇਸ ਲਿਪੀ ਵਿਚ ਦੇਵ-ਬਾਣੀ ਵੈਦਿਕ ਸਾਹਿਤ ਲਿਖਿਆ ਗਿਆ ਸੀ। ਇਹ ਵੀ ਹੋ ਸਕਦਾ ਹੈ ਕਿ ਦੇਵਤਿਆਂ ਦੀਆਂ ਮੂਰਤੀਆਂ ਤੋਂ ਇਹ ਅੱਖਰ ਘੜੇ ਗਏ ਸਨ, ਇਸ ਲਈ ਇਸ ਨੂੰ ਦੇਵ-ਲਿਪੀ ਕਿਹਾ ਗਿਆ ਹੋਵੇ ਤੇ ਮਗਰੋਂ '<u>ਦੇਵ-ਨਾਗਰੀ</u>' ਨਾਮ ਪ੍ਰਾਪਤ ਹੋਇਆ ਹੋਵੇ। ਸਰਦਾਰ ਜੀ.ਬੀ.ਸਿੰਘ[18] 'ਨਾਗਰੀ' ਦੀ ਹੋਂਦ ਬਾਰੇ ਲਿੱਖਦੇ ਹਨ ਕਿ ਆਰੀਆਂ ਦੇ ਆਉਣ ਤੋਂ ਪਹਿਲਾ ਪੰਜਾਬ ਵਿਚ ਤਕਸ਼ ਜਾਂ ਨਾਗ ਕੌਮ ਦੇ ਲੋਕ ਆਬਾਦ ਸਨ। ਕਸ਼ਮੀਰ ਵਿਚ 'ਕਰਕੋਟਕ' ਨਾਂ ਦੇ ਰਾਜ ਘਰਾਣੇ ਨੇ ਤਿੰਨ ਸੌ ਵਰ੍ਹੇ ਤੋਂ ਉੱਪਰ ਰਾਜ ਕੀਤਾ ਹੈ। ਇਹ ਨਾਗ ਕੌਮ ਦੇ ਸਨ ਅਤੇ ਇਨ੍ਹਾਂ ਨੂੰ ਹੋਇਆ ਥੋੜ੍ਹੀਆਂ ਸਦੀਆਂ ਹੀ ਬੀਤੀਆਂ ਹਨ- ਮਸਾਂ ਹਜ਼ਾਰ ਖੰਡ ਵਰ੍ਹਾ। ਪੰਜਾਬ ਦੇ ਪਹਾੜੀ ਇਲਾਕੇ ਵਿਚ ਛੰਬਾਂ ਦੇ ਨੇੜੇ ਤੇੜੇ ਦੇ ਦੇਸ਼ ਵਿੱਚ ਅੱਤ ਮੈਨ-ਦੁਆਬ ਵਿੱਚ 'ਨਾਗ' ਕਹਿਲਾਣ ਵਾਲੇ ਲੱਖਾਂ ਲੋਕ ਇਸ ਗੱਲ ਦਾ ਸਬੂਤ ਹਨ।

ਬਹੁਤ ਸਾਰੇ ਸਿਲਾਲੇਖਾਂ ਅਤੇ ਦਾਨਪੱਤਰਾਂ ਵਿਚ ਨਾਗਰੀ ਲਿਪੀ ਨੂੰ 'ਨੰਦੀ

ਨਾਗਰੀ' [19] ਕਿਹਾ ਗਿਆ ਹੈ ਅਤੇ ਹੁਣ ਤਕ ਦੱਖਣ ਵਿਚ ਸੰਸਕ੍ਰਿਤ ਪੁਸਤਕਾਂ ਉਸ ਵਿਚ ਲਿਖੀਆਂ ਜਾਂਦੀਆਂ ਹਨ। ਉੱਤਰੀ ਭਾਰਤ ਵਿਚ ਨਾਗਰੀ ਦਾ ਪ੍ਰਯੋਗ ਈਸਵੀ ਸਦੀ ਦਸਵੀਂ ਸਦੀ ਦੇ ਆਰੰਭ ਦੇ ਨੇੜੇ ਨੂੰ ਮਿਲਦਾ ਹੈ। ਪਰੰਤੂ ਗੌਰੀ ਸ਼ੰਕਰ ਨੇ ਵਿਭਿੰਨ ਤਾਮਰ ਪੱਤਰਾਂ ਅਤੇ ਸ਼ਿਲਾਲੇਖਾਂ ਦੇ ਅਧਿਐਨ ਮਗਰੋਂ ਇਹ ਸਪਸ਼ਟ ਕਰਦੇ ਹਨ ਕਿ ਅੱਡ ਅੱਡ ਵਿਅਕਤੀਆਂ ਦੇ ਹੱਥ ਦੇ ਲਿਖੇ ਹੋਏ ਹੋਣ ਕਾਰਨ ਲੇਖਣ ਸ਼ੈਲੀ ਕੁੱਝ ਕੁੱਝ ਵੱਖਰੀ ਹੈ ਪਰ ਉਹਨਾਂ ਦੀ ਲਿਪੀ ਨੂੰ ਨਾਗਰੀ ਕਹਿਣ ਵਿਚ ਕੋਈ ਸੰਕੋਚ ਨਹੀਂ ਹੈ। ਇੰਝ ਨਾਗਰੀ ਲਿਪੀ ਈਸਵੀਂ ਸੰਨ ਦੀ ੮ਵੀਂ ਸਦੀ[20] ਦੇ ਪਿੱਛਲੇ ਅੱਧ ਤੋਂ ਵਿਸਤਾਰ ਪੂਰਵਕ ਲਿਖੀ ਮਿਲਦੀ ਹੈ।

ਦੇਵਨਾਗਰੀ ਅੰਕਾਂ ਦਾ ਅੱਜ ਦਾ ਰੂਪ -१ २ ३ ४ ५ ६ ७ ८ ९ १० ਦਸਵੀਂ ਸਦੀ ਤੱਕ ਸਾਫ਼ ਹੋ ਗਿਆ ਸੀ। ਗਿਆਰਵੀਂ ਸਦੀਂ ਤੱਕ ਦੇਵਨਾਗਰੀ ਦਾ ਇਹ ਰੂਪ ਪੱਕਾ ਹੋ ਗਿਆ ਸੀ ਜਿਹੜਾ ਅਜਕਲ੍ਹ ਪ੍ਰਚਿੱਲਤ ਹੈ। ਕਿਧਰੇ ਪੰਦਰਵੀਂ ਸੋਲਵੀਂ ਸਦੀ[21] ਤੱਕ ਨਵੇਂ ਰੂਪ ਹੋਂਦ ਵਿੱਚ ਆਏ।..... ਸਤਾਰਵੀਂ ਸਦੀਂ ਤੱਕ ਲਿਪੀ ਹੋਰ ਸੁੰਦਰ ਤੇ ਸਾਫ਼ ਹੋ ਗਈ ਸੀ।

ਸ਼ਾਰਦਾ ਲਿਪੀ

ਬ੍ਰਾਹਮੀ ਲਿਪੀ ਜਿਹੜੀ ਸਰਸਵਤੀ ਨਦੀ ਤੋਂ ਲੈ ਕੇ ਪੰਜਾਬ ਸਿੰਧ ਤੱਕ ਚਾਲੂ ਸੀ, ਉਸ ਦਾ ਨਾਮਕਰਨ ਸਰਸਵਤੀ ਨਾਮ ਦੇ ਆਧਾਰ ਉੱਪਰ 'ਸ਼ਾਰਦਾ' ਰੱਖਿਆ ਗਿਆ ਮੰਨਿਆ ਜਾਂਦਾ ਹੈ। ਪੰਜਾਬ ਤੋਂ ਇਲਾਵਾ ਕਸ਼ਮੀਰ ਦੇ ਇਲਾਕੇ ਵਿਚ ਵੀ ਸ਼ਾਰਦਾ ਲਿਪੀ ਪ੍ਰਚਲਿੱਤ ਰਹੀ ਹੈ। ਜੋਗੀ ਤੇ ਨਾਥ ਜਿਨ੍ਹਾਂ ਨੂੰ ਸਿੱਧ ਦੀ ਸੰਗਿਆਂ ਦਿੱਤੀ ਜਾਂਦੀ ਹੈ, ਕਸ਼ਮੀਰ ਦੇ ਪਹਾੜੀ ਖਿੱਤੇ ਵਿਚ ਪੁਰਾਣੇ ਸਮੇਂ ਤੋਂ ਨਿਵਾਸ ਰੱਖਦੇ ਸਨ ਅਤੇ ਹਿੰਦੁਸਤਾਨ ਦੇ ਹਰ ਸ਼ਹਿਰ ਆਦਿ ਵੱਲ ਆਪਣੀਆਂ ਯਾਤਰਾਵਾਂ ਵੀ ਕਰਦੇ ਸਨ। ਇਹ ਸਿੱਧ ਜਿਸ ਲਿਪੀ ਦਾ ਪ੍ਰਯੋਗ ਕਰਦੇ ਸਨ, ਉਹ 'ਸ਼ਾਰਦਾ' ਦਾ ਹੀ ਇਕ ਵਿਕਸਿਤ ਰੂਪ ਸੀ। ਇਸੇ ਲਿਪੀ ਨੂੰ ਬਾਅਦ ਵਿਚ 'ਸਿੱਧ-ਮਾਤਰਿਕਾ' ਦਾ ਨਾਂ ਦਿੱਤਾ ਗਿਆ ਹੈ। ਸ਼ਾਰਦਾ, ਸਿੱਧ-ਮਾਤਰਿਕਾ ਤੇ ਦੇਵਨਾਗਰੀ ਦੇ ਮਿਸ਼ਰਣ ਰੂਪ ਨੂੰ ਅਰਧ-ਨਾਗਰੀ ਦਾ ਨਾਂ ਦਿੱਤਾ ਗਿਆ, ਜੋ ਪੰਜਾਬ ਵਿਚ ਪ੍ਰਚਲਿਤ ਸੀ, ਜੋ ਅੱਗੇ ਚਲ੍ਹ ਕੇ ਗੁਰਮੁਖੀ ਲਿਪੀ ਦੇ ਨਾਂ ਨਾਲ ਮਸ਼ਹੂਰ ਹੁੰਦੀ ਹੈ।

ਡਾ. ਬਯੂਲਰ 'ਸ਼ਾਰਦਾ' ਨੂੰ ਅੱਠਵੀਂ ਸਦੀਂ ਈਸਵੀਂ [22] ਤੱਕ ਵੱਖਰੀ ਲਿਪੀ ਸਵੀਕਾਰਦਾ ਹੈ। ਸ਼ਾਰਦਾ ਲਿਪੀ ਪੰਜਾਬ ਦੇ ਜ਼ਿਆਦਾ ਹਿੱਸੇ ਅਤੇ ਕਸ਼ਮੀਰ ਵਿਚ ਪ੍ਰਾਚੀਨ ਸ਼ਿਲਾਲੇਖਾਂ, ਦਾਨਪੱਤਰਾਂ, ਸਿਕਿਆਂ, ਹੱਥ-ਲਿਖਤਾਂ ਵਿਚੋਂ ਮਿਲਦੀ ਹੈ। ਇਹ ਲਿਪੀ ਨਾਗਰੀ ਦੀ ਤਰ੍ਹਾਂ ਕੁਟਿਲ ਲਿਪੀ ਤੋਂ ਨਿਕਲੀ ਹੈ। ਸ਼ਾਰਦਾ ਲਿਪੀ ਦਾ ਸਾਰਿਆਂ ਤੋਂ ਪਹਿਲਾਂ ਲੇਖ 'ਸਰਾਹਾਂ ਪ੍ਰਸ਼ਸਤੀ' ਹੈ ਜਿਸ ਦੀ ਲਿਪੀ ਈਸਵੀਂ ਸੰਨ ਦੀ ਦਸਵੀਂ ਸਦੀਂ [23] ਦੇ ਆਸਪਾਸ ਦੀ ਹੈ। ਇਹ ਸਮਾਂ ਸ਼ਾਰਦਾ ਲਿਪੀ ਦੀ ਉਤਪੱਤੀ ਦਾ ਮੰਨਿਆ ਜਾ ਸਕਦਾ ਹੈ। ਇਸ ਦੇ ਅਨੇਕਾਂ ਲੇਖ ਸਿਰਾਹਾ, ਚੰਬੇ ਤੇ ਕੁੱਲੂ ਆਦਿ ਪਹਾੜੀ ਇਲਾਕਿਆਂ ਤੋਂ ਮਿੱਲੇ ਹਨ।

ਡਾਕਟਰ ਫ਼ੌਜ਼ਲ, ਪ੍ਰਸਿੱਧ ਪੁਰਾਖੋਜੀ ਨੇ 1911 ਈਂ ਵਿਚ ਸਖ਼ਤ ਮਿਹਨਤ ਕਰਕੇ ਚੰਬਾ ਰਾਜਾ ਦੇ ਸ਼ਿਲਾਲੇਖ ਅਤੇ ਦਾਨਪੱਤਰਾਂ ਦਾ ਸੰਗ੍ਰਹਿ ' Antiquities of Chamba State ' ਗ੍ਰੰਥ ਪ੍ਰਕਾਸ਼ਿਤ ਕੀਤਾ ਜਿਸ ਵਿਚ ਪ੍ਰਾਚੀਨ ਲਿਪੀਆਂ ਦੇ ਅਭਿਲਾਸ਼ੀਆਂ ਲਈ 'ਸ਼ਾਰਦਾ ਲਿਪੀ' ਦੀ ਅਮਲੀ ਸਮਗਰੀ ਦਿੱਤੀ ਹੈ। ਕਈ ਵਿਦਵਾਨਾਂ ਨੇ ਸ਼ਾਰਦਾ ਲਿਪੀ ਨੂੰ ਨਾਗਰੀ ਦੀ ਭੈਣ [24] ਆਖਿਆ ਹੈ। ਕਸ਼ਮੀਰੀ ਵਿਦਵਾਨ ਬਹੁਤਾ ਕਰ ਕੇ ਸਰਸਵਤੀ ਜਾਂ ਸ਼ਾਰਦਾ ਦੇਵੀ ਦੇ ਵੱਡੇ ਉਪਾਸ਼ਕ ਹੁੰਦੇ ਸਨ। 'ਸ਼ਾਰਦਾ ਲਿਪੀ' ਨੂੰ ਬ੍ਰਾਹਮੀ ਲਿਪੀ ਪ੍ਰਵਾਰ ਦੀ ਲਿਪੀ [25] ਵੀ ਸਵੀਕਾਰਿਆ ਗਿਆ ਹੈ ਜੋ ਅਠਵੀਂ ਸਦੀ ਵਿਚ ਵਿਕੱਸਤ ਹੋਈ। ਇਸੇ ਤੋਂ ਗੁਰਮੁਖੀ ਲਿਪੀ ਵਿਕਸਿਤ ਹੋਈ ਮੰਨੀ ਜਾਂਦੀ ਹੈ।

ਕਸ਼ਮੀਰ ਪ੍ਰਦੇਸ਼ ਦੀ ਸਰਬ 'ਪ੍ਰਧਾਨ ਦੇਵੀ 'ਸ਼ਾਰਦਾ' ਮੰਨੀ ਜਾਂਦੀ ਹੈ ਜਿਸ ਕਾਰਨ ਉਹ ਦੇਸ਼ 'ਸ਼ਾਰਦਾ ਦੇਸ਼' ਜਾਂ 'ਸ਼ਾਰਦਾ ਮੰਡਲ' ਕਹਾਉਂਦਾ ਹੈ ਅਤੇ ਇਸੇ ਲਈ ਉਥੋਂ ਦੀ ਲਿਪੀ ਨੂੰ 'ਸ਼ਾਰਦਾ ਲਿਪੀ' ਕਿਹਾ ਜਾਂਦਾ ਹੈ। ਬਾਅਦ ਵਿਚ ਉਸ ਨੂੰ 'ਦੇਵਾਦੇਸ਼' ਵੀ ਕਿਹਾ ਜਾਣ ਲੱਗਾ ਸੀ। ਮੂਲ ਸ਼ਾਰਦਾ ਲਿਪੀ ਈਸਵੀਂ ਸੰਨ ਦੀ ਦਸਵੀਂ ਸਦੀ ਦੇ ਨੇੜੇ 'ਕੁਟਿਲ ਲਿਪੀ' ਵਿਚੋਂ ਨਿਕਲੀ ਅਤੇ ਉਸ ਦਾ ਪ੍ਰਵਾਰ ਕਸ਼ਮੀਰ ਅਤੇ ਪੰਜਾਬ ਵਿਚ ਰਿਹਾ। ਉਸ ਵਿਚ ਪਰਿਵਰਤਨ ਹੋ ਕੇ ਵਰਤਮਾਨ 'ਸ਼ਾਰਦਾ' ਲਿਪੀ ਬਣੀ, ਜਿਸ ਦਾ ਪਰਚਾਰ ਅੱਜਕਲ੍ਹ ਕਸ਼ਮੀਰ ਵਿਚ ਬਹੁਤ ਘੱਟ ਰਹਿ ਗਿਆ ਹੈ, ਉਸ ਦੀ ਥਾਂ ਆਮ ਕਰ ਕੇ ਨਾਗਰੀ, ਗੁਰਮੁਖੀ ਜਾਂ ਟਾਕਰੀ [26] ਨੇ ਲੈ ਲਈ ਹੈ। ਸਰਸਵਤੀ ਨਦੀ ਦੇ ਉਰਾਰ ਦੇ ਪਾਸੇ ਜੋ ਲੋਕ ਵਸਦੇ ਸਨ, ਉਨ੍ਹਾਂ ਵਿਚ ਇਸ ਨਦੀ ਦਾ ਪਿਆਰ, ਸ਼ਰਧਾ, ਉਪਾਸ਼ਨਾ ਵਿਚ ਪਲਟ ਚੁੱਕਾ ਸੀ ਅਤੇ ਉਹ ਬਾਣੀ ਦੀ ਦੇਵੀ ਨੂੰ 'ਸਰਸਵਤੀ' ਯਾ 'ਸ਼ਾਰਦਾ-ਦੇਵੀ' ਆਖ ਕੇ ਅਰਾਧਦੇ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਇਸੇ ਲਿਪੀ ਨੂੰ 'ਸ਼ਾਰਦਾ' [27] ਆਖਿਆ। ਸਰਸਵਤੀ ਨਦੀ ਦੇ ਕਿਨਾਰੇ ਤੇ ਵਸਦੇ ਪੰਡਿਤ ਵਿਦਵਾਨ ਹੀ ਕਿਸੇ ਸਮੇਂ ਪੰਜਾਬ ਦੇ ਮੈਦਾਨੀ ਇਲਾਕੇ ਨੂੰ ਛੱਡ ਕੇ ਕਸ਼ਮੀਰ ਪਹਾੜ ਦੇਸ਼ ਦੀ ਸੁਰੱਖਿਅਤ ਵਾਦੀ ਵਿਚ ਜਾ ਨਿਵਾਸ ਕੀਤਾ ਸੀ। ਉਸ ਸਮੇਂ ਇਹ 'ਸ਼ਾਰਦਾ ਲਿਪੀ' ਵੀ ਆਪਣੇ ਨਾਲ ਕਸ਼ਮੀਰ ਲੈ ਗਏ।

ਟਾਕਰੀ-ਲਿਪੀ

ਪੰਜਾਬ ਦੀ ਇਕ ਪ੍ਰਾਚੀਨ ਲਿਪੀ ਟਾਕਰੀ ਹੈ ਜੋ ਸ਼ਾਰਦਾ ਦਾ ਘੜੀਸਵਾਂ ਪਹਾੜੀ ਰੂਪ ਹੈ। ਇਹ ਜੰਮੂ, ਪੰਜਾਬ, ਕਾਂਗੜੇ ਆਦਿ ਵੱਲ ਪ੍ਰਚਿੱਲਤ ਰਹੀ ਹੈ। ਪੰਡਤ ਗੌਰੀ ਸ਼ੰਕਰ ਅਨੁਸਾਰ ਇਹ ਸ਼ਾਰਦਾ ਦਾ ਘਸੀਟ ਰੂਪ ਹੈ ਜੋ ਜੰਮੂ, ਪੰਜਾਬ ਦੇ ਸਾਰੇ ਉਤਰੀ ਪਹਾੜੀ ਇਲਾਕਿਆਂ ਵਿਚ ਇਸ ਦਾ ਪ੍ਰਚਾਰ ਹੈ ਅਤੇ ਵਿਭਿੰਨ ਇਲਾਕਿਆਂ ਵਿਚ ਕੁੱਝ ਕੁੱਝ ਭਿੰਨਤਾਂ ਨਾਲ ਲਿਖੀ ਜਾਂਦੀ ਹੈ। ਜੰਮੂ ਦੇ ਇਲਾਕੇ ਦੀ 'ਡੋਗਰੀ' ਅਤੇ ਚੰਬੇ ਦੀ 'ਚਮਿਆਲੀ' ਇਸੇ ਦੇ ਰੂਪ ਹਨ। ਮਹਾਜਨ ਆਦਿ ਲੋਕੀ ਇਨ੍ਹਾਂ ਦੇ ਸਵਰਾਂ ਵਿਚ ਵਾਧ ਘਾਟ ਕਰ ਕੇ ਲਿੱਖ ਦੇਦੇਂ ਹਨ। ਇਸੇ ਲਈ 'ਟਾਕਰੀ' ਦਾ ਪੜ੍ਹਨਾਂ ਦੂਜਿਆਂ ਲੋਕਾਂ ਲਈ ਬਹੁਤ ਮੁਸ਼ਕਲ ਹੁੰਦਾ ਹੈ। 'ਟਾਕਰੀ' ਨਾਂ ਦੀ ਉਤਪਤੀ ਦਾ ਠੀਕ ਪਤਾ ਨਹੀਂ ਚਲਦਾ ਪਰੰਤੂ ਸੰਭਵ ਹੈ ਕਿ 'ਠਾਕਰੀ' (ਠਕੁੱਰੀ) ਸ਼ਬਦ ਤੋਂ ਇਸ ਦੀ ਉੱਤਪਤੀ ਹੋਵੇ। ਰਾਜਪੂਤ

ਠਾਕੁਰਾ (ਠਕੁੱਰਾ) ਦੀ ਲਿਪੀ ਜਾਂ ਟਾਕ (ਲਵਾਣਾ) ਜਾਤੀ ਦੇ ਵਿਉਪਾਰੀਆਂ ਦੀ ਲਿਪੀ ਹੋਣ ਕਾਰਨ ਇਸ ਦਾ ਨਾਂ 'ਟਾਕਰੀ' ਹੋਇਆ ਹੈ।[28]

ਇਹ ਵੀ ਇਕ ਸਚਾਈ ਹੈ ਕਿ ਕਿਸੇ ਸਮੇਂ ਟੱਕ ਜਾਤੀ ਦਾ ਪੰਜਾਬ ਵਿਚ ਬੜਾ ਜ਼ੋਰ ਰਿਹਾ। ਇਨ੍ਹਾਂ ਦੇ ਤੇਜ਼ਪ੍ਰਤਾਪ ਦਾ ਗੜ੍ਹ ਟੈਕਸਿਲਾ ਨਗਰ ਸੀ ਤੇ ਪੰਜਾਬ ਦੇ ਬਹੁਤ ਸਾਰੇ ਹਿੱਸੇ ਨੂੰ 'ਟੱਕ ਦੇਸ਼' ਆਖਿਆ ਜਾਂਦਾ ਸੀ। ਪੁਰਾਣੀ ਸੰਸਕ੍ਰਿਤ ਤੇ ਪ੍ਰਾਕ੍ਰਿਤ ਦੀਆਂ ਪੋਥੀਆਂ ਵਿੱਚ ਇਸ 'ਟੱਕ ਦੇਸ਼' ਦੀ ਬੋਲੀ ਨੂੰ ਟੱਕੀ ਯਾ ਟਾਕੀ ਕਿਹਾ ਗਿਆ ਹੈ, ਸ਼ਾਇਦ ਇਸ ਬੋਲੀ ਲਈ ਵਰਤੀ ਜਾਂਦੀ ਲਿਪੀ ਹੀ ਟਾਕਰੇ ਜਾਂ ਟਾਕਰੀ ਕਹਾਈ।[29]

ਪ੍ਰੋ. ਜੋਗਿੰਦਰ ਸਿੰਘ ਦਾ ਵੀ ਵੀਚਾਰ ਹੈ ਕਿ 'ਟਾਕਰੀ' ਦਾ ਨਾਮਕਰਨ ਇਹ ਹੈ ਕਿ ਲਿਪੀ 'ਟਾਕੁਰ' ਜਾਂ 'ਠਕੁਰਾਂ' ਵਜੋਂ ਮਨਸੂਬ ਹੈ। ਠਾਕੁਰ ਲੋਕ ਰਾਜਪੂਤਾਂ ਨੂੰ ਆਖਦੇ ਹਨ। ਪਹਾੜੀ ਰਾਜੇ ਆਮਤੌਰ ਤੇ ਰਾਜਪੂਤ ਜਾਤੀ ਦੇ ਲੋਕ ਸਨ, ਇਸੇ ਲਈ ਉਨ੍ਹਾਂ ਨਾਲ ਸੰਬੰਧਿਤ ਲਿਪੀ ਠਾਕਰੀ ਜਾਂ ਟਾਕਰੀ ਅਖਵਾਉਣ ਲਗੀ।[30]

ਸਰਦਾਰ ਜੀ.ਬੀ.ਸਿੰਘ 'ਟਾਕਰੀ' ਸ਼ਬਦ ਦੇ ਮੂਲ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦੇ ਲਿੱਖਦੇ ਹਨ ਕਿ ਪ੍ਰਾਕ੍ਰਿਤ ਵਿਚ 'ਤਕਸ਼' ਤੋਂ ਵੱਟ ਕੇ ਨਾਮ 'ਤੱਕਾ' ਤੇ 'ਟੱਕਾ' ਬਣੇ ਹਨ। ਆਰੀਆਂ ਦੇ ਆਉਣ ਤੇ ਇਹ ਲੋਕ ਮੈਦਾਨਾਂ ਵਿਚੋਂ ਕੱਢੇ ਗਏ ਅਤੇ ਦਲਦਲਾਂ ਤੇ ਪਹਾੜਾਂ ਵੱਲ ਧੱਕੇ ਗਏ। ਉਥੇ ਇਨ੍ਹਾਂ ਦੀ ਸਮਾਜਕ ਹਾਲਤ ਦਿਨੋ ਦਿਨ ਨਿਘਰਦੀ ਗਈ ਅਤੇ ਕਈ ਥਾਵਾਂ ਵਿਚ ਸ਼ੂਦਰ ਛੱਡ ਅਛੂਤ ਤੱਕ ਬਣ ਗਏ। ਪਰ ਆਪਣੇ ਵੇਲੇ ਇਹੋ ਲੋਕ ਦੇਸ਼ ਦੇ ਰਾਜੇਹ ਛਤਰੀ ਤੇ ਵਪਾਰੀ ਸੀਨ। ਉੱਤਰੀ ਹਿੰਦ ਦੇ ਇਹੋ ਵਪਾਰੀ ਦੱਖਣ ਦੇ ਦਰਾਵੜੀ ਵਪਾਰੀਆਂ ਵਾਂਗ ਪੱਛਮ ਵਿਚ ਤੌੜ ਬਬਰੂ ਦੇਸ਼ ਤੱਕ ਜਾਂਦੇ ਸਨ, ਅਤੇ ਇਹੋ ਲੋਕ ਫਿਨਿਕੀ ਅੱਖਰ ਉਥੋਂ ਲਿਆਏ ਸਨ। ਜਿਨ੍ਹਾਂ ਅੱਖਰਾਂ ਦਾ ਰਿਵਾਜ ਇਨ੍ਹਾਂ 'ਟੱਕਾ' ਲੋਕਾਂ ਵਿਚ ਰਿਹਾ, ਉਹੋ 'ਟਾਕਰੀ ' ਅੱਖਰ[31] ਹਨ। ਵਪਾਰੀ ਅੱਖਰਾਂ ਨੂੰ 'ਟਾਕਰੇ' ਕਹਿਣ ਦਾ ਸਬੱਬ ਵੀ ਇਹੋ ਹੈ। ਛੀਂਬੇ, ਦਰਜ਼ੀ, ਜੁਲਾਹੇ, ਸੁਨਿਆਰੇ ਆਦਿ ਇਨ੍ਹਾਂ 'ਟੱਕਾ' ਲੋਕਾਂ ਦੇ ਵੰਸ਼ਾਂ ਜਾਂ ਕੁਲਾਂ ਵਿਚੋਂ ਹੀ ਹਨ।

ਉੱਪਰ ਦਿੱਤੀਆਂ ਲਿਪੀਆਂ ਤੋਂ ਇਲਾਵਾ ਪੰਜਾਬ ਦੇ ਵਪਾਰੀਆਂ ਵਿਚ ਸ਼ਾਰਦਾ, ਟਾਕਰੀ ਤੋਂ ਛੁੱਟ ਮਹਾਜਨੀ ਜਾਂ ਲੰਡੇ ਲਿਪੀ ਦਾ ਬੜਾ ਵਰਤਾਰਾ ਰਿਹਾ ਹੈ। ਇਹ ਲਿਪੀ ਲਗਾਂ ਮਾਤਰਾਂ ਅਤੇ ਲੀਕਾਂ ਖਿੱਚਣ ਤੋਂ ਰਹਿਤ ਸੀ। ਇਸ ਨੂੰ ਸਰਾਫ਼ੀ ਜਾਂ ਮਹਾਜਨੀ ਅੱਖਰ ਵੀ ਆਖਿਆ ਜਾਂਦਾ ਹੈ। ਪਹਾੜੀ ਇਲਾਕਿਆਂ ਅਤੇ ਪੰਜਾਬ ਵਿਚ ਇਹੋ ਲਿਪੀਆਂ ਵਰਤੀਆਂ ਜਾਂਦੀਆਂ ਸਨ।

ਪੰਡਤ ਗੌਰੀ ਸ਼ੰਕਰ ਨੇ ਹਿੰਦੁਸਤਾਨ ਵਿਚ ਤਕਰੀਬਨ ਸੌ ਦੇ ਕਰੀਬ ਵਪਾਰੀ ਲਿਪੀਆਂ ਮੰਨੀਆਂ ਹਨ। ਪੰਜਾਬ ਵਿਚ ਸਰਾਫ਼ੀ, ਮਹਾਜਨੀ, ਖੋਜਾ, ਅਰੋੜਾ, ਲੰਮਾ-ਵਾਸੀ, ਮੁਲਤਾਨੀ, ਬਹਾਵਲਪੁਰੀ, ਪ੍ਰਾਚੀ, ਉੱਚੀ, ਰੋਹੜੀ, ਸਿੰਧੀ, ਸਾਰਿਕਾ, ਥਲੀ ਤੇ ਕੀਰਕੀ ਆਦਿ ਕਈ ਭਾਂਤ ਦੇ ਅੱਖਰ ਵਹੀਆਂ ਖਾਤਿਆਂ ਵਿਚ ਚਾਲੂ ਹਨ। ਇਹ ਸਾਰੇ ਲੰਡਿਆਂ ਦਾ ਬਦਲਿਆ ਰੂਪ[32] ਹੀ ਹੈ। ਟਾਕਰੀ ਲੰਡਿਆਂ ਨਾਲ ਮਿਲਦੀ ਜੁਲਦੀ ਹੈ। ਜਿਵੇਂ ਗੁਰਮੁਖੀ ਲੰਡਿਆਂ ਦਾ ਮਾਂਜਿਆਂ ਸੰਵਾਰਿਆ ਰੂਪ ਹੈ, ਇਸੇ ਤਰ੍ਹਾਂ ਟਾਕਰੀ ਦਾ

ਸੰਵਾਰਿਆਂ ਰੂਪ ਸ਼ਾਰਦਾ ਹੈ। ਅੰਤਰ ਕੇਵਲ ਇਹੀ ਹੈ ਕਿ ਟਾਕਰੀ ਸ਼ਾਰਦਾ ਦਾ ਵਿਗੜਿਆ ਰੂਪ ਹੈ ਤੇ ਗੁਰਮੁਖੀ ਲੰਡਿਆਂ ਦਾ ਸੰਵਰਿਆ ਰੂਪ।[33]

ਉੱਪਰ ਦਿੱਤੀਆਂ ਲਿਪੀਆਂ ਤੋਂ ਇਲਾਵਾ ਇਕ ਹੋਰ ਲਿਪੀ '<u>ਸਿੱਧ-ਮਾਤ੍ਰਿਕਾ</u>' ਵੀ ਵਰਤੋਂ ਵਿਚ ਆਉਂਦੀ ਸੀ। ਇਸ ਨੂੰ ਸਿੰਧ-ਲਿਪੀ ਵੀ ਆਖਿਆ ਜਾਂਦਾ ਹੈ। ਕਈ ਵਿਦਵਾਨਾਂ ਦਾ ਖ਼ਿਆਲ ਹੈ ਕਿ ਇਹ ਕਸ਼ਮੀਰ ਵਿਚੋਂ ਦੀ ਜਨਮੀ। ਕਸ਼ਮੀਰ ਤੋਂ ਇਲਾਵਾ ਇਹ ਅੱਖਰ ਮੱਧਦੇਸ਼ ਜਾਂ ਕਨੌਜ, ਬਨਾਰਸ ਦੇ ਪਾਸੇ ਵੀ ਵਰਤੋਂ ਵਿਚ ਆਉਂਦੇ ਸਨ। '<u>ਸਿੱਧ-ਮਾਤ੍ਰਿਕਾ</u>' ਦੇ ਕੋਸ਼ਗਤ ਅਰੱਥ ਹਨ : ਸਿੱਧਾਂ ਦੀ ਲਿਪੀ। ਬੁਧੀ ਭਿਖੂਆਂ ਜਾਂ ਸਾਧੂਆਂ ਨੂੰ 'ਸਿੱਧ' ਕਿਹਾ ਜਾਂਦਾ ਸੀ। ਇਹ 'ਸਿੱਧ' ਜਿਸ ਲਿਪੀ ਦਾ ਪ੍ਰਯੋਗ ਕਰਦੇ ਸਨ, ਉਹ ਹੀ 'ਸਿੱਧ ਮਾਤ੍ਰਿਕਾ' ਜਾਂ 'ਸਿੰਧ ਲਿਪੀ' ਅਖਵਾਈ।

ਇਕ ਜਾਪਾਨੀ ਭਿਖੂ <u>ਸੋਗੇਨ</u> ਨੇ 'ਆਸ਼ਰਜੋ' ਗ੍ਰੰਥ ਪੰਜਾ ਜਿਲਦਾਂ ਵਿੱਚ ਰਚਿਆ ਜਿਸ ਵਿਚ ਚੀਨੀ, ਜਾਪਾਨੀ, ਬੋਧੀ ਅਚਾਰਜਾ ਦੀਆਂ ਬੇਸ਼ਕੀਮਤੀ ਹੱਥ-ਲਿਖਤਾਂ, ਪ੍ਰਾਚੀਨ ਮੰਦਰਾਂ, ਮੁਠਾਂ ਦੀਆਂ ਲਾਇਬਰੇਰੀਆਂ ਵਿਚੋਂ ਲੈ ਕੇ ਸੰਕਲਿਤ ਕੀਤੀਆਂ ਗਈਆਂ ਹਨ।[34] ਕਹਿੰਦੇ ਹਨ ਕਿ ਇਸ ਲਿਪੀ ਨੇ ਚੀਨ ਦੇ ਬੋਧੀ ਮੰਦਰਾਂ ਵਿਚ ਧਾਰਮਿਕ ਨਜ਼ਰੀਏ ਤੋਂ ਸਤਿਕਾਰ ਯੋਗ ਥਾਂ ਬਣਾ ਲਈ ਕਿਉਂਕਿ ਇਸ ਵਿਚ ਜੰਤ੍ਰ-ਮੰਤ੍ਰ ਲਿੱਖ ਕੇ ਇਕ ਇਕ ਨੂੰ ਖਾਸ ਰੂਹਾਨੀ ਅਰਥ ਦਿੱਤੇ ਜਾਂਦੇ ਸਨ।

ਬਹੁਤੇ ਵਿਦਵਾਨਾਂ ਦਾ ਇਹ ਨਿਸੱਚਾ ਹੈ ਕਿ ਸਿੱਧੰ-ਲਿਪੀ ਨਾਲ ਬਹੁਤ ਸਾਰੇ ਗੁਰਮੁੱਖੀ ਅੱਖਰਾਂ ਹੂ ਬ ਹੂ ਮੇਲ ਖਾਂਦੇ ਹਨ। ਇਸ ਦਾ ਰਿਸ਼ਤਾ ਗੁਰਮੁਖੀ ਨਾਲ ਬਹੁਤ ਨੇੜਾ ਦਾ ਜਾਪਦਾ ਹੈ।


ਉਪਰ ਦਿੱਤੀ ਸੰਖੇਪ ਚਰਚਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਾਮੀ ਲਿਪੀ, ਖਰੋਸ਼ਠੀ ਲਿਪੀ, ਬ੍ਰਾਹਮੀ ਲਿਪੀ, ਦੇਵ ਨਾਗਰੀ, ਸ਼ਾਰਦਾ ਲਿਪੀ, ਟਾਕਰੀ ਲਿਪੀ, ਲੰਡੇ ਅਤੇ ਸਿੱਧ-ਮਾਤ੍ਰਿਕਾ ਦਾ ਸਿੱਧੇ ਜਾਂ ਅਸਿੱਧੇ ਰੂਪ ਵਿਚ 'ਗੁਰਮੁਖੀ ਲਿਪੀ' ਨੂੰ ਪ੍ਰਭਾਵਿਤ ਕੀਤਾ ਹੈ। ਗੁਰਮੁਖੀ ਦੇ ਬਹੁਤੇ ਅੱਖਰ ਉੱਪਰ ਵਰਨਣ ਲਿਪੀਆਂ ਚੋਂ ਹੀ ਨਿਕਲੇ ਮੰਨੇ ਜਾਂਦੇ ਹਨ।

ਟਿੱਪਣੀਆਂ ਅਤੇ ਹਵਾਲੇ

1. ਪਦਮ, ਪਿਆਰਾ ਸਿੰਘ (ਪ੍ਰੋ.) - ਗੁਰਮੁਖੀ ਲਿਪੀ ਦਾ ਇਤਿਹਾਸ, ਪਟਿਆਲਾ, ਛਾਪ 2000, ਅੰਕ : 19

   "ਉੱਤਰੀ ਸਾਮੀ (ਫ਼ਿਨੀਸ਼ੀ), ਆਰਾਮੀ ਤੇ ਸਾਬੀ (ਦੱਖਣੀ ਸਾਮੀ)। ਫ਼ਿਨਸ਼ੀ ਤੋਂ ਯੂਨਾਨੀ ਤੇ ਅਗੋਂ ਹੋਰ ਯੂਰਪੀਨ ਲਿਪੀਆਂ ਉਪਜੀਆਂ, ਅਰਾਮੀ ਤੋਂ ਇਬਰਾਨੀ, ਅਰਬੀ ਤੇ ਸੀਰੀਅਲ ਲਿਪੀ ਜੰਮੀ ਅਤੇ ਸਾਬੀ (ਦੱਖਣੀ ਸਾਮੀ) ਤੇ੍ ਬ੍ਰਹਿਮੀ ਤੇ ਅਗੋਂ ਬਾਕੀ ਭਾਰਤੀ ਲਿਪੀਆਂ ਦਾ ਨਿਕਾਸ ਹੋਇਆ।"

2. ਗੁਰਦੇਵ ਸਿੰਘ, (ਡਾ.) - ਗੁਰਮੁਖੀ ਲਿਪੀ ਬਾਰੇ, ਲੁਧਿਆਣਾ, 1995, ਅੰਕ.19



3. ਪਦਮ, ਪਿਆਰਾ ਸਿੰਘ (ਪ੍ਰੋ.) - ਪੂਰਵ ਅੰਕਤ, ਅੰਕ 20
4. ਗੌਰੀ ਸ਼ੰਕਰ ਹਰੀ ਚੰਦ ਓਝਾ - ਭਾਰਤੀ ਪ੍ਰਾਚੀਨ ਲਿਪੀ ਮਾਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2001, ਅੰਕ : 39
5. ਪੂਰਵ ਅੰਕਤ, ਅੰਕ : 42
6. (੧) ਸਿੰਧੂ ਲਿਪੀ ਜੋ ਨਾ ਪੜ੍ਹੀ ਗਈ ਤੇ ਨਾ ਪੜ੍ਹਨ ਦੀ ਕੋਈ ਸੰਭਾਵਨਾ ਹੈ।


   (੨) ਬ੍ਰਾਹਮੀ ਲਿਪੀ ਜਿਸ ਨੂੰ ਅਜੋਕੀਆਂ ਭਾਰਤੀ ਲਿਪੀਆਂ ਦੀ 'ਵੱਡੀ ਅੰਮਾਂ' ਆਖਿਆ ਜਾ ਸਕਦਾ ਹੈ।

   (੩) ਖਰੋਸ਼ਠੀ ਲਿਪੀ ਜੋ ਮਰ ਚੁੱਕੀ ਹੈ।

7. A Short History of Indian Culture, p.56

   " An other script of Aramaic origin and known as Kharoshthi was in vogue on the North- west frontier, and Laurel Stein's discoveries have show~ı in central Asia, was employed for the edicts inscribed in thse districts".

8. ਜੋਗਿੰਦਰ ਸਿੰਘ, ਪ੍ਰੋ (ਸੰ) ਗੁਰਮੁਖ ਸਿੰਘ (ਡਾ.) - <u>ਪੰਜਾਬੀ ਭਾਸ਼ਾ ਗੁਰਮੁਖੀ ਲਿਪੀ: ਸੋਮੇ ਤੇ ਵਿਕਾਸ</u>, ਲੁਧਿਆਣਾ, 2009, ਅੰਕ : 195
9. <u>ਇੰਡੀਅਨ ਏਂਟੀਕ੍ਵਿਚੀ</u>, ਜਿਲਦ: 34, ਅੰਕ : 21 ਬਾਹਵਾਲਾ <u>ਭਾਰਤੀ ਪ੍ਰਾਚੀਨ ਲਿਪੀ ਮਾਲਾ</u>, ਪੂਰਵ ਅੰਕਤ, ਅੰਕ : 44
10. ਭਾਰਤੀ ਪ੍ਰਾਚੀਨ ਲਿਪੀ ਮਾਲਾ, ਪੂਰਵ ਅੰਕਤ, ਅੰਕ: 51
11. ਗੁਰਦੇਵ ਸਿੰਘ (ਡਾ.) - ਪੂਰਵ ਅੰਕਤ, ਅੰਕ : 20
12. <u>ਬ੍ਰਾਹਮੀ ਲਿਪੀ (5ਵੀਂ ਸਦੀ ਪੂਰਵ ਈਸਵੀਂ ਤੋਂ 350 ਈਸਵੀਂ ਤੱਕ)</u>



13. <u>ਭਾਰਤੀ ਪ੍ਰਾਚੀਨ ਲਿਪੀ ਮਾਲਾ, ਪੂਰਵ ਅੰਕਤ</u>, ਅੰਕ:22
14. Hunter , G.R- <u>The script of Harappa and Mohenjodaro and its connection with other scripts,</u> P:1

    " Indeed the entire Brahmi 'alphabet' is shown to be derived from the script of Mohenjodaro and Harappa. It is also shown that those scholars were not mistaken who connected Brahmi with the South Semitic and Pheonician Scripts. Far there is much evidence to show that these also were derived from the script of Harappa and Mohenjodaro (which I have called proto-Indian). It is thus seem that proto Indian forms, an important link in the history of evolution of the alphabet from pictographic writing."
15. ਬੇਦੀ, ਕਾਲਾ ਸਿੰਘ - <u>ਗੁਰਮੁਖੀ ਲਿਪੀ ਦੀ ਉਤਪਤੀ ਤੇ ਵਿਕਾਸ, ਖੋਜ ਪਤ੍ਰਿਕਾ</u>, ਮਾਰਚ 2005, ਪਟਿਆਲਾ ਨੰ: 61, ਅੰਕ: 22
!6. <u>ਭਾਰਤੀ ਪ੍ਰਾਚੀਨ ਲਿਪੀ ਮਾਲਾ</u>, ਪੂਰਵ ਅੰਕਤ, ਅੰਕ:36
17. ਬੇਦੀ ,ਕਾਲਾ ਸਿੰਘ - ਪੂਰਵ ਅੰਕਤ, ਅੰਕ : 25
18. ਜੀ.ਬੀ. ਸਿੰਘ- <u>ਗੁਰਮੱਖੀ ਲਿਪੀ ਦਾ ਜਨਮ ਤੇ ਵਿਕਾਸ</u>, ਪੰਜਾਬ ਯੂਨੀ.ਚੰਡੀਗੜ੍ਹ, 2010, ਅੰਕ: 60-61

19. ਗੌਰੀ ਸ਼ੰਕਰ, ਹੀਰਾ ਚੰਦ ਓਝਾ - ਭਾਰਤੀ ਪ੍ਰਾਚੀਨ ਲਿਪੀ ਮਾਲਾ ਪੂਰਵ ਅੰਕਤ, ਅੰਕ 83-84
20. ਪੂਰਵ ਅੰਕਤ, ਅੰਕ : 87
21. ਕੋਹਲੀ, ਸੁਰਿੰਦਰ ਸਿੰਘ (ਸੰ) - ਪੰਜਾਬੀ ਸਾਹਿਤ ਕੋਸ਼, ਭਾਗ ਦੂਜਾ, ਪੁਨਰ ਛਾਪ 2000, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਅੰਕ : 412-13
22. Poole, S.L - 'Oriental Coins', The origin of the Bengali Script, Calcutta University, P:56-57
" The Sarda, which according to Buhler", appears since about 900 A.D in Kashmir and in North Punjab (Kangra and Chamba)."
23. ਭਾਰਤੀ ਪ੍ਰਾਚੀਨ ਲਿਪੀ ਮਾਲਾ, ਪੂਰਵ ਅੰਕਤ, ਅੰਕ: 90-91
24. ਪੂਰਵ ਅੰਕਤ,
25. https://en.m.wikipedia.org.
"Sarda is another name for saraswati, the goddess of learning. The sarada or shardha script is an abugida writing system of the Brahmic family of scripts, developed around the 8th century. It was used for writing sanskrit and kashmiri. The Gurumukhi script was developed from Sarada. Originally more widespreed, its use became later restricted to kashmir , and it is now rarely used except by the Kashmiri Pandit Community for ceremonial purposes."
26. ਭਾਰਤੀ ਪ੍ਰਾਚੀਨ ਲਿਪੀ ਮਾਲਾ, ਪੂਰਵ ਅੰਕਤ, ਅੰਕ : 155
27. ਪਦਮ, ਪਿਆਰਾ ਸਿੰਘ - ਗੁਰਮਖੀ ਲਿਪੀ ਦਾ ਇਤਿਹਾਸ, ਪਟਿਆਲਾ, ਛਾਪ 2000, ਅੰਕ : 42
28. ਭਾਰਤੀ ਪ੍ਰਾਚੀਨ ਲਿਪੀ ਮਾਲਾ, ਪੂਰਵ ਅੰਕਤ, ਅੰਕ: 155
29. ਪਦਮ, ਪਿਆਰਾ ਸਿੰਘ - ਪੂਰਵ ਅੰਕਤ, ਅੰਕ : 43
30. ਜੋਗਿੰਦਰ ਸਿੰਘ, (ਪ੍ਰੋ) (ਸੰ) ਗੁਰਮੁਖ ਸਿੰਘ (ਡਾ.) - ਪੰਜਾਬੀ ਭਾਸ਼ਾ ਗੁਰਮਖੀ ਲਿਪੀ: ਸੋਮੇਂ ਤੇ ਵਿਕਾਸ, ਪੂਰਵ ਅੰਕਤ, ਅੰਕ : 235
31. ਸਰਦਾਰ ਜੀ.ਬੀ. ਸਿੰਘ- ਪੂਰਵ ਅੰਕਤ, ਅੰਕ : 60-61
32. ਭਾਰਤੀ ਪ੍ਰਾਚੀਨ ਲਿਪੀ ਮਾਲਾ, ਪੂਰਵ ਅੰਕਤ, ਅੰਕ : 130
33. ਜੋਗਿੰਦਰ ਸਿੰਘ, (ਪ੍ਰੋ) - ਪੂਰਵ ਅੰਕਤ, ਅੰਕ: 236
34. ਰਘਬੀਰ, (ਡਾ.) - ਚੀਨ ਅੰਰ ਜਾਪਾਨ ਮੇਂ ਸਿੰਧ ਲਿਪੀ, ਬਾਹਵਾਲਾ ਪਦਮ, ਪਿਆਰਾ ਸਿੰਘ-ਗੁਰਮਖੀ ਲਿਪੀ ਦਾ ਇਤਿਹਾਸ, ਪੂਰਵ ਅੰਕਤ ਅੰਕ: 50-51

****

੩
ਲਿਪੀ ਅਤੇ ਫ਼ਿਨੀਸ਼ਅਨ ਲੋਕ

ਆਦਿ ਪੁਰਖ ਦਾ ਜਨਮ ਕੁਦੱਰਤ ਦੀ ਗੋਦ ਵਿਚ ਹੋਇਆ। ਉਸ ਦੇ ਆਸਪਾਸ ਪ੍ਰਕਿਰਤੀ ਦਾ ਹੀ ਪਾਸਾਰ ਵਿਦਮਾਨ ਸੀ। ਕਾਦਰ ਦੀ ਇਸ ਅਮੁੱਕ ਲੀਲਾ ਵਿਚ ਉਸ ਨੂੰ ਪਹਾੜ, ਦਰਿਆ, ਜੰਗਲ, ਖ਼ੌਫ਼ਨਾਕ ਆਵਾਜ਼ਾਂ ਤੇ ਚੀਕਾਂ ਆਦਿ ਉਸ ਦੇ ਧੁਰ-ਅੰਦਰ ਤੱਕ ਕਾਂਬਾ ਛੇੜ ਦੇਂਦੇਂ। ਉਸ ਸਮੇਂ ਮਨੁੱਖ ਤੇ ਪਸ਼ੂ ਦੀਆਂ ਆਦਤਾਂ ਇਕੋ ਸੂਤਰ ਵਿੱਚ ਬੱਝੀਆਂ ਪ੍ਰਤੀਤ ਹੁੰਦੀਆਂ ਸਨ। ਪਸ਼ੂਆਂ ਵਾਂਗ ਉਹ ਅਨੇਕਾਂ ਆਵਾਜ਼ਾਂ ਕੱਢਦਾ ਅਤੇ ਵਿਭਿੰਨ ਧੁਨੀਆਂ ਮੂੰਹੋਂ ਪ੍ਰਗਟ ਹੁੰਦੀਆਂ। ਉਹ ਆਪਣੇ ਸਰੀਰਕ ਅੰਗਾਂ ਨਾਲ ਸੰਕੇਤ ਅਤੇ ਭਾਵ ਪ੍ਰਗਟ ਕਰਦਾ ਰਹਿੰਦਾ। ਉਹ ਗੁਫ਼ਾਵਾਂ, ਖੋਖਿਆ, ਕੰਦਰਾਵਾਂ ਆਦਿ ਵਿੱਚ ਲੁੱਕ ਕੇ ਅਸਮਾਨੀ ਬਿਜਲੀਆਂ, ਬਦਲਾਂ ਅਤੇ ਬਾਰਸ਼ਾਂ ਦੀਆਂ ਗ਼ਰਜਣਾ ਆਦਿ ਤੋਂ ਬਚਣ ਦੀਆਂ ਤਰਤੀਬਾਂ ਸੋਚਦਾ ਰਹਿੰਦਾ। ਇਸੇ ਗੁਫ਼ਾਵਾਸੀ ਰਹਿਣ ਸਹਿਣ, ਕੁਦਰਤੀ ਆਫ਼ਤਾਵਾਂ ਦੇ ਨਿਰੰਤਰ ਖੱਤਰੇ, ਝੱਗੜਾਲੂ ਸੁਭਾਅ ਆਦਿ ਉਸ ਨੂੰ ਹੌਲੀ-ਹੌਲੀ ਜਨ-ਸਮੂਹ ਦੀ ਨੇੜ੍ਹਤਾ ਬਖਸ਼ ਦਿੱਤੀ। ਉਹ ਬਹੁ-ਜਣਨਸ਼ੀਲ ਤੇ ਬਹੁ-ਪਤਨੀਵਾਦੀ ਹੋਕੇ, ਇਕ ਨਵੇਂ ਰੀਤੀ-ਰਿਵਾਜ਼ ਨੂੰ ਜਨਮ ਦੇਣ ਲੱਗ ਪਿਆ। ਉਹ ਇਸੇ ਪਿਆਰ ਦੀ ਦੁਵਲੀ ਲੜਾਈ ਵਿੱਚ ਮਨੁੱਖਾਂ ਨਾਲ ਮਸਰੂਫ਼ ਹੋ ਗਿਆ। ਉਹ ਦਰੱਖਤਾਂ ਤੇ ਚੜ੍ਹਕੇ ਫੱਲ/ਪੱਤੀਆਂ ਖਾਣ ਲਈ ਤਲਾਸ਼ ਕਰਨ ਲੱਗ ਪਿਆ ਅਤੇ ਜੰਗਲੀ ਜਾਨਵਰਾਂ ਦੇ ਸ਼ਿਕਾਰ ਵਿੱਚ ਮਸਰੂਫ਼ ਹੋ ਗਿਆ। ਹੌਲੀ-ਹੌਲੀ ਉਸ ਨੇ ਸੋਟੀਆਂ ਅਤੇ ਪੱਤੀਆਂ ਦੇ ਚਬੂਤਰੇ-ਨੁਮਾ ਘਰ ਬਣਾ ਕੇ ਨੀਂਦ ਕਰਨ ਲੱਗ ਪਿਆ। ਅਲਫ਼-ਨੰਗਾ ਰਹਿਣਾ/ਵਿਚਰਨਾ ਉਸ ਦਾ ਸੁਭਾਅ ਬਣ ਗਿਆ। ਉਸ ਦੀ ਭਾਸ਼ਾ ਦਾ ਪਹਿਲਾ ਪੜਾਅ ਸੁਰ-ਲਹਿਰ ਸੀ ਜਿਸ ਨੂੰ ਦੁਆਦਸ-ਸਵਰਗ੍ਰਾਮ (Chromatic Scale) ਰਾਹੀਂ ਤਰਤੀਬ ਦੇ ਕੇ ਇਕ ਹਥਿਆਰ ਵਜੋਂ ਪ੍ਰਯੋਗ ਕੀਤਾ। ਅਜੋਕੇ ਵਿਗਿਆਨੀ ਇਸੇ ਮਨੁੱਖ ਨੂੰ 'ਹੈਵਾਨ-ਏ-ਨਾਤਕ' (ਬੋਲਣ ਵਾਲਾ ਪਸ਼ੂ) ਦੀ ਸੰਗਿਆ ਦੇਂਦੇ ਹਨ। ਕਾਦਰ ਨੇ ਉਸ ਨੂੰ ਪਸ਼ੂਆਂ ਤੋਂ ਵਧੀਕ ਸੋਚ-ਸ਼ਕਤੀ ਦਾ ਅਥਾਹ ਭੰਡਾਰ ਬਖਸ਼ ਦਿੱਤਾ ਅਤੇ ਉਹ ਸਭਿਆਤਾਵਾਂ ਦੀ ਸਰਦਲਾਂ ਹਜ਼ਾਰਾਂ ਸਾਲਾਂ ਤੱਕ ਪਾਰ ਕਰਦਾ ਗਿਆ। ਲਗਾਤਾਰ ਜਦੋਂਜਿਹਦਾਂ ਅਤੇ ਘਟਨਾਵਾਂ ਪਿੱਛੋਂ ਭਾਸ਼ਾ ਦਾ ਸੂਰਜ ਉਦੈ ਹੋਇਆ।

ਸੰਸਾਰ ਦੀ ਤਵਾਰੀਖ਼ ਵਿੱਚ ਸੱਭ ਤੋਂ ਪਹਿਲਾਂ ਫਿਨੀਸ਼ਅਨ (Phoenician) ਲੋਕਾਂ ਦਾ ਜ਼ਿਕਰ ਆਉਂਦਾ ਹੈ। ਇਹ ਪ੍ਰਾਚੀਨ ਸਾਮੀ ਤਹਿਜ਼ੀਬ ਸੀ ਜੋ ਪੱਛਮ ਤੱਟਵਰਤੀ ਪਾਸਿਉਂ ਵੱਧਦੀ-ਫੁੱਲਦੀ ਅਜੋਕੇ ਲਿਬਨਾਨ ਦੇ ਕਿਨਾਰੇ ਨਿਵਾਸ ਰੱਖਦੀ ਸੀ। ਇਨ੍ਹਾਂ ਦੇ ਪ੍ਰਮੁੱਖ ਸ਼ਹਿਰ/ ਬਸਤੀਆਂ ਮੱਧਵਰਤੀ ਰੇਖਾ ਦੇ ਆਸਪਾਸ ਆਬਾਦ ਸਨ। ਕੁੱਝ ਦੱਖਣੀ ਸਮੁੰਦਰੀ ਕਿਨਾਰੇ ਅਜੋਕੇ ਮਕਰਾਨ ਅਤੇ ਲਾਰਿਸਤਾਨ ਕੋਲ ਆਬਾਦ ਸਨ। ਇਹ ਖ਼ਿਤਾ 1550 ਪੂਰਵ ਈਸਾ ਤੋਂ 300 ਪੂਰਵ ਈਸਾ ਤੱਕ ਵਾਪਾਰ ਦਾ ਕੇਂਦਰ ਰਿਹਾ ਸੀ। ਇਨ੍ਹਾਂ ਲੋਕਾਂ ਦੇ ਧਰਮ ਨੂੰ ਕਨਿਆਨ ਜਾਂ ਕੀਨਾਨੀ[1] (Kenaan or Kinaani) ਆਖਦੇ

ਸਨ। ਉਹ ਰੋਮਨ ਅਤੇ ਯੂਨਾਨੀ ਲੋਕਾਂ ਵਿਚ ਵਾਪਾਰ ਲਈ ਬੜ੍ਹੇ ਪ੍ਰਸਿੱਧ ਸਨ। ਉਹ ਲੋਕ ਰੰਗ-ਸਾਜ਼ੀ ਦਾ ਕੰਮ ਵੀ ਕਰਦੇ ਸਨ। ਘੋਗਾ-ਮੱਛੀ ਵਿੱਚੋਂ ਲਾਲ ਰੰਗ ਕੱਢ ਕੇ ਸ਼ਾਹੀ ਲਿਬਾਸਾਂ ਨੂੰ ਰੰਗਦੇ ਰਹਿੰਦੇ ਅਤੇ ਆਪਣੇ ਅੱਖਰ ਵੀ ਇਸੇ ਰੰਗ ਨਾਲ ਲਿੱਖਦੇ ਰਹਿੰਦੇ, ਜਿਸ ਕਾਰਨ ਉਨ੍ਹਾਂ ਦੀ ਇਜ਼ਾਰਦਾਰੀ ਬਣੀ ਰਹਿੰਦੀ ਸੀ।

14 ਵੀਂ ਸਦੀ ਪੂਰਵ ਈਸਵੀਂ ਦੀ ਅਮਾਰਨਾ-ਸ਼ਿਲਾਲੇਖ (Amarna Tablet) ਤੋਂ ਇਨ੍ਹਾਂ ਦੇ ਧਰਮ ਦੀ ਤਸਦੀਕ ਹੁੰਦੀ ਹੈ। ਸੰਸਾਰ ਦੇ ਲੋਕਾਂ ਨੂੰ ਇਨ੍ਹਾਂ ਦੀ ਪ੍ਰਮੁੱਖ ਦੇਣ ਫ਼ਿਨੀਸ਼ੀਅਨ ਭਾਸ਼ਾ ਦੀ ਵਰਣਮਾਲਾ ਹੈ ਜੋ ਅਜੋਕੀਆਂ ਸਾਰੀਆਂ ਵਰਣਮਾਲਾਵਾਂ ਦਾ ਮੂਲ ਹੈ। ਉਨ੍ਹਾਂ ਦੀ ਬੋਲ-ਚਾਲ ਦੀ ਭਾਸ਼ਾ ਨੂੰ ਫਿਨੀਸ਼ੀਅਨ[2] ਹੀ ਆਖਦੇ ਸਨ। ਫ਼ਿਨੀਸ਼ੀਅਨਾਂ ਨੇ ਆਪਣੇ ਅੱਖਰਾਂ ਨੂੰ ਉੱਤਰ ਅਮਰੀਕਾ, ਯੂਰਪ, ਪ੍ਰਾਚੀਨ ਇਤਰੁਸਕਾਨ[3] ਤੱਕ ਵਿਸਥਾਰ ਕੀਤਾ। ਕਦੀ ਕਦੀ ਉਹ ਆਪਣੀ ਭਾਸ਼ਾ ਨੂੰ ਪੁਨੀਕ (Punic) ਵੀ ਆਖਦੇ ਸਨ। ਇਨ੍ਹਾਂ ਦੀ ਫ਼ਿਨੀਸ਼ੀਅਨ ਭਾਸ਼ਾ ਨੂੰ ਫ਼ਿਨੀਸ਼ੀਅਨ ਅੱਖਰ ਆਖਿਆ ਜਾਂਦਾ ਸੀ ਅਤੇ ਧੁਨੀ-ਵਿਗਿਆਨ (Phonology) ਅਤੇ ਸ਼ਬਦ-ਜੋੜਾਂ (Orthography) ਦੇ ਕੁੱਲ 22[4] ਅੱਖਰ ਸਨ, ਜੋ ਹੇਠਾਂ ਦਿੱਤੇ ਜਾ ਰਹੇ ਹਨ:-

- □ alf ox ?
- □ bet house b
- □ gami Camel g
- □ delt door d
- □ he window h
- □ wake hook w
- □ zen weapon z
- □ het wall h
- □ tet wheel t
- □ yod hand y
- □ kaf palm (of a hand) k
- □ lamda goad l
- □ mem water m
- □ nun serpent (later whale) n
- □ semka fish s
- □ eyn eye •
- □ pey mouth p
- □ sade hund s
- □ qof needle head q
- □ rosh head r
- □ shin tooth š
- □ tau mark t

ਉਪਰ ਦਿੱਤੇ ਸ਼ਬਦਾਂ ਨੂੰ 'ਅਬਜਦ' (Abjad) ਆਖਿਆ ਜਾਂਦਾ ਹੈ। ਇਹ ਅੱਖਰ ਸੱਜੇ ਤੋਂ ਖੱਬੇ ਵੱਲ ਲਿੱਖੇ ਜਾਂਦੇ ਸਨ। ਇਸ ਦੇ ਸ਼ੁਰੂਆਤ ਦੀ ਮਿਤੀ ਵਿਦਵਾਨਾਂ ਨੇ 1050ਪੂਰਵ ਈਸਵੀਂ ਮੰਨੀ ਹੈ। ਇਹ ਲਿਪੀ 1200 ਪੂਰਵ ਈਸਵੀਂ [5] ਤੋਂ ਪ੍ਰਾਚੀਨ, ਕਈ ਵਿਦਵਾਨਾਂ ਨੇ ਮੰਨੀ ਹੈ।

ਫ਼ਿਨੀਸ਼ੀਅਨ ਭਾਸ਼ਾ ਲਈ ਇਹੋ ਲਿਪੀ ਵਰਤੀ ਜਾਂਦੀ ਸੀ ਕਿਉਂਕਿ ਇਸ ਦੀਆਂ ਵਿਅੰਜਨ ਸੁਰਾਂ ਹੀ ਪ੍ਰਚਿੱਲਤ ਸਨ। ਫ਼ਿਨੀਸ਼ੀਅਨ ਇਕ ਵੱਡਾ ਲਿਖਣ-ਪ੍ਰਬੰਧ ਮੰਨਿਆ ਜਾਂਦਾ ਸੀ, ਜੋ ਫ਼ਿਨੀਸ਼ੀਅਨ ਸੌਦਾਗਰਾਂ ਨੇ ਦੂਰ-ਦੂਰ ਤੱਕ ਵਿਸਥਾਰ ਕੀਤਾ। ਇਹ ਲੌਕ ਬੜੇ ਵਧੀਆਂ ਜਹਾਜ਼ਰਾਨ ਸਨ ਉਥੇ ਇਨ੍ਹਾਂ ਦਾ ਕਾਰੋਬਾਰ ਯੂਨਾਨ, ਮਿਸਰ, ਹਿੰਦੁਸਤਾਨ, ਰੋਮ, ਸਪੇਨ ਅਤੇ ਬਰਤਾਨੀਆਂ ਤੱਕ ਵਿਸ਼ਾਲ ਪੱਧਰ ਤੇ ਫ਼ੈਲਿਆ ਹੋਇਆ ਸੀ। ਇਹ ਚੰਗੇ ਹੁਸ਼ਿਆਰ ਅਤੇ ਹੁਨਰੀ ਲੌਕ ਸਨ। ਇਹ ਲੌਕ ਸੂਰਜ, ਚੰਦ, ਤਾਰਿਆਂ ਨੂੰ ਦੇਵਤੇ ਮੰਨ ਕੇ ਉਨ੍ਹਾਂ ਦੇ ਬੁੱਤ ਬਣਾ ਕੇ ਪੂਜਦੇ ਸਨ। ਇਹਨ੍ਹਾਂ ਦਾ ਚਿਹਰਾ ਮੁਹਰਾ ਤੇ ਕੱਦ ਕਾਠ ਅਫ਼ਰੀਕਨ ਜਾਂ ਹੈਮੀਏਰੈਟਿਕ ਲੌਕਾਂ ਨਾਲ ਮਿੱਲਦੇ ਸਨ। ਇਨ੍ਹਾਂ ਦੀ ਖੁਰਾਕ (ਕੁੱਤਾ ਪਾਲ ਕੇ, ਮਾਰ ਕੇ ਖਾ ਲੈਂਦੇ ਸਨ), ਪੋਸ਼ਾਕ ਤੇ ਤ੍ਰੀਮਤਾਂ ਦੇ ਉੱਚੇ ਚੂੰਡੇ ਅਤੇ ਇਹਨਾਂ ਦੀ ਬੋਲੀ (ਇਬਰਾਨੀ ਅਖ਼ਤਿਆਰ ਕਰ ਲੈਣ ਦੇ ਬਾਵਜ਼ੂਦ) ਇਹਨਾਂ ਨੂੰ ਸੈਮਿਟਿਕ ਕੌਮਾਂ ਤੋਂ ਨਿਖੇੜਦੇ ਸਨ।

ਸਰਦਾਰ ਜੀ.ਬੀ.ਸਿੰਘ ਲਿੱਖਦੇ ਹਨ, ਵਡਾ ਦੇਵ ਮਲਕ (Molock) 'ਬਾਅਲ' ਸੀ ਜੋ ਸੂਰਜ ਦੇਵ ਸੀ। ਤਾਅਨਿਤ (Taanit) ਚੰਦ ਦੀ ਦੇਵੀ ਸੀ। ਅਸਤਰੇਤੇ ਜਾਂ ਅਸ਼ਤੋਰਿਤ (Astarte ਜਾਂ Ashtoreth) ਜਗਤ-ਜਨਨੀ ਸੀ ਜਿਸ ਦੇ ਮੰਦਰ ਵਿਚ ਸੈਕੜੇਂ ਦੇਵ ਵਾਸੀਆਂ ਜਾਂ ਰਾਮਜਨੀਆਂ ਹੁੰਦੀਆਂ ਸਨ। ਹਰਾਮਕਾਰੀ ਇਨ੍ਹਾਂ ਦਾ ਕੰਮ ਸੀ। ਮਜ਼੍ਹਬ ਦੇ ਨਾਮ ਤੇ ਹਰਾਮਕਾਰੀ (Sacred Prostitutions) ਦਾ ਆਮ ਰਿਵਾਜ਼[7] ਸੀ। ਆਪਣੇ ਵਾਪਾਰ ਦੇ ਨਾਲ ਨਾਲ ਇਹ ਲੌਕ ਯਹੂਦਣਾ, ਯੂਨਾਨਣਾ ਅਤੇ ਹੋਰ ਕੌਮਾਂ ਦੀਆਂ ਔਰਤਾਂ ਨੂੰ ਫੜ੍ਹ ਕੇ ਦੂਰ ਦੁਰਾਡੇ ਦੇਸ਼ਾਂ ਵਿੱਚ ਵੇਚਣ ਦਾ ਕੰਮ ਵੀ ਕਰਦੇ ਸਨ। ਹਿੰਦੁਸਤਾਨ ਦੇ ਰਾਜਿਆਂ ਦੇ ਮਹਿਲਾਂ ਵਿਚ ਜੋ ਦਾਸੀਆਂ ਦੇ ਚੁੰਡ ਵਿਖਾਈ ਦੇਂਦੇ ਸਨ, ਉਹ ਇਸੇ ਮੰਡੀ ਰਾਹੀਂ ਆਉਂਦੀਆਂ ਸਨ। ਇਹ ਲੌਕ ਸੂਰਜ ਦੇਵ (ਮਲਕ) ਦੇ ਬੁੱਤ ਨੂੰ ਭੇਡਾਂ, ਬੱਕਰੀਆਂ, ਪਸ਼ੂਆਂ,ਆਦਮੀ ਦੇ ਬਚਿਆਂ ਦੀਆਂ ਕੁਰਬਾਨੀ ਦੇਦੇਂ ਸਨ।

ਫ਼ਿਨੀਸ਼ੀਅਨ ਲੌਕਾਂ ਦੇ ਤਿੰਨ ਵੱਡੇ ਸ਼ਹਿਰ ਬਿਬਲੂਸ, ਸਿਡਨ ਤੇ ਤਾਇਰ ਹੁੰਦੇ ਸਨ, ਜੋ ਅਸਲ ਤੌਰ ਤੇ ਬੰਦਰਗਾਹਾਂ ਹੀ ਸਨ। ਬਹੁਤੇ ਵਿਦਵਾਨਾਂ ਦਾ ਖ਼ਿਆਲ ਹੈ ਕਿ ਤਾਰਿਆਂ, ਗ੍ਰਹਿਆਂ, ਬਾਰਾਂ ਰਾਸਾਂ, ਸਤਵਾਰੇ ਦੇ ਵਾਰਾਂ ਨੂੰ ਬਹੁਤੇ ਨਾਂ ਇਨ੍ਹਾਂ ਲੋਕਾਂ ਦੇ ਰੱਖੇ ਹੋਏ ਹਨ। ਹਿੰਦੁਸਤਾਨੀਆਂ ਵਾਂਗ, ਯੂਨਾਨੀਆਂ ਨੇ ਵੀ ਲਿਖਣ ਦੇ ਹੁਨਰ ਤੇ ਲਿਪੀ ਇਨ੍ਹਾਂ ਫ਼ਿਨੀਸ਼ੀਅਨ ਲੋਕਾਂ ਤੋਂ ਲਈ। ਯੂਨਾਨੀ ਆਪਣੀ ਲਿਪੀ ਨੂੰ 'ਫ਼ਿਨੀਸ਼ੀਅਨ ਅੱਖਰ'[8] ਆਖਦੇ ਸਨ। ਜਦ ਰੋਮਨਾਂ ਨੇ ਯੂਨਾਨੀਆਂ ਉੱਤੇ ਜਿੱਤ ਪਾਈ ਤਾਂ ਆਪਣੀ ਰੋਮਨ ਲਿਪੀ ਯੂਨਾਨੀਆਂ ਤੋਂ ਲਈ। ਯੂਰਪ ਦੀਆਂ ਸਾਰੀਆਂ ਲਿਪੀਆਂ ਕਿਤਾਬੀ (Roman Script) ਵੱਡੀ ਤੇ ਛੋਟੀ, ਅੰਗ੍ਰੇਜ਼ੀ, ਜਰਮਨ, ਰੂਸੀ ਆਦਿ ਸਭ ਇਸੇ ਰੋਮਨ ਤੋਂ ਬਣੀਆਂ ਹਨ।

ਇਸੇ ਤਰ੍ਹਾਂ ਯੂਨਾਨੀਆਂ ਵਾਂਗ ਹਿੰਦੁਸਤਾਨੀਆਂ ਨੇ ਵੀ ਲਿੱਖਣ ਦੀ ਜਾਂਚ ਫ਼ਿਨੀਸ਼ੀਅਨ ਲੋਕਾਂ ਤੋਂ ਸਿਖੀ। ਸਤਾਈ ਸੌ (2700) ਵਰ੍ਹੇ ਪਹਿਲਾਂ ਦੋ ਦਰਵਾੜੀ ਆਦਿ ਸੌਦਾਗਰਾਂ ਨੇ ਸੋਲਾਂ ਕੁ ਅੱਖਰ ਹਿੰਦੁਸਤਾਨ ਲਿਆਏ ਸਨ, ਉਹ 'ਫ਼ਿਨੀਸ਼ੀਅਨ ਅੱਖਰ' ਹੀ ਸਨ। ਇਹ ਅੱਖਰ ਕਾਰੋਬਾਰ ਵਿਚ ਇਸਤੇਮਾਲ ਕੀਤੇ ਜਾਂਦੇ ਸਨ। ਇਨ੍ਹਾਂ ਹੀ ਅੱਖਰਾਂ ਨੂੰ ਸੰਸਕ੍ਰਿਤ ਤੇ ਵਿਆਕਰਣੀਆਂ ਨੇ ਵਧਾ ਸੰਵਾਰ ਕੇ ਬ੍ਰਹਮੀ ਲਿਪੀ[9] ਬਣਾਈ ਜੋ ਸਾਰੀ ਦੇਸੀ ਲਿਪੀਆਂ ਦੀ ਵੱਡੀ ਅੰਮਾ ਹੈ। ਵਿਦਵਾਨ ਬਰਨੇਲ[10] ਦਾ ਮੱਤ ਵੀ ਇਹੋ ਹੈ ਕਿ ਫ਼ਿਨੀਸ਼ੀਅਨ ਲੋਕਾਂ ਤੋਂ ਭਾਰਤ ਵਾਸੀਆਂ ਨੇ ਲਿਖਣਾ ਸਿਖਿਆ ਅਤੇ ਫ਼ਿਨੀਸ਼ੀਅਨ ਲੋਕਾਂ ਤੋਂ ਭਾਰਤ ਵਾਸੀਆਂ ਨੇ ਲਿਖਣਾ ਸਿਖਿਆ ਅਤੇ ਫ਼ਿਨੀਸ਼ੀਅਨ ਅੱਖਰਾਂ ਦਾ ਜਿਨ੍ਹਾਂ ਤੋਂ ਦੱਖਣੀ, ਅਸ਼ੋਕ ਲਿਪੀ(ਬ੍ਰਾਹਮੀ) ਬਣੀ, ਭਾਰਤ ਵਰਸ਼ ਵਿੱਚ ਈਸਵੀਂ ਸੰ: ਪੂਰਵ 500 ਵਰ੍ਹੇ ਤੋਂ ਪਹਿਲਾਂ ਪ੍ਰਵੇਸ਼ ਨਹੀਂ ਹੋਇਆ ਅਤੇ ਸ਼ਾਇਦ ਈਸਵੀਂ ਸੰਨ ਤੋਂ 400 ਵਰ੍ਹੇ ਪਹਿਲਾਂ ਨਹੀਂ।

ਅੰਤ ਵਿਚ ਅਸੀਂ ਉਪਰੋਕਤ ਵਿਸ਼ਲੇਸ਼ਣ ਤੋਂ ਬਾਅਦ ਸਾਰ ਰੂਪ ਵਿਚ ਆਖ ਸਕਦੇ ਹਾਂ ਕਿ ਫ਼ਿਨੀਸ਼ੀਅਨ ਤਹਿਜ਼ੀਬ (ਸਭਿਅਤਾ) ਦਾ ਚਰਿੱਤਰ ਸੌਦਾਗਰੀ, ਜਹਾਜ਼ਰਾਨੀ ਅਤੇ ਕਾਮੀ ਹੋਣ ਦੇ ਬਾਵਜੂਦ ਪੂਰੇ ਸੰਸਾਰ ਨੂੰ ਜੋ ਉਨ੍ਹਾਂ ਮਹਾਨ 'ਸ਼ਬਦ-ਮੂਲ ਲਿਪੀ' ਦਾ ਤੋਹਫ਼ਾ ਦਿੱਤਾ, ਉਸ ਲਈ ਸਾਰੀ ਲੋਕਾਈ ਉਹਨਾਂ ਦੀ ਅਹਿਸਾਨਬੰਦ ਰਹੇਗੀ। ਇਹੋ ਲਿਪੀ ਸਾਰੀਆਂ ਸੰਸਾਰੀ ਲਿਪੀਆਂ ਦੀ ਮੂਲ ਹੈ।

ਟਿੱਪਣੀਆਂ ਅਤੇ ਹਵਾਲੇ

1. Glenn, Markoe- Phoenicians, Uninversity of California Press, 2000, P: 108
2. Zellig, Sabbettai Harris- A grammar of the Phoenician Language, 1990, P:6
3. Gove, P. Babcock (ed) - Webster's third New Inter national Dictionary of the English Language, Unabridged, spring Field, M.A. MW, 199?
4. Beck- A Grammar of Phoenician and Punic, 1976.
5. Fischer, Steven Roger- A history of writing, Reaktion Books, 2004, P: 90

   " The Phoenician alphabet, called by convention the Proto-Canaanite alphabet for inscriptions older than 1200 BCE was a non-pictographic consonantal alphabet or abjad. It was used for the writing of Phoenician, a Northern Semitic Language, used by the civilization of Phoenicia. It is Classified as an abjad because it records only consonantal sounds. Phoenician became one of the most widely used

writing systems, spread by Phoenician merchants across the Mediterranean world where it was assimulated by many other cultures and evolved."

6. ਜੀ.ਬੀ.ਸਿੰਘ - ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, ਛਾਪ 2010, ਅੰਕ:31
7. ਸਰਦਾਰ ਜੀ.ਬੀ.ਸਿੰਘ - ਗੁਰਮੁਖੀ ਲਿਪੀ: ਭਾਸ਼ਾ ਤੇ ਸਾਹਿਤ, (ਸੰ) ਡਾ. ਗੁਲਜ਼ਾਰ ਸਿੰਘ ਕੰਗ ਚੰਡੀਗੜ੍ਹ, 2011, ਅੰਕ: 169
8. ਜੀ.ਬੀ.ਸਿੰਘ- ਪੂਰਵ ਅੰਕਤ, ਅੰਕ: 31
9. ਸਰਦਾਰ ਜੀ.ਬੀ.ਸਿੰਘ- ਪੂਰਵ ਅੰਕਤ, ਅੰਕ: 27
   (ਸੰ) ਡਾ. ਗੁਲਜ਼ਾਰ ਸਿੰਘ ਕੰਗ
10. South Indian Paleo graphy, P:9

****

੪
ਗੁਰਮੁਖੀ ਅੱਖਰਾਂ ਦੀਆਂ ਪੈੜਾਂ

ਗੁਰਮੁਖੀ ਅੱਖਰ ਸਮੇਂ-ਸਮੇਂ ਅਨੇਕਾਂ ਪੜਾਵਾਂ ਨੂੰ ਪਾਰ ਕਰ ਕੇ ਸਾਡੇ ਕੋਲ ਪੁੱਜੇ ਹਨ। ਗੁਰਮੁਖੀ ਅੱਖਰਾਂ ਦੀਆਂ ਪੈੜਾਂ ਦੀ ਨਿਸ਼ਾਨਦਹੀ ਕਰਨੀ ਉਚਿੱਤ ਵੀ ਹੋ ਜਾਂਦੀ ਹੈ। ਗੁਪਤਾ ਲਿਪੀ ਦਾ ਕਾਲ 400-500 ਸੰਨ ਈਸਵੀ ਹੈ। ਇਸ ਸਮੇਂ ਬ੍ਰਾਹਮੀ ਦੀਆਂ ਦੋ ਸ਼ਾਖਾਂ ਪ੍ਰਚਿਲਤ ਸਨ : ਉੱਤਰੀ ਅਤੇ ਦੱਖਣੀ। ਉੱਤਰੀ ਬ੍ਰਾਹਮੀ ਲਿਪੀ ਵਿਚੋਂ ਨਾਗਰੀ, ਸ਼ਾਰਦਾ ਆਦਿ ਆਈਆਂ। ਦੱਖਣੀ ਸ਼ਾਖਾਂ ਤੋਂ ਤਾਮਲ, ਤੇਲਗੂ, ਕੰਨੜਾ ਆਦਿ ਹੋਂਦ ਵਿੱਚ ਆਈਆਂ। ਗੁਪਤਾ ਲਿਪੀ ਤੋਂ ਕੁਟਿਲ ਲਿਪੀ ਉਪਜੀ ਜੋ ਪੰਜਾਬੀ ਪਹਿਲਾਂ ਪ੍ਰਚਿਲੱਤ ਹੋਈ। ਇਹ 500-900 ਸੰਨ ਈਸਵੀ ਤੱਕ ਪ੍ਰਚਿਲੱਤ ਰਹੀ। ਕੁਟਿਲ ਲਿਪੀ ਤੋਂ ਸ਼ਾਰਦਾ ਅਤੇ ਨਾਗਰੀ ਲਿਪੀਆਂ ਉਪਜੀਆਂ ਮੰਨੀਆਂ ਜਾਂਦੀਆਂ ਹਨ।

ਪ੍ਰਸਿੱਧ ਵਿਦਵਾਨਾਂ ਦਾ ਇਹ ਸਿਧਾਂਤ ਹੈ ਕਿ ਗੁਰਮੁਖੀ ਦਾ ਨਿਕਾਸ ਟਾਕਰਿਆ ਤੋਂ, ਟਾਕਰਿਆਂ ਦਾ ਸ਼ਾਰਦਾ ਤੋਂ ਅਤੇ ਸ਼ਾਰਦਾ ਦਾ ਕੁਟਿਲ ਲਿਪੀ ਤੋਂ ਹੋਇਆ ਹੈ। ਪਰੰਤੂ ਜੇ ਅਸੀਂ ਕੁਟਿਲ ਲਿਪੀ ਦੀ ਵਰਣਮਾਲਾ ਨੂੰ ਗਹੁ ਨਾਲ ਵੇਖੀਏ ਜੋ ਜਾਪਾਨ ਤੋਂ ਹੋਰਯੁਜ਼ਾ ਦੇ ਮਠ ਤੋਂ ਮਿਲੀ ਹੈ ਅਤੇ ਜਿਸ ਦਾ ਸਮਾਂ 500-550 ਸੰਨ ਈਸਵੀ ਹੈ ਤਾਂ ਸਾਨੂੰ ਗੁਰਮੁਖੀ ਤੇ ਕੁਟਿਲ ਲਿਪੀ ਦੇ ਅੱਖਰਾਂ ਵਿੱਚ ਕੋਈ ਖਾਸ ਅੰਤਰ ਨਹੀਂ ਜਾਪਦਾ। ਇਹ ਪੂਰੀ ਵਰਣਮਾਲਾ ਉਸਣੀ - ਸ਼ਵਿਜਯ ਧਾਰਣੀ ਨਾਂ ਦੀ ਤਾੜ-ਪੱਤਰ ਉੱਤੇ ਲਿਖੀ ਪੁਸਤਕ ਦੇ ਅੰਤ ਵਿੱਚ ਦਰਜ ਹੈ। ਇਸ ਉਸਣੀ ਸ਼ਵਿਜਯ ਧਾਰਣੀ ਵਾਲੀ ਵਰਣਮਾਲਾ ਦੇ ਅੱਖਰਾਂ ਵਿੱਚ ੳ, ੲ, ਕ, ਖ, ਗ, ਘ, ਝ, ਚ, ਛ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਭ, ਮ, ਯ, ਰ, ਲ, ਵ ਆਦਿ ਅੱਖਰ ਸਮੁੱਚੇ ਤੌਰ 'ਤੇ ਪੰਜਾਬੀ ਅੱਖਰਾਂ ਨਾਲ ਅਤੀ ਨਿਕਟ ਸੰਬੰਧ ਰੱਖਦੇ ਹਨ। ਅੱਖਰ "ਬ' ਅਤੇ 'ਵ' ਵੀ ਭੇਦ ਰਹਿਤ ਹਨ। ਇਸੇ ਤਰ੍ਹਾਂ ਵੱਡੀ ਲਿਰੀ, ਲਿਰੀ, ਛੋਟੀ ਰੀ, ਵੱਡੀ ਰੀ ਦੇ ਦਰਸ਼ਨ ਵੀ ਇਸੇ ਵਰਣਮਾਲਾ ਰਾਹੀਂ ਸਾਕਾਰ ਹੋਏ ਹਨ।

ਹੇਠਾਂ ਅਸੀਂ ਗੁਰਮੁਖੀ ਦੇ ਇੱਕ-ਇੱਕ ਅੱਖਰ ਦੀਆਂ ਤਵਾਰੀਖੀ ਪੈੜਾਂ ਨੂੰ ਭਾਲਣ ਦਾ ਯਤਨ ਕਰਾਂਗੇ।

ੳ

ਗੁਰਮੁਖੀ ਦੇ ਅੱਖਰ 'ੳ' ਦੇ ਤਵਾਰੀਖੀ ਸਰੂਪ ਦੀ ਬੁਨਿਆਦ ਕੁਟਿਲ ਲਿਪੀ ਦੇ ਸਮੇਂ ਮੰਦਸੋਰ (532 ਸੰਨ ਈਸਵੀ) ਦੇ ਲੇਖ ਵਿਚੋਂ ਉਘੜਨਾ ਸ਼ੁਰੂ ਹੋ ਜਾਂਦਾ ਹੈ। ਹੋਰਯੋਜ਼ੀ (500-550 ਸੰਨ ਈਸਵੀ) ਸਮੇਂ ਇਸ ਦਾ ਸਰੂਪ ਤਕਰੀਬਨ ਮੰਦਸੋਰ ਜਿਹਾ ਹੀ ਰਹਿੰਦਾ ਹੈ। ਬਖਸ਼ਾਲੀ (800 ਸੰਨ ਈਸਵੀ) ਵਿੱਚ ਇਸ ਦਾ ਸਰੂਪ ਸਾਫ਼ ਹੋਣਾ ਸ਼ੁਰੂ ਹੁੰਦਾ ਹੈ। ਕੁੱਲੂ ਦੇ 1559 ਸੰਨ ਈਸਵੀ ਵਿੱਚ ਅਜੋਕੇ 'ੳ' ਦੇ ਬਹੁਤ ਕਰੀਬ ਆ ਜਾਂਦਾ ਹੈ। ਸ਼ਕੁੰਤਲਾ ਹੱਥ ਲਿਖਤ (ਸੋਲਵੀਂ ਸਦੀ) ਅਤੇ ਮੌਜੂਦਾ ਸ਼ਾਰਦਾ ਵਿੱਚ ਇਸ ਦਾ ਸਰੂਪ ਕੁੱਝ ਹਟਵਾਂ ਲੱਗਦਾ ਹੈ ਪਰ ਟਾਕਰੀ ਵਿੱਚ ਆ ਕੇ ਇਸ ਦਾ ਸਰੂਪ ਕੁੱਲੂ ਨਾਲ ਮਿਲਣਾ ਲੱਗਦਾ ਹੈ। ਇੰਝ ਟਾਕਰੀ ਅਤੇ ਲੰਡਿਆਂ ਵਿੱਚ ਇਸ ਦਾ ਸਰੂਪ ਅਜੋਕੇ 'ੳ'ਵਾਲਾ ਹੀ ਬਣ ਜਾਂਦਾ ਹੈ। ਬਾਬਾ ਮੋਹਨ ਜੀ ਦੀਆ ਪੋਥੀਆਂ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ,

ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਜੀ ਦਾ ਸ਼ਿਕਸਤਾ ਵਿੱਚ ਅਜੋਂਕੇ 'ੳ' ਦਾ ਸਰੂਪ ਨਿੱਖਰ ਕੇ ਆ ਜਾਂਦਾ ਹੈ।

ਮੰਦਸੋਰ (532 ਸੰਨ ਈਸਵੀ)	[illegible]
ਹੋਰਯੁਜ਼ੀ (500 –550 ਸੰਨ ਈਸਵੀ)	[illegible]
ਬਖਸ਼ਾਲੀ (800 ਸੰਨ ਈਸਵੀ)	[illegible]
ਤੁੱਲ (1559 ਸੰਨ ਈਸਵੀ)	[illegible]
ਸ਼ਾਰਦਾ ਜੌਸ-ਪਿੰਡ (ਨੌਵੀਂ ਸਦੀ)	B
ਸ਼ਾਰਦਾ (ਗੰਡ੍ਰਾ)	[illegible]
ਟਾਕਰੀ	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ ਜੀ (155 –1574 ਸੰਨ ਈਸਵੀ)	[illegible]
ਬੀੜ ਧਰਮਸ਼ਾਲਾ ਤਖ਼ਤ ਬੂੜਾ ਸਿੰਘ (ਸੋਲ੍ਹਵੀਂ ਸਦੀ)	ੳ
ਸਾਖੀ ਵਲਾਇਤ ਵਾਲੀ (ਸਤਾਰ੍ਹਵੀਂ ਸਦੀ)	ੳ
ਦਸ਼ਮੇਸ਼ ਜੀ ਦਾ ਸ਼ਿਕਸਤਾ (18ਵੀਂ ਸਦੀ)	[illegible]
ਅਜੋਕਾ ਗੁਰਮੁਖੀ ਅੱਖਰ	ੳ

ਅ

ਬ੍ਰਹਮੀ ਦੀ ਉੱਨਤੀ ਵਿੱਚ 'ਅ' ਦੇ ਵਿਭਿੰਨ ਸਰੂਪ ਸਾਹਮਣੇ ਆਏ ਹਨ। ਬਾਵਰ ਅਤੇ ਮੰਦਸੋਰ ਵਿੱਚ 'ਅ' ਦਾ ਸਰੂਪ ਆਪਣੀਆਂ ਮੁੱਢਲੀਆਂ ਪੈੜਾਂ ਪੁੱਟਦਾ ਪ੍ਰਤੀਤ ਹੁੰਦਾ ਹੈ। ਹੋਰਯੁਜ਼ੀ ਅਤੇ ਬਖਸ਼ਾਲੀ ਵਿੱਚ ਇਸ ਦਾ ਸਰੂਪ ਨਿੱਖੜ ਆਉਂਦਾ ਹੈ।

ਬਾਵਰ (400 - 500 ਸੰਨ ਈਸਵੀ)	[illegible]
ਮੰਦਸੋਰ (532- ਸੰਨ ਈਸਵੀ)	[illegible]
ਹੋਰਯੁਜ਼ੀ (500 - 550 ਸੰਨ ਈਸਵੀ)	[illegible]
ਬਖਸ਼ਾਲੀ (800 ਸੰਨ ਈਸਵੀ)	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ ਜੀ (1558-1574 ਈ)	[illegible]
ਬੀੜ ਧਰਮਸ਼ਾਲਾ ਤਖ਼ਤ ਬੂੜਾ ਸਿੰਘ (16ਵੀਂ ਸਦੀ)	[illegible]
ਸਾਖੀ ਵਲਾਇਤ ਵਾਲੀ (17ਵੀਂ ਸਦੀ)	ਅ
ਦਸ਼ਮੇਸ਼ ਦਾ ਸ਼ਿਕਸਤਾ (18ਵੀਂ ਸਦੀ)	[illegible]
ਅਜੋਕਾ ਗੁਰਮੁਖੀ ਅੱਖਰ	ਅ

ਲੰਡਿਆਂ ਵਿੱਚ 'ਅ' ਆਪਣਾ ਪੂਰਾ ਸਰੂਪ ਗ੍ਰਹਿਣ ਕਰਦਾ ਹੈ ਪਰ ਪੋਥੀਆਂ ਬਾਬਾ ਮੋਹਨ ਸੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ ਅਤੇ ਸਾਖੀ ਵਲਾਇਤ ਵਾਲੀ ਵਿੱਚ ਇਸ ਦਾ ਸਰੂਪ ਥੋੜੇ ਅੰਤਰਾਂ ਨਾਲ ਮਿਲਦਾ ਜੁਲਦਾ ਪ੍ਰਤੀਤ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਸ਼ਿਕਸਤਾ ਵਿੱਚ ਇਸ ਦਾ ਸਰੂਪ ਸਾਖੀ ਵਲਾਇਤ ਦਾ ਆਕਾਰ ਜਿਹਾ ਜਾਪਦਾ ਹੈ। ਲੰਡੇ ਵਾਲਾ 'ਅ' ਤਾਂ ਗੁਰਮੁਖੀ ਦੇ 'ਅ' ਨਾਲ ਹੂ ਬ ਹੂ ਮਿਲਦਾ ਹੈ।

ੲ

'ੲ' ਦੇ ਸਰੂਪ ਦੀ ਮੁੱਢਲੀ ਬਣਤਰ ਤਿੰਨ ਤਿਕੋਣ ਰੂਪ ਵਿੱਚ ਰੱਖੀਆਂ ਬਿੰਦੀਆਂ ਤੋਂ ਪ੍ਰਗਟ ਹੁੰਦੀ ਹੈ। ਮੰਦਸੋਰ ਅਤੇ ਹੋਰਯੁਜ਼ੀ ਦੇ ਲੇਖਾਂ ਵਿੱਚ 'ੲ' ਦਾ ਚਿੰਨ੍ਹ ਗੁਰਮੁਖੀ ਦੇ ਬਹੁਤ ਨੇੜੇ ਆ ਗਿਆ ਹੈ। ਇਸ ਤਿਕੋਣ ਵਿੱਚ ਕੇਵਲ 'ਟ' ਵਧਾਉਣ ਦੀ ਜ਼ਰੂਰਤ ਹੈ ਤਾਂ ਇਹ ਗੁਰਮੁਖੀ ਦੀ 'ੲ' ਬਣ ਜਾਂਦਾ ਹੈ।

ਮੰਦਸੋਰ	
ਹੋਰਯੁਜ਼ੀ	
ਬਖਸ਼ਾਲੀ	
ਟਾਕਰੀ	
ਪੋਥੀਆਂ ਬਾਬਾ ਮੋਹਨ ਜੀ	
ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ	
ਸਾਖੀ ਵਲਾਇਤ ਵਾਲੀ	
ਦਸ਼ਮੇਸ਼ ਦਾ ਸ਼ਿਕਸਤਾ	
ਅਜੋਕਾ ਗੁਰਮੁਖੀ ਅੱਖਰ	ੲ

ਬਖਸ਼ਾਲੀ ਦੀ 'ੲ' ਤਾਂ ਗੁਰਮੁਖੀ ਦੇ ਅੱਖਰ ਨਾਲ ਹੂ ਬ ਹੂ ਮਿਲਦੀ ਹੈ। ਜਿਥੋਂ ਤੱਕ ਟਾਕਰੀ ਦੇ ਸਰੂਪ ਦਾ ਸੰਬੰਧ ਹੈ, ਉੱਥੇ ਕੇਵਲ ਉਪਰਲੇ ਸਿਰੇ ਅੰਦਰ ਇੱਕ ਛੋਟੀ ਲੀਕ ਪਾਉਣ ਦੀ ਜ਼ਰੂਰਤ ਹੈ। ਬਾਬਾ ਮੋਹਨ ਜੀ ਦੀਆਂ ਪੋਥੀਆਂ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ ਅਤੇ ਸਾਖੀ ਵਲਾਇਤ ਵਾਲੀ 'ੲ' ਦੇ ਸਰੂਪ ਤਕਰੀਬਨ ਮਿਲਦੇ ਜੁਲਦੇ ਹਨ। ਦਸ਼ਮੇਸ਼ ਦਾ ਸ਼ਿਕਸਤਾ ਸਰੂਪ 'ੲ' ਦਾ ਅਜੋਕੇ ਅੱਖਰ ਦਾ ਹਮਰੂਪ ਹੀ ਹੈ।

ਸ

'ਸ' ਦਾ ਸਰੂਪ ਬਾਵਰ (400-500 ਸੰਨ ਈਸਵੀ) ਦੀ ਲਿੱਖਤਾਂ ਵਿਚੋਂ ਪ੍ਰਗਟ ਹੋਣ ਸ਼ੁਰੂ ਹੁੰਦਾ ਹੈ। ਹੋਰਯਜ਼ੀ ਅਤੇ ਬਖਸ਼ਾਲੀ ਦੀਆਂ ਲਿਖਤਾਂ ਵਿੱਚ ਇਸ ਦਾ ਸਰੂਪ ਥੋੜੇ ਜਿਹੇ ਅੰਤਰ ਨਾਲ ਮਿਲਦਾ ਜੁਲਦਾ ਪ੍ਰਤੀਤ ਹੁੰਦਾ ਹੈ। ਇਲਾਹਾਬਾਦ ਵਾਲੇ 'ਸ' ਦਾ ਸਰੂਪ

ਗੁਰਮੁਖੀ ਤੇ ਨਾਗਰੀ ਦੇ ਆਸਪਾਸ ਦਾ ਹੈ ਪਰ ਸ਼ਾਰਦਾ ਅਤੇ ਟਾਕਰੀ ਦਾ 'ਸ' ਬੰਦ ਸਿਰੇ ਵਾਲੇ ਰੂਪ ਵਿੱਚ ਪ੍ਰਕਾਸ਼ਮਾਨ ਹੁੰਦਾ ਹੈ। ਕੁੱਲੂ ਦੇ 'ਸ' ਨੂੰ ਉਪਰੋਂ ਲੀਕ ਹੀ ਲਾਉਣੀ ਨਾਲ ਸੰਪੂਰਨ ਹੋ ਜਾਂਦਾ ਹੈ। ਪੋਥੀਆਂ, ਬੀੜ, ਸਾਖੀ, ਸ਼ਿਕਸਤਾ ਵਿੱਚ ਇਸ ਦੇ ਸਰੂਪਾਂ ਵਿੱਚ ਥੋੜਾ ਅੰਦਰ ਸਾਫ਼ ਦਿਖਾਈ ਦੇਂਦਾ ਹੈ।

ਇਲਾਹਾਬਾਦ (375 ਈ. ਈਸਵੀ)	[illegible]
ਬਾਵਰ (400-500 ਈਸਵੀ)	[illegible]
ਹੋਰਯੂਜ਼ੀ (500-550 ਈਸਵੀ)	[illegible]
ਬਖਸ਼ਾਲੀ (900 ਈਸਵੀ)	[illegible]
ਕੁੱਲੂ	[illegible]
ਸ਼ਾਰਦਾ (ਕੈਲੂਕਾ)	[illegible]
ਟਾਕਰੀ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਬੀੜ ਧਰਮਸ਼ਾਲਾ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦੀ ਸ਼ਿਕਸਤਾ	[illegible]
ਅਜੋਕਾ ਗੁਰਮੁਖੀ ਅੱਖਰ	ਸ

ਹ

ਤੀਜੀ ਸਦੀ ਈਸਵੀ ਪੂਰਵ ਦੇ ਅਸ਼ੋਕ ਸ਼ਿਲਾਲੇਖਾਂ, ਜੋ ਗਿਰਨਾਰ (ਕਾਠੀਆਵਾੜ) ਵਿੱਚ ਮੌਜੂਦ ਹਨ, ਦਾ 'ਹ' ਗੁਰਮੁਖੀ ਦੇ 'ਹ' ਦਾ ਉਲਟਾ ਰੂਪ ਹੀ ਦਿਸਦਾ ਹੈ। ਮੰਦਸੋਰ ਵਾਲੇ 'ਹ' ਦਾ ਸਰੂਪ ਇੱਕ ਪਾਸੇ ਵੱਲ ਜਾਪਦਾ ਹੈ ਪਰ ਇਲਾਹਾਬਾਦ ਦੇ 'ਹ' ਦਾ ਸਰੂਪ ਗੁਰਮੁਖੀ ਵਾਲਾ ਹੀ ਦਿਸਦਾ ਹੈ। ਲੰਡਿਆਂ ਵਿੱਚ ਸਰੂਪ ਥੋੜਾ ਹੱਟਵੀਂ ਨਜ਼ਰ ਆਉਂਦਾ ਹੈ। ਬਾਬਾ ਮੋਹਨ ਜੀ ਦੀਆਂ ਪੋਥੀਆਂ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਦਾ ਸਰੂਪ ਨਿਖਰਦਾ ਨਿਖਰਦਾ, ਦਸ਼ਮੇਸ਼ ਪਿਤਾ ਦੇ ਸ਼ਿਕਸਤਾ ਰਾਹੀਂ ਸਪੱਸ਼ਟ ਹੋ ਜਾਂਦਾ ਹੈ। ਕਸ਼ਮੀਰੀ ਲਿੱਖਤ ਤੇ ਦਮਦਮੇ ਵਾਲੀ ਲਿੱਖਤ ਵਿੱਚ 'ਹ' ਦਾ ਸਰੂਪ ਹੂ ਬ ਹੂ ਅਜੋਕੇ ਗੁਰਮੁਖੀ ਅੱਖਰ 'ਹ' ਜਿਹਾ ਹੀ ਆ ਜਾਂਦਾ ਹੈ।

ਗਿਰਨਾਰ (ਕਾਠੀਆਵਾੜ)	[illegible]
ਮੰਦਸੋਰ	[illegible]
ਇਲਾਹਾਬਾਦ	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦਾ ਸ਼ਿਕਸਤਾ	[illegible]
ਅਜੋਕਾ ਗੁਰਮੁਖੀ ਅੱਖਰ	ਹ

ਕ

ਗੁਰਮੁਖੀ 'ਕ' ਅੱਖਰ ਦਾ ਸਰੂਪ ਬਾਵਰ ਦੀਆਂ ਹੱਥ ਲਿੱਖਤਾਂ 'ਚੋਂ ਉਘੜਨਾ ਸ਼ੁਰੂ ਹੁੰਦਾ ਹੈ। ਹੋਰਯੁਸ਼ੀ ਦੇ ਸਮੇਂ ਇਹ ਆਪਣਾ ਪਹਿਲਾ ਰੂਪ ਗ੍ਰਹਿਣ ਕਰਦਾ ਹੈ।

ਬਾਵਰ	[illegible]
ਹੋਰਯੁਜ਼ੀ	[illegible]
ਬਖਸ਼ਾਲੀ	[illegible]
ਸਰਾਹਾਂ (10ਵੀਂ ਸਦੀ)	[illegible]
ਕੁੱਲੂ	[illegible]
ਟਾਕਰੀ	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ ਜੀ	ਕ
ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ	ਕ
ਸਾਖੀ ਵਲਾਇਤ ਵਾਲੀ	ਕ
ਦਸ਼ਮੇਸ਼ ਦਾ ਸ਼ਿਕਸਤਾ	ਕ
ਅਜੋਕਾ ਗੁਰਮੁਖੀ ਅੱਖਰ	ਕ

ਬਖਸ਼ਾਲੀ ਦੀਆਂ 800 ਸੰਨ ਈਸਵੀ ਦੀਆਂ ਲਿੱਖਤਾਂ ਵਿੱਚ ਇਸ ਦਾ ਸਰੂਪ ਪਛਾਣਿਆ ਜਾਂਦਾ ਹੈ ਪਰ ਸਰਾਹਾਂ (10ਵੀਂ ਸਦੀ) ਵਿੱਚ 'ਕ' ਦਾ ਸਥੂਲ ਰੂਪ ਪ੍ਰਗਟ ਹੁੰਦਾ ਵੇਖਿਆ ਜਾ ਸਕਦਾ ਹੈ। ਕੁੱਲੂ ਅਤੇ ਟਾਕਰੀ ਵਿੱਚ 'ਕ' ਦਾ ਸਰੂਪ ਥੋੜਾਂ ਹਟੱਵਾਂ ਦਿਸਦਾ ਹੈ। ਲੰਡਿਆਂ ਵਿੱਚ ਤਾਂ 'ਕ' ਦਾ ਸਰੂਪ ਅਜੋਕੇ ਗੁਰਮੁਖੀ ਅੱਖਰ ਦਾ ਭਰਾ ਹੀ ਜਾਪਦਾ ਹੈ। ਜੇ ਇਹ ਆਖਿਆ ਜਾਵੇ ਕਿ ਅਜੋਕਾ ਅੱਖਰ ਲੰਡਿਆ ਦੀ ਦੇਣ ਹੈ ਤਾਂ ਕੋਈ ਅਤਿਕਥੱਨੀ ਨਹੀਂ ਹੋਵੇਗੀ। ਪੋਥੀਆਂ ਬਾਬਾ ਮੋਹਨ ਸਿੰਘ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦਾ ਸ਼ਿਕਸਤਾ ਦਾ 'ਕ' ਤਾਂ ਅਜੋਕੇ ਅੱਖਰ 'ਕ' ਦਾ ਹੀ ਸਾਕਾਰ ਰੂਪ ਅ ਜਾਂਦਾ ਹੈ।

ਖ

'ਖ' ਅੱਖਰ ਦਾ ਇਹ ਰੂਪ ਇਲਾਹਾਬਾਦ ਦੇ 375 ਸੰਨ ਈਸਵੀ ਸ਼ਿਲਾਲੇਖਾਂ ਵਿਚੋਂ ਨਿੱਖਰਣਾ ਸ਼ੁਰੂ ਹੁੰਦਾ ਹੈ। ਬਾਵਰ ਦੇ ਸਮੇਂ ਤਾਂ ਇਸ ਦਾ ਸਰੂਪ ਹੋਰ ਵੀ ਸਾਫ਼ ਹੋ ਜਾਂਦਾ ਹੈ।

ਮੰਦਸੋਰ ਅਤੇ ਹੋਰਯੁਜ਼ੀ ਦਾ 'ਖ' ਅਜੋਕੇ ਦਾ ਵੱਡਾ ਭਰਾਤਾ ਜਾਪਦਾ ਹੈ ਪਰ ਬਖਸ਼ਾਲੀ ਦੇ ਸ਼ਿਲਾਲੇਖਾ ਦਾ ਅੱਖਰ ਅਜੋਕੇ ਅੱਖਰ 'ਖ' ਨਾਲ ਮੇਲ ਖਾਂਦਾ ਹੈ। ਦਸਵੀਂ ਅਤੇ ਯਾਰਵੀਂ ਸਦੀ ਦੇ ਸ਼ਿਲਾਲੇਖਾਂ ਜਿਵੇਂ ਸਰਾਹਾਂ ਅਤੇ ਸੁੰਗਲ ਦਾ ਅੱਖਰ ਦਾ ਰੂਪ ਇੰਨ ਬਿੰਨ ਮਿਲਦਾ ਹੈ। ਕੁੱਲੂ ਦੇ ਸ਼ਿਲਾਲੇਖਾਂ ਵਾਲਾ 'ਖ' ਤਾਂ ਅਜੋਕੇ ਗੁਰਮੁਖੀ ਅੱਖਰ 'ਖ' ਦਾ ਪੂਰਨ ਰੂਪ ਸਾਕਾਰ ਕਰਦਾ ਹੈ। ਟਾਕਰੀ, ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ

ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਦਾ 'ਖ' ਅੱਖਰ ਆਪਣੇ ਪੂਰੇ ਪ੍ਰਕਾਸ਼ ਵਿੱਚ ਆ ਜਾਂਦਾ ਹੈ। ਦਸਮੇਸ਼ ਪਿਤਾ ਦਾ ਸ਼ਿਕਸਤਾ ਦਾ 'ਖ' ਅੱਖਰ ਆਪਣਾ ਹੀ ਸਰੂਪ ਗ੍ਰਹਿਣ ਕਰਦਾ ਹੈ।

ਇਲਾਹਾਬਾਦ	ਖ
ਬਾਵਰ	ਖ
ਮੰਦਸੌਰ	ਖ
ਹੋਰਯੁਜ਼ੀ	ਖ
ਬਖਸ਼ਾਲੀ	ਖ
ਸਰਾਹਾਂ (10ਵੀਂ ਸਦੀ)	ਖ
ਸੁੰਗਲ (11ਵੀਂ ਸਦੀ)	ਖ
ਲੰਡੇ	ਖ
ਟਾਕਰੀ	ਖ
ਪੋਥੀਆਂ ਬਾਬਾ ਮੋਹਨ ਜੀ	ਖ
ਬੀੜ [illegible]	ਖ
ਸਾਖੀ ਵਲਾਇਤ	ਖ
ਦਸਮੇਸ਼ ਦਾ ਸ਼ਿਕਸਤਾ	ਖ
ਅਜੋਕਾ ਗੁਰਮੁਖੀ ਅੱਖਰ	ਖ

ਗ

'ਗ' ਆਪਣਾ ਸਰੂਪ ਹੋਰਯੁਜ਼ੀ (500-550 ਸੰਨ ਈਸਵੀਂ) ਤੋਂ ਸ਼ੁਰੂ ਕਰਦਾ ਪ੍ਰਤੀਤ ਹੁੰਦਾ ਹੈ। ਹੌਲੀ ਹੌਲੀ ਹਰਸ਼ ਦੀਆਂ ਲਿਖਤਾਂ ਸਮੇਂ ਇਸ ਦਾ ਸਰੂਪ ਉਭਰਨਾ ਸ਼ੁਰੂ ਹੋ ਜਾਂਦਾ ਹੈ। ਦਸਵੀਂ ਸਦੀ ਦੀਆਂ ਸਰਾਹਾਂ ਲਿਖਤਾਂ ਵਿੱਚ 'ਗ' ਦਾ ਸਰੂਪ ਸ਼ਾਰਦਾ (ਮੌਜਦਾ) ਨਾਲ

ਹੋਰਯੁਜ਼ੀ (ਆਧਾਰ)	ਗ
ਹਰਸ਼ ਸਮੇਂ ਦੀ ਲਿਖਤ	ਗ
ਸਰਾਹਾਂ	ਗ
ਸ਼ਾਰਦਾ (ਮੌਜੂਦਾ)	ਗ
ਟਾਕਰੀ	ਗ
ਲੰਡੇ	ਗ
ਪੋਥੀਆਂ ਬਾਬਾ ਮੋਹਨ ਜੀ	ਗ
ਬੀੜ [illegible] ਹਕੀਮ ਬੂਟਾ ਸਿੰਘ	ਗ
ਸਾਖੀ ਵਲਾਇਤ ਵਾਲੀ	ਗ
ਦਸਮੇਸ਼ ਦਾ ਸ਼ਿਕਸਤਾ	ਗ
ਅਜੋਕਾ ਗੁਰਮੁਖੀ ਅੱਖਰ	ਗ

ਮਿਲਦਾ ਜੁਲਦਾ ਹੈ। ਟਾਕਰੀ ਦਾ 'ਗ' ਤਾਂ ਹੂ ਬ ਹੂ ਅਜੋਕੇ ਗੁਰਮੁਖੀ ਅੱਖਰ ਤੋਂ ਆਇਆ ਪ੍ਰਤੀਤ ਹੁੰਦਾ ਹੈ ਕਿਉਂਕਿ ਇਨ੍ਹਾਂ ਦੋਵਾਂ ਦਾ ਸਰੂਪ ਇਕੋ ਜਿਹਾ ਹੀ ਹੈ। ਲੰਡਿਆਂ ਦੇ 'ਗ' ਉੱਪਰ ਕੇਵਲ ਲੀਕ ਪਾਉਣ ਦੀ ਜ਼ਰੂਰਤ ਹੈ ਤਾਂ ਇਸ ਦਾ ਸਰੂਪ ਅਜੋਕੇ ਗੁਰਮੁਖੀ ਅੱਖਰ ਨਾਲ ਮੇਲ ਖਾ ਜਾਵੇਗਾ। ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ ਅਤੇ ਸਾਖੀ ਵਲਾਇਤ ਵਾਲੀ ਦਾ 'ਗ' ਅਜੋਕੇ ਸਰੂਪ ਵਾਲੇ ਹੀ ਹਨ।

ਘ

ਸ਼ੁਰੂ ਤੋਂ ਹੀ ਇਲਾਹਾਬਾਦ ਅਤੇ ਬਾਵਰ ਦੀਆਂ ਲਿਖਤਾਂ (375 ਸੰਨ ਈਸਵੀਂ ਅਤੇ 400-500 ਸੰਨ ਈਸਵੀਂ) ਵਿੱਚ ਤਿੰਨ ਲੀਕ-ਟੋਟੇ ਉੱਪਰ ਨੂੰ ਨਿਕਲੇ ਪ੍ਰਤੱਖ ਦਿੱਸਦੇ ਹਨ, ਜਿਵੇਂ ਅੰਗ੍ਰੇਜ਼ੀ ਦੇ ਸ਼ਬਦ 'W' ਦਾ ਝਾਉਲਾ ਪੈਂਦਾ ਹੈ। ਮੰਦਸੋਰ ਅਤੇ ਹੋਰਯੁਜ਼ੀ ਦੀਆਂ ਲਿੱਖਤਾਂ ਵਾਲਾ 'ਘ' ਗੁਰਮੁਖੀ ਨਾਲ ਮੇਲ ਖਾਂਦਾ ਹੈ।

ਇਲਾਹਾਬਾਦ	w
ਬਾਵਰ	w
ਮੰਦਸੋਰ	W
ਹੋਰਯੁਜ਼ੀ	[illegible]
ਹਰਸ਼ ਸਮੇਂ ਦੀ ਲਿੱਖਤ	[illegible]
ਸ਼ਕੁੰਤਲਾ ਹੱਥ-ਲਿੱਖਤ (16ਵੀਂ ਸਦੀ)	[illegible]
ਸ਼ਾਰਦਾ (ਮੌਜੂਦਾ)	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦਾ ਸ਼ਿਕਸਤਾ	[illegible]
ਅਜੋਕਾ ਗੁਰਮੁਖੀ ਅੱਖਰ	ਘ

ਹੋਰਯੁਜ਼ੀ ਦਾ 'ਘ' ਦਾ ਗੁਰਮੁਖੀ 'ਘ' ਦਾ ਵੱਡਾ ਭਾਈ ਜਾਪਦਾ ਹੈ। ਹਰਸ਼ ਸਮੇਂ ਦੀ ਲਿਖਤਾਂ ਅਤੇ ਸ਼ੁਕੰਤਲਾ ਹੱਥ-ਲਿਖਤਾਂ (ਸੋਲਵੀਂ ਸਦੀ) ਵਿਚਲੇ 'ਘ' ਦਾ ਸਰੂਪ ਇੰਨ ਬਿੰਨ ਗੁਰਮੁਖੀ ਜਿਹਾ ਹੀ ਹੋ ਜਾਂਦਾ ਹੈ ਜੋ ਅੱਗੇ ਚੱਲ ਕੇ ਅਜੋਕਾ ਸ਼ਾਰਦਾ ਵਿੱਚ ਪ੍ਰਤੱਖ ਸਾਕਾਰ ਹੋ ਜਾਂਦਾ ਹੈ। ਲੰਡਿਆਂ, ਪੋਥੀਆਂ ਬਾਬਾ ਮੋਹਨ ਜੀ, ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਪਿਤਾ ਦਾ ਸ਼ਿਕਸਤਾ ਤਾਂ ਗੁਰਮੁਖੀ ਜਿਹਾ ਹੀ ਦਿਸਦਾ ਹੈ ਸਿਰਫ਼ ਕੁੱਝ ਹੇਠਲੀ ਲੀਕ ਸਿੱਧੀ ਨਾ ਹੋ ਕੇ ਸੱਜੇ ਪਾਸ ਮੁੜੀ ਹੈ ਜਿਵੇਂ ਸਾਰਣੀ ਵਿੱਚ ਦਿਸਦਾ ਹੈ। ਸਾਖੀ ਵਲਾਇਤ ਵਾਲਾ 'ਘ' ਤਾਂ ਅਜੋਕਾ ਗੁਰਮੁਖੀ ਵਾਲਾ ਹੀ ਹੈ।

ਙ

'ਙ' ਅੱਖਰ ਦਾ ਸਰੂਪ ਬਾਵਰ ਦੇ ਸਿੱਕਿਆਂ ਤੋਂ ਨਕਲ ਕੀਤੇ ਅੱਖਰਾਂ ਅਤੇ ਹੋਰਯੁਜ਼ੀ ਵਰਣਮਾਲਾ ਵਿੱਚ ਇਸ ਦਾ ਸਰੂਪ ਪ੍ਰਤੱਖ ਸਾਕਾਰ ਹੁੰਦਾ ਹੈ। ਪ੍ਰੋ. ਜੋਗਿੰਦਰ ਸਿੰਘ

ਅਨੁਸਾਰ, 'ਅੰਤ ਨੂੰ ਮੁਲਤਾਈ ਦੇ 708-9 A.D. ਦੇ 'ਙ' ਦਾ ਸਰੂਪ ਬਿਲਕੁੱਲ ਗੁਰਮੁਖੀ ਜਿਹਾ ਬਣ ਜਾਂਦਾ ਹੈ।[2] ਇਸ ਅੱਖਰ ਦਾ ਸਰੂਪ ਬ੍ਰਹਮੀ ਵਿੱਚ ਨਜ਼ਰ ਨਹੀਂ ਆਉਂਦਾ। ਨਾਗਰੀ ਦੇ 'ਙ' ਨੂੰ ਸਾਕਾਰ ਕਰਨ ਲਈ ਪੈਰਾਂ ਵਿੱਚ ਮਘਰੋੜੀ ਦੀ ਥਾਂ ਹੇਠਲੀ ਲੀਕ ਨੂੰ ਖੱਬੇ ਹੱਥ ਮਰੋੜਾ ਦੇਣ ਦੀ ਲੋੜ ਹੈ। ਲੰਡਿਆਂ ਦਾ 'ਙ' ਤਾਂ ਗੁਰਮੁਖੀ ਜਿਹਾ ਹੀ ਦਿਸਦਾ ਹੈ ਕੇਵਲ ਇੱਕ ਲੀਕ ਪਾਉਣ ਦੀ ਉਪਰੋਂ ਜ਼ਰੂਰਤ ਹੈ।

ਬਾਵਰ	[illegible]
ਹੋਰਯੁਜੀ	[illegible]
ਬਖਸ਼ਾਲੀ	[illegible]
ਲੰਡੇ	[illegible]
ਅਜੋਕਾ ਗੁਰਮੁਖੀ ਅੱਖਰ	ਙ

ਪੋਥੀਆਂ ਬਾਬਾ ਮੋਹਨ ਜੀ, ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦੇ ਸ਼ਿਕਸਤਾ ਵਿਚ ਇਹ ਅੱਖਰ ਅਸਲੋਂ ਆਲੋਪ ਹੈ।

ਚ

'ਚ' ਅੱਖਰ ਦਾ ਸਰੂਪ ਸ਼ੁਰੂ ਤੋਂ ਹੀ ਬੜਾ ਅਦੁੱਤੀ ਰਿਹਾ ਹੈ। ਪਹਿਲੀ ਸਦੀ ਈਸਵੀ ਦੇ ਸਾਰਨਾਥ ਦੀਆਂ ਹੱਥ-ਲਿੱਖਤਾਂ ਵਿੱਚ ਇਸ ਅੱਖਰ ਦਾ ਸਰੂਪ ਗੁਰਮੁਖੀ ਦੇ 'ਚ' ਆਸ-ਪਾਸ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਤੋਂ ਬਾਅਦ ਸਾਰੇ ਸਰੂਪ ਜਿਵੇਂ ਇਲਾਹਾਬਾਦ, ਬਾਵਰ, ਮੰਦਸੋਰ, ਬਖਸ਼ਾਲੀ ਦੀਆਂ ਲਿੱਖਤਾਂ ਵਿੱਚ ਗੁਰਮੁਖੀ 'ਚ' ਨਾਲ ਸਮਾਨਤਾ ਦਰਸਾਉਂਦੇ ਸਪਸ਼ਟ ਦਿਖਾਈ ਦੇਦੇਂ ਹਨ। 'ਚ' ਦਾ ਸਰੂਪ ਸਮੇਂ ਸਮੇਂ ਅਜੋਕੇ ਗੁਰਮੁਖੀ ਦੇ ਅਨੁਕੂਲ ਦੀ ਤੁਰਿਆ ਆਉਂਦਾ ਹੈ ਪਰ ਗਿਆਰਵ੍ਹੀਂ ਸਦੀ ਦੀਆਂ ਸੁੰਗਲ

ਸਾਰਨਾਥ	[illegible]
ਇਲਾਹਾਬਾਦ	[illegible]
ਬਾਵਰ	[illegible]
ਮੰਦਸੋਰ	[illegible]
ਬਖਸ਼ਾਲੀ	[illegible]
ਸੁੰਗਲ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਸਾਖੀ ਵਲਾਇਤ ਵਾਲੀ	[illegible]
ਦਸਮੇਸ਼ ਦਾ ਸ਼ਿਕਸਤਾ	[illegible]
ਅਜੋਕਾ ਗੁਰਮੁਖੀ ਅੱਖਰ	ਚ

ਦੀਆਂ ਲਿਖਤਾਂ (ਸਾਰਦਾ ਲਿਪੀ) ਦਾ ਨਮੂਨਾ ਤਾਂ ਅਜੋਕੇ 'ਚ' ਦਾ ਸਰੂਪ ਗ੍ਰਹਿਣ ਕਰ ਲੈਦਾਂ ਹੈ। ਪੋਥੀਆਂ ਬਾਬਾ ਮੋਹਨ ਸਿੰਘ ਜੀ ਦਾ 'ਚ' ਤਾਂ ਸ਼ਾਰਦਾ ਨਾਲ ਮਿਲਦਾ ਜੁਲਦਾ ਹੈ। ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦਾ ਸ਼ਿਕਸਤਾ ਤਾਂ ਪੂਰਨ ਤੌਰ ਤੇ ਅਜੋਕੇ 'ਚ' ਨਾਲ ਮੇਲ ਖਾਂਦਾ ਹੈ।

ਛ

ਗਿਰਨਾਰ (ਕਾਠੀਆ ਵਾੜ) ਦੀਆਂ ਤੀਜੀ ਸਦੀ ਈਸਵੀ ਪੂਰਵ ਵਿੱਚ 'ਛ' ਆਪਣਾ ਸਰੂਪ ਪ੍ਰਗਟ ਕਰਦਾ ਹੈ। ਦੂਜੀ ਸਦੀ ਈਸਵੀ ਪੂਰਨ ਭੱਟੀਪੋਲੂ ਲਿਖਤਾਂ ਵਿੱਚ ਇਸ 'ਚ ਸਰੂਪ ਗਿਰਨਾਰ ਵਾਲਾ ਹੀ ਰਹਿੰਦਾ ਹੈ। ਨਾਸਕ ਦੀਆਂ ਦੂਜੀ ਸਦੀ ਈਸਵੀ ਵਿੱਚ ਇਸ ਦਾ ਸਰੂਪ ਹੋਰ ਨਿਖਰ ਆਉਂਦਾ ਹੈ।

ਗਿਰਨਾਰ	[illegible]
ਭੱਟੀਪੋਲੂ	[illegible]
ਨਾਸਕ	[illegible]
ਬਾਵਰ	[illegible]
ਹੋਰਯੁਜ਼ੀ	[illegible]
ਸੁੰਗਲ	[illegible]
ਸ਼ਕੁੰਤਲਾ	[illegible]
ਸ਼ਾਰਦਾ (ਮੌਜੂਦਾ)	[illegible]
ਲੰਡੇ	[illegible]
ਅਜੋਕਾ ਗੁਰਮੁਖੀ ਅੱਖਰ	ਛ

ਮੁੱਢ ਤੋਂ ਹੀ 'ਛ' ਬ੍ਰਹਮੀ ਦੇ ਅੱਖਰ ਨਾਲ ਮਿਲਦਾ ਆ ਰਿਹਾ ਹੈ। ਬਾਵਰ ਅਤੇ ਹੋਰਯੁਜ਼ੀ ਵਿਚ ਇਸ ਦਾ ਸਰੂਪ ਅਜੋਕੇ 'ਛ' ਜਿਹਾ ਹੀ ਪ੍ਰਤਖ ਦਿਸਦਾ ਹੈ। ਸੁੰਗਲ ਅਤੇ ਸ਼ਕੁੰਤਲਾ ਹੱਥ-ਲਿੱਖਤਾਂ (11ਵੀਂ ਸਦੀ ਅਤੇ 16 ਵੀਂ ਸਦੀ) ਵਿੱਚ ਇਸ ਦਾ ਸਰੂਪ ਥੋੜੇ ਅੰਤਰ ਨਾਲ ਗੁਰਮੁਖੀ ਦੇ 'ਛ' ਨਾਲ ਮੇਲ ਖਾਂਦਾ ਹੈ। ਸ਼ਾਰਦਾ (ਮਜੌਦਾ) ਦਾ 'ਛ' ਤਾਂ ਥੋੜੇ ਅੰਤਰ ਨਾਲ ਇੰਨਬਿੰਨ ਮਿਲਦਾ ਹੈ। ਲੰਡੇ ਦਾ 'ਛ' ਤਾਂ ਗੁਰਮੁਖੀ ਨਾਲ ਸਮਾਨਤਾ ਪ੍ਰਗਟ ਕਰਦਾ ਸਾਫ਼ ਦਿਸਦਾ ਹੈ।

ਜ

'ਜ' ਦਾ ਅਜੋਕਾ ਸਰੂਪ ਬਹੁਤ ਪਿਛੋਂ ਜਾ ਕੇ ਆਪਣਾ ਸਰੂਪ ਧਾਰਣ ਕਰਦਾ ਹੈ ਪਰ ਬ੍ਰਹਮੀ ਦੇ ਸਾਰੇ ਵਿਕਾਸ ਸਮੇਂ ਇਸ ਦੀ ਸ਼ਕਲ ਅੰਗਰੇਜ਼ੀ ਦੇ ਅੱਖਰ 'E' ਜਿਹੀ ਤੁਰਦੀ ਆ ਰਹੀ ਹੈ। ਹੋਰਯੁਜ਼ੀ ਦੀ ਵਰਣਮਾਲਾ ਦਾ 'ਜ' ਨਾਗਰੀ ਅਤੇ ਗੁਰਮੁਖੀ ਦੇ ਨੇੜੇ ਆਉਂਦਾ ਹੈ। ਕੁਟਿਲ-ਲਿਪੀ ਦੇ 'ਜ' ਦੀ ਸ਼ਕਲ ਵਿੱਚ ਉੱਤਲੀ ਤਿਕੋਨ ਫਾਲਤੂ ਹੈ ਬਾਕੀ

ਮੰਦਸੌਰ	E
ਹੋਰਯੁਜ਼ੀ	[illegible]
ਟਾਕਰੀ	[illegible]
ਲੰਡੇ	[illegible]
[illegible]	[illegible]
[illegible]	[illegible]
[illegible]	ਜ ਜ
[illegible]	[illegible]
ਅਜੋਕਾ ਗੁਰਮੁਖੀ ਅੱਖਰ	ਜ

ਅੱਖਰ ਅਜੋਕੇ 'ਜ' ਦੇ ਆਸ ਪਾਸ ਆ ਜਾਂਦਾ ਹੈ। ਜਿਵੇਂ ਅਸੀਂ ਵੇਖਦੇ ਹਾਂ ਕਿ ਹੋਰਯੁਜ਼ੀ

ਦਾ 'ਜ' ਅੱਖਰ ਗੁਰਮੁਖੀ ਤੇ ਨਾਗਰੀ ਦਾ ਵੱਡਾ-ਵੱਡੇਰਾ ਜਾਪਦਾ ਹੈ। ਟਾਕਰੀ ਦਾ 'ਜ' ਘੱਟ ਪਰ ਲੰਡਿਆਂ ਦਾ 'ਜ' ਤਾਂ ਇੰਨਬਿੰਨ ਗੁਰਮੁਖੀ ਦੇ ਅੱਖਰ ਨਾਲ ਪੂਰਨ ਤੌਰ ਤੇ ਮੇਲ ਖਾਂਦਾ ਹੈ। ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦਾ ਸ਼ਿਕਸਤਾ ਤਾਂ ਹੂ ਬ ਹੂ ਅਜੋਕੇ ਗੁਰਮੁਖੀ ਦੇ 'ਜ' ਨਾਲ ਮਿਲਦਾ ਹੈ। ਉਪਰ ਦਿੱਤੀ ਸਾਰਣੀ ਤੋਂ ਪ੍ਰੱਤਖ ਹੋ ਜਾਂਦਾ ਹੈ ਕਿ ਗੁਰਮੁਖੀ ਦਾ 'ਜ' ਲੰਡਿਆਂ ਤੋਂ ਸਿੱਧਾ ਗੁਰਮੁਖੀ ਵਿਚ ਪ੍ਰਵੇਸ਼ ਕਰ ਗਿਆ ਹੈ।

ਝ

ਗੁਰਮੁਖੀ 'ਝ' ਦਾ ਸਰੂਪ ਗਿਰਨਾਰ ਦੀਆਂ ਤੀਜੀ ਸਦੀ ਈਸਵੀ ਪੂਰਵ ਵਿੱਚ ਹੀ ਉਭਰਨਾ ਸ਼ੁਰੂ ਹੋ ਜਾਂਦਾ ਹੈ। ਮਥਰਾ ਦੀਆਂ ਪਹਿਲੀ ਸਦੀ ਈਸਵੀ ਲਿਖਤੀ ਦਾ ਸਰੂਪ ਵੀ

ਗਿਰਨਾਰ	[illegible]
ਮਥਰਾ	[illegible]
ਹੋਰਯੂਜ਼ੀ	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ	ਝ
ਬੀੜ ਧਰਮਸ਼ਾਲਾ	ਝ
ਸਾਖੀ ਵਲਾਇਤ ਵਾਲੀ	ਝ
ਅਜੋਕਾ ਪੰਜਾਬੀ ਅੱਖਰ	ਝ

ਗਿਰਨਾਰ ਦੀਆਂ ਲਿਖਤਾਂ ਨਾਲ ਮੇਲ ਖਾਂਦਾ ਹੈ। ਹੋਰਯੂਜ਼ੀ ਵਰਣਮਾਲਾ ਦਾ 'ਝ' ਅਖਰ ਦਾ ਬਹੁਤ ਹਿੱਸਾ ਅਜੋਕੇ ਗੁਰਮੁਖੀ ਅੱਖਰ ਦਾ ਪੂਰਵ ਜਾਪਦਾ ਹੈ। ਵਿਚਕਾਰਲੀ ਲੀਕ ਨੂੰ ਕੇਵਲ ਖੱਬੇ ਹੱਥ ਵੱਲ ਵਧਾਉਣ ਦੀ ਜ਼ਰੂਰਤ ਹੈ। ਬਾਵਰ ਅਤੇ ਹੋਰਯੂਜ਼ੀ ਵਿੱਚ ਗੁਰਮੁਖੀ 'ਝ' ਦਾ ਸਰੂਪ ਸਾਫ਼ ਦਿਖਾਈ ਦੇਂਦਾ ਹੈ। ਲੰਡਿਆ ਵਿੱਚ ਇਸ ਦਾ ਸਰੂਪ ਪ੍ਰਤੱਖ ਨਜ਼ਰੀ ਆ ਜਾਂਦਾ ਹੈ। ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਤਾਂ ਅਜੋਕੇ ਪੰਜਾਬੀ ਅੱਖਰ 'ਝ' ਜਿਹੇ ਹੀ ਹਨ। ਸਿਰਫ਼ ਦਸ਼ਮੇਸ਼ ਦੇ ਸ਼ਿਕਸਤਾ ਵਿੱਚ ਇਹ ਅੱਖਰ ਨਜ਼ਰ ਨਹੀਂ ਆਉਂਦਾ।

ਞ

ਬਾਵਰ ਦੀ ਹੱਥ-ਲਿਖਤਾਂ (400-500) ਈਸਵੀ ਪੂਰਵ) ਵਿੱਚ ਗੁਰਮੁਖੀ ਦੇ 'ਞ' ਦਾ ਝਲਕਾਰਾ ਪ੍ਰਤੱਖ ਰੂਪ ਵਿੱਚ ਉਘੱੜਨਾ ਸ਼ੁਰੂ ਹੁੰਦਾ ਹੈ। ਹੋਰਯੂਜ਼ੀ ਦੀ ਵਰਣਮਾਲਾ ਦਾ ਇਹ

ਬਾਵਰ	[illegible]
ਹੋਰਯੂਜ਼ੀ	[illegible]
ਬਖਸ਼ਾਲੀ	[illegible]
ਟਾਕਰੀ	[illegible]
ਲੰਡੇ	k
ਅਜੋਕਾ ਗੁਰਮੁਖੀ ਅੱਖਰ	ਞ

ਅੱਖਰ ਨਾਗਰੀ ਦੇ ਸ਼ਬਦ ਨਾਲ ਮੇਲ ਖਾਂਦਾ ਹੈ। ਬਖਸ਼ਾਲੀ ਵਿੱਚ ਇਸ ਦਾ ਸਰੂਪ ਅਤੇ ਟਾਕਰੀ ਵਿੱਚ ਅੰਤਰ ਸਾਫ਼ ਦਿਖਾਈ ਦੇਂਦਾ ਹੈ। ਗੁਰਮੁਖੀ ਦਾ ਇਹ ਅੱਖਰ ਲੰਡਿਆਂ ਤੋਂ ਹੀ ਸਾਫ਼ ਬਣਾਇਆ ਦਿਸਦਾ ਹੈ।

ਟ

'ਟ' ਦੀ ਸ਼ਕਲ ਮੁੱਢ ਤੋਂ ਹੀ ਇਸੇ ਤਰ੍ਹਾਂ ਚਲ੍ਹੀ ਆ ਰਹੀ ਹੈ। ਇਲਾਹਾਬਾਦ ਦੀਆਂ 375 ਸੰਨ ਈਸਵੀ ਦੀਆਂ ਲਿਖਤਾਂ ਵਿੱਚ ਇਸ ਅੱਖਰ ਦੀ ਲੀਕ ਮੌਜੂਦਗੀ ਸੀ ਜੋ ਬਾਵਰ ਦੀਆਂ ਲਿਖਤਾਂ ਵਿਚ ਆਪਣਾ ਸਰੂਪ ਹੌਲੀ ਹੌਲੀ ਸਾਕਾਰ ਕਰਦਾ ਜਾਪਦਾ ਹੈ। ਅਜੋਕਾ ਅੱਖਰ 'ਟ' ਤਾਂ ਹੋਰਯੁਜ਼ੀ ਅਤੇ ਹਰਸ਼ ਸਮੇਂ ਦੀਆਂ ਲਿਖਤਾਂ ਤੋਂ ਸਪੱਸ਼ਟ ਉਘੱੜਦਾ ਪ੍ਰਤੀਤ ਹੁੰਦਾ ਹੈ। ਦਸਵੀਂ ਸਦੀ ਦੀ ਲਿਖਤਾਂ ਸਰਾਹਾਂ ਵਿੱਚ ਇਸ ਦਾ ਸਰੂਪ ਅਜੋਕੇ 'ਟ' ਵਾਲਾ ਬਣਦਾ ਹੈ ਕੇਵਲ ਸੱਜੇ ਹੱਥ ਦੀ ਡੰਡੀ ਹਟਾਉਣੀ ਪਵੇਗੀ।

ਇਲਾਹਾਬਾਦ	(
ਬਾਵਰ	[illegible]
ਹੋਰਯੁਜ਼ੀ	[illegible]
ਹਰਸ਼ ਸਮੇਂ ਦੀ ਲਿਖਤ	[illegible]
ਸਰਾਹਾਂ	[illegible]
ਟਾਕਰੀ	[illegible]
ਲੰਡੇ	[illegible]
ਬੀੜ ਧਰਮਸ਼ਾਲਾ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦਾ ਨਿਸ਼ਾਨ	[illegible]
ਅਜੋਕਾ ਗੁਰਮੁਖੀ ਅੱਖਰ	ਟ

ਗੁਰਮੁਖੀ ਦੇ ਇਸ ਅੱਖਰ ਦੀ ਸਮਾਨਤਾ ਲੰਡਿਆਂ ਅਤੇ ਟਾਕਰੀ ਅੱਖਰ ਨਾਲ ਪੂਰਾ ਮੇਲ ਖਾਂਦੀ ਹੈ। ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਦਾ ਸਰੂਪੀ ਅੱਖਰ ਅਜੋਕੇ ਗੁਰਮੁਖੀ ਅੱਖਰ ਜਿਹਾ ਹੀ ਹੈ।

ਠ

ਬ੍ਰਹਮੀ ਦੇ ਮੁੱਢਲੇ 'ਠ' ਦਾ ਸਰੂਪ, ਗੁਰਮੁਖੀ ਜਿਹਾ ਹੀ ਸਾਕਾਰ ਹੋਇਆ ਹੈ। ਕੇਵਲ ਉਪਰੋਂ ਲੀਕ ਪ੍ਰੋਣ ਅੱਖਰ ਸਮੇਂ ਦੀ ਕਾਢ ਹੈ। ਬਾਵਰ ਅਤੇ ਹੋਰਯੁਜ਼ੀ ਦੀਆਂ ਪ੍ਰਾਚੀਨ

ਬਾਵਰ	[illegible]
ਹੋਰਯੁਜ਼ੀ	o
ਸਰਾਹਾਂ	o
[illegible]	o
ਸ਼ਾਰਦਾ ([illegible])	o
ਟਾਕਰੀ	[illegible]
ਲੰਡੇ	[illegible]
ਪੋਥੀਆਂ [illegible]	[illegible]
ਸਾਖੀ ਵਲਾਇਤ ਵਾਲੀ	ਠ
ਦਸ਼ਮੇਸ਼ ਦਾ ਨਿਸ਼ਾਨ	[illegible]
ਅਜੋਕਾ ਗੁਰਮੁਖੀ ਅੱਖਰ	ਠ

ਲਿਖਤਾਂ ਵਿੱਚ ਇਸ ਦਾ ਸਰੂਪ ਗੋਲ ਹੀ ਆਉਂਦਾ ਚਲਾ ਆ ਰਿਹਾ ਹੈ। 10ਵੀਂ ਸਦੀ ਅਤੇ 11ਵੀਂ ਸਦੀ ਦੀਆਂ ਸਰਾਹਾਂ ਅਤੇ ਸੁੰਗਲ ਹੱਥ-ਲਿਖਤਾਂ ਵਿੱਚ ਇਸ ਦਾ ਸਰੂਪ ਹੋਰਯੁਜ਼ੀ ਜਿਹਾ ਹੀ ਗੋਲ ਆਕਾਰ ਜਿਹਾ ਆ ਰਿਹਾ ਹੈ। ਸ਼ਾਰਦਾ (ਮੌਜੂਦਾ) ਵਿੱਚ ਇਸ ਦਾ ਸਰੂਪ 10ਵੀਂ ਅਤੇ 11ਵੀਂ ਸਦੀ ਜਿਹਾ ਹੀ ਗੋਲ ਆਕਾਰ ਹੀ ਪ੍ਰਗਟ ਹੋਇਆ ਹੈ। ਟਾਕਰੀ ਦਾ 'ਠ' ਐਨ ਗੁਰਮੁਖੀ ਦਾ ਰੂਪ ਧਾਰਨ ਕਰਦਾ ਹੈ ਪਰ ਲੰਡਿਆਂ ਦਾ 'ਠ' ਤਾਂ ਹੀ ਸੰਪੂਰਣ ਹੋਵੇਗਾ ਜੇਕਰ ਇਸ ਦੇ ਉੱਪਰ ਇੱਕ ਲੀਕ ਲਾ ਦੀਏ। ਪੋਥੀਆਂ ਬਾਬਾ ਮੋਹਨ ਜੀ, ਸਾਖੀ ਵਲਾਇਤ ਵਾਲੀ ਦਾ ਸਰੂਪ ਅਜੋਕੇ ਗੁਰਮੁਖੀ ਅੱਖਰ ਵਾਲਾ ਹੀ ਹੈ। ਕੇਵਲ ਦਸ਼ਮੇਸ਼ ਦਾ ਸ਼ਿਕਸਤਾ ਦਾ ਇਹ ਅੱਖਰ ਹੂ ਬ ਹੂ ਲੰਡਿਆਂ ਨਾਲ ਮੇਲ ਖਾਂਦਾ ਹੈ।

ਡ

'ਡ' ਅੱਖਰ ਦਾ ਚਿੰਨ੍ਹ 400-500 ਸੰਨ ਈਸਵੀ ਤੋਂ ਬਾਵਰ ਦੀਆਂ ਲਿਖਤਾਂ ਵਿੱਚ ਉਘੱੜਨਾ ਸ਼ੁਰੂ ਹੁੰਦਾ ਹੈ। ਮੰਦਸੋਰ ਦੀਆਂ 537 ਸੰਨ ਈਸਵੀ ਲਿਖਤਾਂ ਵਿੱਚ ਦੂਜਾ 'ਡ' ਤਾਂ ਸਾਡੇ ਅਜੋਕੇ ਗੁਰਮੁਖੀ 'ਡ' ਨਾਲ ਮੇਲ ਖਾਂਦਾ ਹੈ ਕੇਵਲ ਹੇਠਲੀ ਲੀਕ ਨੂੰ ਅੰਦਰ ਵੱਲ ਜੋੜਨ ਦੀ ਜ਼ਰੂਰਤ ਹੈ ਤਾਂ ਜੋ ਪੈਰ ਵਿੱਚ ਘੁੰਡੀ ਸਾਕਾਰ ਹੋ ਜਾਵੇ। 500-550 ਸੰਨ ਈਸਵੀ ਦੇ ਸਮੇਂ ਹੋਰਯੁਜ਼ੀ ਵਰਣਮਾਲਾ ਦਾ 'ਡ' ਦਾ ਆਕਾਰ ਨਜ਼ਰ ਪੈਂਦਾ ਹੈ ਕੇਵਲ ਪੈਰ

ਬਾਵਰ	3
ਮੰਦਸੋਰ	{ 3
ਹੋਰਯੁਜ਼ੀ	5
ਹਰਸ਼ ਸਮੇਂ ਦੀ ਲਿਖਤ	3
ਕੁੱਲੂ	ਡ
ਟਾਕਰੀ	ਡ
ਲੰਡੇ	3
ਬੀੜ ਧਰਮਸ਼ਾਲਾ	ਡ
ਸਾਖੀ ਵਲਾਇਤ ਵਾਲੀ	ਡ
ਦਸ਼ਮੇਸ਼ ਦਾ ਸ਼ਿਕਸਤਾ	ਡ
ਅਜੋਕਾ ਗੁਰਮੁਖੀ ਅੱਖਰ	ਡ

ਵਿੱਚ ਮਰੋੜੀ ਦੇਣ ਦੀ ਜ਼ਰੂਰਤ ਹੈ। ਹਰਸ਼ ਸਮੇਂ ਦੀਆਂ ਲਿਖਤਾਂ ਵਿੱਚ 600-647 ਸੰਨ ਈਸਵੀ ਵਿੱਚ ਇਸ ਦੇ ਆਕਾਰ ਪੂਰਨ ਤੌਰ ਤੇ ਦ੍ਰਿਸ਼ਟੀਗੋਚਰ ਹੁੰਦਾ ਹੈ। ਕੁੱਲੂ ਦੀਆਂ 1550 ਸੰਨ ਈਸਵੀ ਵਿੱਚ ਤਾਂ 'ਡ' ਦਾ ਸਰੂਪ ਸਾਡੇ ਗੁਰਮੁਖੀ 'ਡ' ਦਾ ਹਾਣੀ ਮਾਲੂਮ ਹੁੰਦਾ ਹੈ। ਬਾਵਰ, ਮੰਦਸੋਰ, ਹੋਰਯੁਜ਼ੀ ਅਤੇ ਹਰਸ਼ ਦੇ ਸਮੇਂ ਦੀਆਂ ਲਿਖਤਾਂ ਵਿੱਚ ਆਇਆ 'ਡ' ਸਾਡੇ ਵੱਡੇ-ਵੱਡੇਰਿਆਂ ਦਾ ਪੂਰਵ ਹੀ ਜਾਪਦਾ ਹੈ। ਟਾਕਰੀ ਅਤੇ ਲੰਡਿਆਂ ਦਾ 'ਡ' ਨੂੰ ਕੇਵਲ ਪੈਰਾਂ ਹੇਠ ਛੋਟੀ ਮਰੋੜੀ ਦੇਣ ਦੀ ਜ਼ਰੂਰਤ ਹੈ। ਬਾਕੀ ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦਾ ਸ਼ਿਕਸਤਾ ਵਾਲਾ 'ਡ' ਅਜੋਕਾ ਅੱਖਰ ਹੀ ਹੈ।

ਢ

'ਢ' ਅੱਖਰ ਦਾ ਸਰੂਪ ਸ਼ੁਰੂ ਵਿੱਚ ਹੀ ਇਲ਼ਾਹਾਬਾਦ ਦੀਆਂ ਹੱਥ-ਲਿਖਤਾਂ 375 ਸੰਨ ਈਸਵੀ ਤੋਂ ਉਭੱਰਨਾ ਸ਼ੁਰੂ ਹੋ ਜਾਂਦਾ ਹੈ। ਬਾਵਰ ਵਿੱਚ ਇਸ ਦਾ ਸਰੂਪ ਹੋਰ ਵੀ ਸਾਫ਼ ਨਜ਼ਰ ਆਉਂਦਾ ਹੈ। ਮੰਦਸੋਰ ਦੀਆਂ ਲਿਖਤਾਂ ਵਿੱਚ ਇਸ ਦਾ ਮੁੱਢਲਾ ਸਰੂਪ ਆਉਂਦਾ ਆਉਂਦਾ ਹੋਰਯੁਜ਼ੀ ਦੀ ਵਰਣਮਾਲਾ ਵਿੱਚ ਤਾਂ ਸਾਡੇ ਗੁਰਮੁਖੀ ਅੱਖਰ ਦਾ ਸਰੂਪ ਧਾਰਨ

ਇਲਾਹਾਬਾਦ	[illegible]
ਬਾਵਰ	[illegible]
ਮੰਦਸੋਰ	[illegible]
ਹੋਰਯੁਜ਼ੀ	[illegible]
ਕਲੋਤ (11ਵੀਂ ਸਦੀ)	[illegible]
ਸ਼ਕੁੰਤਲਾ (16ਵੀਂ ਸਦੀ)	[illegible]
ਟਾਕਰੀ	[illegible]
ਲੰਡੇ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦਾ ਸ਼ਿਕਾਰ	[illegible]
ਅਜੋਕਾ ਗੁਰਮੁਖੀ ਅੱਖਰ	ਢ

ਕਰ ਜਾਂਦਾ ਹੈ। 11 ਵੀਂ ਅਤੇ 16ਵੀਂ ਸਦੀ ਤੱਕ ਭਾਵ ਕਲੋਤ ਅਤੇ ਸ਼ਕੁੰਤਲਾਂ ਦੀਆਂ ਹੱਥ-ਲਿਖਤਾਂ ਵਿੱਚ ਸਾਡੇ ਗੁਰਮੁਖੀ 'ਢ' ਦਾ ਵੱਡਾ ਭਾਈ ਦਿਸਦਾ ਹੈ। ਟਾਕਰੀ ਦਾ ਦੂਜਾ 'ਢ' ਤਾਂ ਇੰਨ ਬਿੰਨ ਸਾਡੇ ਅਜੋਕੇ ਗੁਰਮੁਖੀ ਅੱਖਰ ਨਾਲ ਮੇਲ ਖਾਂਦਾ ਹੈ। ਲੰਡੇ ਦੇ 'ਢ' ਨੂੰ ਉਪਰਲੀ ਲੀਕ ਅਤੇ ਪੈਰ ਵਿੱਚ ਮਰੋੜੀ ਦੇਣ ਦੀ ਲੋੜ ਹੈ। ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦਾ 'ਢ' ਅਜੋਕੇ ਅੱਖਰ ਦਾ ਸਰੂਪ ਹੈ।

ਣ

ਇਲਾਹਾਬਾਦ ਦੀਆਂ ਹੱਥ-ਲਿਖਤਾਂ ਵਿੱਚ 'ਣ' ਲੇਟਵੇਂ ਰੂਪ ਵਿੱਚ ਸਾਕਾਰ ਹੁੰਦਾ ਹੈ। ਕੁਟਿਲ ਲਿਪੀ ਦੇ ਦੋਵੇਂ ਲੇਖਾਂ ਜਿਵੇਂ ਮੰਦਸੋਰ ਤੇ ਹੋਰਯੁਜ਼ੀ ਸਾਡੇ ਗੁਰਮੁਖੀ 'ਣ' ਦੇ ਸਮਾਨ ਹੈ ਪਰ ਲੇਟਵੇਂ ਰੂਪ ਵਿੱਚ ਨਜ਼ਰ ਆ ਰਿਹਾ ਹੈ। ਹਰਸ਼ ਸਮੇਂ ਦੀਆਂ ਲਿਖਤਾਂ ਵਿੱਚ ਅਤੇ ਸਕੁੰਤਲਾਂ ਹੱਥ-ਲਿਖਤਾਂ ਵਿੱਚ ਇਸ ਦੇ ਲੇਟਵੇਂ ਰੂਪ ਸਾਕਾਰ ਹੁੰਦੇ ਹਨ। ਬਾਬਾ ਮੋਹਨ ਜੀ

ਇਲਾਹਾਬਾਦ	[illegible]
ਮੰਦਸੋਰ	[illegible]
ਹੋਰਯੁਜ਼ੀ	[illegible]
ਹਰਸ਼ ਸਮੇਂ ਦੀਆਂ ਲਿਖਤਾਂ	[illegible]
ਸ਼ਕੁੰਤਲਾ ਹੱਥ-ਲਿਖਤ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਸਾਖੀ ਵਲਾਇਤ ਵਾਲੀ	[illegible]
ਅਜੋਕਾ ਗੁਰਮੁਖੀ ਅੱਖਰ	ਣ

ਦੀਆਂ ਪੋਥੀਆਂ ਵਿੱਚ ਇਸ ਦਾ ਸਰੂਪ ਬਿਲਕੁੱਲ ਵੱਖਰਾ ਹੈ। ਲੰਡਿਆਂ ਵਿੱਚ ਆ ਕੇ ਇਸ ਦਾ ਸਰੂਪ ਖੜ੍ਹਾ ਹੋ ਜਾਂਦਾ ਹੈ। ਕੁਟਿਲ ਲਿੱਪੀ ਦੇ 'ਣ' ਨੂੰ ਕੇਵਲ ਖੜਾ ਕਰਨ ਦੀ ਜ਼ਰੂਰਤ ਹੈ। ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ ਵਿੱਚ ਇਹ ਅੱਖਰ ਅਲੋਪ ਹੈ। ਦਸ਼ਮੇਸ਼ ਪਿਤਾ ਦੇ ਸ਼ਿਕਸਤਾ ਵਿਚ ਇਸ ਦਾ ਸਰੂਪ ਪੋਥੀਆਂ ਬਾਬਾ ਮੋਹਨ ਸਿੰਘ ਜੀ ਵਾਲਾ ਹੀ ਪ੍ਰਤੱਖ ਦਿਸਦਾ ਹੈ।

ਤ

ਗਿਰਨਾਰ (ਕਾਠਿਆਵਾੜ) ਦੀਆ ਲਿਖਤਾਂ ਤੀਜੀ ਸਦੀ ਈਸਵੀ ਪੂਰਵ ਵਿੱਚ ਗੁਰਮੁਖੀ ਦੇ ਇਸ ਅੱਖਰ ਦੀ ਸ਼ਕਲ ਅੰਗ੍ਰੇਜੀ ਐੱਚ ਵਰਗੀ ਸੀ।

ਗਿਰਨਾਰ (ਕਾਠੀਆਵਾੜ)	h
ਨਾਸਕ	ਤ
ਜੱਗਜਪੇਟ	ਤ
ਮਯਿਡਵੋਲੂ	ਤਤ
ਕੋਂਡ ਮੁਡੀ	ਤਤ
ਮੰਦਸੋਰ	ਤ ਤ
ਹੋਰਯੁਜ਼ੀ	[illegible]
ਬਖਸ਼ਾਲੀ	ਤ
ਤ੍ਰੱਣੂ	ਤ
ਸ਼੍ਰੰਗੇਸਤਾ	ਤ
ਸ਼ਾਰਦਾ (ਜੌਨਸਾਰ)	ਤ
ਟਾਕਰੀ	ਤ
ਲੰਡੇ	ਤ
ਪੋਥੀਆਂ ਬਾਬਾ ਮੋਹਨ ਜੀ	ਤ
ਬੀੜ ਧਰਮਸ਼ਾਲਾ	ਤ
ਸਾਖੀ ਦਸਤਖ਼ਤ	ਤ
ਦਸ਼ਮੇਸ਼ ਦਾ ਸ਼ਿਕਸਤਾ	ਤ
ਅਜੋਕਾ ਗੁਰਮੁਖੀ ਅੱਖਰ	ਤ

ਨਾਸਕ ਅਤੇ ਜਗਯਪੇਟ (ਦੂਜੀ-ਤੀਜੀ ਸਦੀ ਈਸਵੀ) ਦੀ ਲਿਖਤਾਂ ਵਿੱਚ ਇਹ ਅੱਖਰ ਗੁਰਮੁਖੀ ਦੇ 'ਤ' ਵਰਗਾ ਰੂਪ ਧਾਰਣ ਕਰਦਾ ਪ੍ਰਤੀਤ ਹੁੰਦਾ ਹੈ। ਚੌਥੀ ਸਦੀ ਈਸਵੀ ਵਿੱਚ ਇਹ ਅੱਖਰ ਮਯਿਡਵੋਲੂ ਅਤੇ ਕੋਂਡਮੁਡੀ ਦੀਆਂ ਲਿਖਤਾਂ ਵਿੱਚ ਪੂਰਨ ਤੌਰ ਤੇ ਅਜੋਕੇ ਗੁਰਮੁਖੀ ਅੱਖਰ ਦਾ ਵੱਡਾ ਭਾਈ ਪ੍ਰਤੀਤ ਹੁੰਦਾ ਹੈ। ਮੰਦਸੋਰ ਅਤੇ ਹੋਰਯੁਜ਼ੀ 532 ਸੰਨ ਈਸਵੀ ਅਤੇ 500-550 ਸੰਨ ਈਸਵੀ ਦੀਆਂ ਲਿਖਤਾਂ ਵਿੱਚ ਇਹ ਅਜੋਕਾ ਗੁਰਮੁਖੀ ਅੱਖਰ 'ਤ' ਦਾ ਸਰੂਪ ਧਾਰ ਲੈਂਦਾਂ ਹੈ ਕੇਵਲ ਪੈਰ ਵਿੱਚ ਥੋੜੀ ਮਰੋੜੀ

ਦੇਣ ਦੀ ਲੋੜ ਹੈ। ਬਖਸ਼ਾਲੀ, ਕੁੱਲੂ ਅਤੇ ਸ਼ਕੁੰਤਲਾ ਦੀਆਂ ਹੱਥ-ਲਿਖਤਾਂ ਵਿੱਚ ਇਸ ਦਾ ਸਰੂਪ ਹੂ ਬ ਹੂ ਗੁਰਮੁਖੀ ਦੇ ਅੱਖਰ 'ਤ' ਨਾਲ ਮੇਲ ਖਾ ਜਾਂਦਾ ਹੈ। ਸ਼ਾਰਦਾ (ਮੌਜੂਦਾ) ਵਿੱਚ ਉਪਰਲੀ ਡੰਡੀ ਹਟਾ ਕੇ ਪੈਰ ਨੂੰ ਥੋੜਾ-ਅੱਧ ਕਰ ਕੇ ਇਹਦਾ ਪੂਰਾ ਚਿੰਨ੍ਹ ਗੁਰਮੁਖੀ ਜਿਹਾ ਬਣ ਜਾਵੇਗਾ। ਟਾਕਰੀ ਅਤੇ ਲੰਡਿਆਂ ਦਾ 'ਤ' ਤਾਂ ਗੁਰਮੁਖੀ ਜਿਹਾ ਹੀ ਹੈ। ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦਾ ਸ਼ਿਕਸਤਾ ਤਾਂ ਪੂਰਾ ਗੁਰਮੁਖੀ ਅੱਖਰ 'ਤ' ਜਿਹਾ ਅੰਕਿਤ ਹੈ। ਸੰਖੇਪ ਵਿੱਚ ਅਸੀਂ ਆਖ ਸਕਦੇ ਹਾਂ ਕਿ ਸ਼ਾਰਦਾ, ਟਾਕਰੀ ਅਤੇ ਲੰਡਿਆਂ ਦਾ 'ਤ' ਸਾਡੇ ਗੁਰਮੁਖੀ ਜਿਹਾ ਹੀ ਹੈ।

ਥ

ਤੀਜੀ ਸਦੀ ਈਸਵੀ ਪੂਰਵ ਤੋਂ ਲੈ ਕੇ ਪੰਜਵੀਂ ਸਦੀ ਈਸਵੀ ਤੱਕ 'ਥ' ਅੱਖਰ ਦਾ ਚਿੰਨ੍ਹ ਸਿਫ਼ਰ (ਨੁਕਤੇ) ਜਿਹਾ ਹੀ ਚਲਿਆ ਆ ਰਿਹਾ ਹੈ। ਮੰਦਸੋਰ ਅਤੇ ਹੋਰਯੁਜ਼ੀ ਸਮੇਂ ਦੀਆਂ ਲਿਖਤਾਂ ਵਿੱਚ ਗੋਲ ਆਕਾਰ ਵਿੱਚ ਇੱਕ ਲੀਕ ਪੈਣੀ ਸ਼ੁਰੂ ਹੋ ਜਾਂਦੀ ਹੈ। ਕੁੱਲੂ ਅਤੇ

ਤੀਜੀ ਸਦੀ ਈ.ਪੂਰਵ ਤੋਂ ਪੰਜਵੀਂ ਸਦੀ ਈਸਵੀ	
ਮੰਦਸੋਰ	
ਹੋਰਯੁਜ਼ੀ	
ਕੁੱਲੂ	
ਸ਼ਕੁੰਤਲਾ	
ਸਾਖੀ ਵਲਾਇਤ ਵਾਲੀ	
ਦਸ਼ਮੇਸ਼ ਦਾ ਸ਼ਿਕਸਤਾ	
ਅਜੋਕਾ ਗੁਰਮੁਖੀ ਅੱਖਰ	ਥ

ਸ਼ਕੁੰਤਲਾ ਦੀਆਂ ਹੱਥ-ਲਿਖਤਾਂ ਵਿੱਚ ਇਸ ਦਾ ਸਰੂਪ ਅਜੋਕੇ 'ਥ' ਵਰਗਾ ਜਾਪਣ ਲੱਗਦਾ ਹੈ। ਮੌਜੂਦਾ ਸ਼ਾਰਦਾ ਨਾਲ ਵੀ ਇਹ ਮੇਲ ਖਾਂਦਾ ਹੈ। ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦੇ ਸ਼ਿਕਸਤਾ ਵਿਚ ਇਸ ਦਾ ਸਰੂਪ ਨਿਖਰ ਆਉਂਦਾ ਹੈ।

ਦ

ਪ੍ਰਾਚੀਨ ਬ੍ਰਹਮੀ ਵਿੱਚ 'ਦ' ਦਾ ਸਰੂਪ ਸ਼ਿਕਨੀ ਬਰੈਕਟ ਜਿਹਾ ਜਾਪਦਾ ਹੈ ਪਰ ਗਿਰਨਾਰ ਦੀ ਤੀਜੀ ਸਦੀ ਈਸਵੀ ਪੂਰਵ ਵਿੱਚ ਇਸ ਦਾ ਚਿੰਨ੍ਹ ਬੰਦ ਬਰੈਕਟ ਦੇ ਬਰਾਬਰ ਆ ਜਾਂਦਾ ਹੈ। ਭੱਟੀ ਪਰੋਲੂ ਦੀਆਂ ਲਿਖਤਾਂ ਵਿੱਚ ਇਹ ਸ਼ੁਰੂਆਤੀ ਬਰੈਕਟ ਜਿਹਾ ਦਿਸਣ ਲੱਗ ਪੈਂਦਾਂ ਹੈ। ਸਮੇਂ ਦੇ ਗੁਜਰਨ ਨਾਲ ਇਸਦਾ ਸਰੂਪ ਬਾਅਦ ਵਿੱਚ ਆਈਆਂ ਲਿਖਤਾਂ ਵਿੱਚ

ਇਸ ਦੀ ਸ਼ਕਲ ਪੰਜਾਬੀ ਦੇ 'ਟ' ਜਿਹੀ ਬਣ ਜਾਂਦੀ ਹੈ। ਇਲਾਹਾਬਾਦ ਅਤੇ ਮੰਦਸੋਰ ਦੀਆਂ ਲਿਖਤਾਂ ਵਿੱਚ ਇਹ ਆਪਣਾ ਆਕਾਰ ਸਿਰਜਦਾ ਪਰਤੀਤ ਹੁੰਦਾ ਹੈ। ਹਰਸ਼ ਸਮੇਂ ਦੀਆਂ ਲਿਖਤਾਂ ਅਤੇ ਸਰਾਹਾਂ (10ਵੀਂ ਸਦੀ) ਦੀਆਂ ਲਿਖਤਾਂ ਵਿੱਚ ਇਹ ਅਜੋਕੇ 'ਦ' ਅੱਖਰ ਦਾ ਵੱਡਾ ਭਰਾਤਾ ਸਾਫ਼ ਦਿਸਦਾ ਹੈ। ਚੰਬਾ ਰਾਜ ਤੋਂ ਜੋ ਸਰਾਹਾਂ ਸ਼ਿਲਾਲੇਖ ਮਿਲਿਆ ਹੈ, ਇਸ ਦਾ ਆਕਾਰ ਸਗੋਪਾਂਗ ਗੁਰਮੁਖੀ 'ਦ' ਜਿਹਾ ਬਣ ਜਾਂਦਾ ਹੈ। ਕੁੱਲੂ ਮੌਜੂਦਾ ਸ਼ਾਰਦਾ ਅਤੇ ਟਾਕਰੀ ਦਾ 'ਦ' ਅਜੋਕੇ ਗੁਰਮੁਖੀ ਵਾਲਾ ਹੈ। ਬਾਕੀ ਪੋਥੀਆਂ, ਬੀੜ, ਸਾਖੀ, ਸ਼ਿਕਸਤਾ ਦਾ 'ਦ' ਸਪੱਸ਼ਟ ਦਿਸਦਾ ਹੈ।

ਭੱਟੀ ਪਰੋਲੂ	
ਇਲਾਹਾਬਾਦ	
ਮੰਦਸੋਰ	
ਹਰਸ਼ ਸਮੇਂ ਦੀ ਲਿਖਤ	
ਸਰਾਹਾਂ	
ਕੁੱਲੂ	
ਟਾਕਰੀ	
ਪੋਥੀਆਂ ਬਾਬਾ ਮੋਹਨ ਦੀ	
ਬੀੜ ਧਾਨ ਸਾਹਿਬ	
ਸਾਖੀ ਦਸਤਖ਼ਤ ਵਾਲੀ	
ਦਸਮੇਸ਼ ਦਾ ਸ਼ਿਕਸਤਾ	
ਅਜੋਕਾ ਗੁਰਮੁਖੀ ਅੱਖਰ	

ਧ

ਗਿਰਨਾਰ (ਕਾਠਿਆਵਾੜ) ਦੀਆਂ ਤੀਜੀ ਸਦੀ ਈਸਵੀ ਪੂਰਵ ਵਿੱਚ ਇਸ ਅੱਖਰ ਦਾ ਚਿੰਨ੍ਹ ਅੰਗ੍ਰੇਜ਼ੀ ਦੀ ਪੁੱਠੀ 'D' ਵਰਗਾ ਦਿਸਦਾ ਹੈ। ਪ੍ਰੋ: ਜੋਗਿੰਦਰ ਸਿੰਘ ਅਨੁਸਾਰ, "ਏਰਨ ਦੇ ਸਿੱਕੇ ਵਿੱਚ ਵੀ ਉਲਟੀ ਹੀ ਹੈ। ਮੋਨੀਅਰ ਵਿਲੀਅਮਜ ਸੰਸਕ੍ਰਿਤ ਕੋਸ਼ ਦੇ ਕਰਤਾ ਦਾ ਖਿਆਲ ਹੈ ਕਿ ਇਹ ਅੱਖਰ ਬ੍ਰਹਮੀ ਨੇ ਸਾਮੀ ਤੋਂ ਉਧਾਰ ਲਿਆ ਤੇ ਫੇਰ ਇਸ

ਗਿਰਨਾਰ	
ਮੰਦਸੋਰ	
ਹੋਰ ਬ੍ਰਹਮੀ (ਆਧਾਰ)	
ਕੁੱਲੂ	
ਸ਼ਾਰਦਾ (ਮੌਜੂਦਾ)	
ਟਾਕਰੀ	
ਪੋਥੀਆਂ ਬਾਬਾ ਮੋਹਨ ਦੀ	
ਸਾਖੀ ਦਸਤਖ਼ਤ ਵਾਲੀ	
ਦਸਮੇਸ਼ ਦਾ ਸ਼ਿਕਸਤਾ	
ਅਜੋਕਾ ਗੁਰਮੁਖੀ ਅੱਖਰ	

ਵਿੱਚੋਂ 'ਦ' ਅਖਜ਼ ਕੀਤੇ"।[3] ਹੋਰਯੁਜ਼ੀ -(ਜਾਪਾਨ) ਦੀ ਵਰਣਮਾਲਾ ਦਾ 'ਧ' ਤਾਂ ਗੁਰਮੁਖੀ ਦੇ ਅੱਖਰ ਜਿਹਾ ਹੀ ਮਾਲੂਮ ਹੁੰਦਾ ਹੈ ਅਤੇ ਸਾਡੇ 'ਧ' ਦਾ ਵੱਡਾ-ਵੱਡੇਰਾ ਜਾਪਦਾ ਹੈ। ਮੰਦਸੋਰ ਵਿੱਚ ਇਸ ਦਾ ਰੂਪ ਭਾਵੇਂ ਪੁੱਠੀ ਅੰਗ੍ਰਜ਼ੀ 'D' ਜਿਹਾ ਹੀ ਹੈ ਪਰ ਕੁੱਲੂ ਦੀਆਂ ਲਿਖਤਾਂ ਵਿੱਚ 'ਧ' ਆਪਣਾ ਸਰੂਪ ਗ੍ਰਹਿਣ ਕਰਦਾ ਹੈ। ਸ਼ਾਰਦਾ (ਮੌਜੂਦਾ) ਅਤੇ ਟਾਕਰੀ ਦਾ 'ਧ' ਤਾਂ ਗੁਰਮੁਖੀ ਦੇ ਅਨੁਕੂਲ ਆ ਜਾਂਦਾ ਹੈ। ਪੋਥੀਆਂ ਬਾਬਾ ਮੋਹਨ, ਸਾਖੀ ਵਲਾਇਤ ਵਾਲੀ ਦਾ 'ਧ' ਤਾਂ ਅਜੋਕੇ ਗੁਰਮੁਖੀ ਅੱਖਰ ਵਾਲਾ ਹੀ ਹੈ।

ਨ

ਗਿਰਨਾਰ ਦੀਆਂ ਲਿਖਤਾਂ ਦੂਜੀ ਸਦੀ ਈਸਵੀ ਵਿੱਚ ਗੁਰਮੁਖੀ 'ਨ' ਦਾ ਆਕਾਰ ਪ੍ਰਤੱਖ ਨਜ਼ਰੀ-ਆਉਂਦਾ ਹੈ। ਹੀਰਹੜਗੱਲੀ ਦੀਆਂ ਪੰਜਵੀਂ ਸਦੀ ਈਸਵੀ ਦੀ ਲਿਖਤਾਂ ਵਿੱਚ 'ਨ' ਦਾ ਆਕਾਰ ਅਜੋਕੇ ਗੁਰਮੁਖੀ ਅੱਖਰ ਜਿਹਾ ਸਾਫ਼ ਪ੍ਰਗਟ ਹੁੰਦਾ ਹੈ। ਇਲਾਹਾਬਾਦ ਅਤੇ ਬਾਵਰ ਵਿੱਚ ਇਸ ਅੱਖਰ ਦੀ ਸ਼ਕਲ 'ਨ' ਅੱਖਰ ਵਾਂਗ ਹੀ ਚਲੀ ਆ ਰਹੀ ਹੈ। ਮੰਦਸੋਰ ਦਾ 'ਨ' ਦੇਵਨਾਗਰੀ ਵਾਲਾ ਹੂ ਬ ਹੂ ਬਣ ਜਾਂਦਾ ਹੈ। ਹੋਰਯੁਜ਼ੀ ਦਾ 'ਨ' ਤਾਂ ਗੁਰਮੁਖੀ ਅੱਖਰ ਦਾ ਵਡੇਰਾ ਜਾਪਦਾ ਹੈ। ਸੁੰਗਲ ਦੀਆਂ 11ਵੀਂ ਸਦੀ ਵਾਲਾ 'ਨ'

ਗਿਰਨਾਰ	[illegible]
ਹੀਰਹੜ ਗੱਲੀ	[illegible]
ਇਲਾਹਾਬਾਦ	[illegible]
ਬਾਵਰ	[illegible]
ਮੰਦਸੋਰ	[illegible]
ਹੋਰਯੁਜ਼ੀ	[illegible]
ਸੁੰਗਲ	[illegible]
ਸਿੱਕੇ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਬੀੜ ਧਰਮ ਸਾਲਾ	[illegible]
ਸਾਖੀ ਵਲਾਇਤ ਵਾਲੀ	[illegible]
ਦਸਮੇਸ਼ ਦਾ ਨਿਸ਼ਾਨ	[illegible]
ਅਜੋਕਾ ਗੁਰਮੁਖੀ ਅੱਖਰ	ਨ

ਮੰਦਸੋਰ ਦੀਆਂ ਲਿਖਤਾਂ ਨਾਲ ਹੂ ਬ ਹੂ ਮਿਲਦਾ ਹੈ ਪਰ ਇਸ ਦਾ ਦੂਜਾ 'ਨ' ਮੰਦਸੋਰ

ਦੀਆਂ ਲਿਖਤਾਂ ਨਾਲ ਹੂ ਬ ਹੂ ਮਿਲਦਾ ਹੈ ਪਰ ਇਸ ਦਾ ਦੂਜਾ 'ਨ' ਗੁਰਮੁਖੀ ਜਿਹਾ ਹੀ ਹੈ। ਲੰਡਿਆਂ ਦਾ 'ਨ' ਗੁਰਮੁਖੀ ਜਿਹਾ ਹੀ ਸਾਕਾਰ ਹੋ ਜਾਂਦਾ ਹੈ। ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ ਅਤੇ ਦਸ਼ਮੇਸ਼ ਦਾ ਸ਼ਿਕਸਤਾ ਦਾ 'ਨ' ਅੱਖਰ ਗੁਰਮੁਖੀ ਅੱਖਰ ਜਿਹਾ ਹੀ ਹੈ।

ਪ

'ਪ' ਅੱਖਰ ਦਾ ਸਰੂਪ ਜਗਯਪੇਟ ਦੀਆਂ ਲਿਖਤਾਂ ਤੀਜੀ ਸਦੀ ਈਸਵੀ ਵਿੱਚ ਉਭਰਨਾ ਸ਼ੁਰੂ ਹੁੰਦਾ ਹੈ। ਮੰਦਸੋਰ ਦੀਆਂ ਲਿਖਤਾਂ ਵਿੱਚ ਇਸ ਅੱਖਰ ਦੀ ਸ਼ਕਲ ਅੰਗ੍ਰੇਜ਼ੀ 'U' ਵਰਗੀ ਹੋ ਜਾਂਦੀ ਹੈ। ਹੋਰਯੁਜ਼ੀ ਦੀਆਂ 500-550 ਸੰਨ ਈਸਵੀ ਦੀਆਂ ਲਿਖਤਾਂ ਵਿੱਚ ਇਸ ਅੱਖਰ ਦਾ ਸਰੂਪ ਅਜੋਂਕੇ ਗੁਰਮੁਖੀ ਅੱਖਰ 'ਪ' ਦਾ ਹੀ ਭਾਈ ਜਾਪਦਾ ਹੈ।

ਜਗਯਪੇਟ	[illegible]
ਮੰਦਸੋਰ	U
ਹੋਰਯੁਜ਼ੀ	[illegible]
ਸਰਾਹਾਂ	[illegible]
ਕੁੱਲੂ	[illegible]
ਸ਼ਾਰਦਾ (ਮੌਜੂਦਾ)	[illegible]
ਟਾਕਰੀ	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਬੀੜ ਧਰਮਸ਼ਾਲਾ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦਾ ਸ਼ਿਕਸਤਾ	[illegible]
ਅਜੋਕਾ ਗੁਰਮੁਖੀ ਅੱਖਰ	ਪ

ਸਰਾਹਾਂ ਅਤੇ ਕੁੱਲੂ ਦੀਆਂ ਹੱਥ-ਲਿਖਤਾਂ ਵਿੱਚ ਇਸ ਅੱਖਰ ਦਾ ਸਰੂਪ ਹੋਰ ਵੀ ਨਿੱਖਰ ਆਉਂਦਾ ਹੈ। ਸ਼ਾਰਦਾ (ਮੌਜੂਦਾ), ਟਾਕਰੀ ਅਤੇ ਲੰਡਿਆਂ ਦਾ 'ਪ' ਤਾਂ ਗੁਰਮੁਖੀ ਜਿਹਾ ਹੀ ਬਣ ਜਾਂਦਾ ਹੈ ਕੇਵਲ ਥੋੜੇ ਬਹੁਤੇ ਅੰਤਰਾਂ ਨੂੰ ਛੱਡ ਕੇ। ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦਾ ਸ਼ਿਕਸਤਾ ਅਜੋਂਕੇ ਗੁਰਮੁਖੀ 'ਪ' ਜਿਹਾ ਹੀ ਚਲਿਆ ਆ ਰਿਹਾ ਹੈ।

ਫ

ਸ਼ੁਰੂ ਤੋਂ ਹੀ 'ਫ' ਦਾ ਸਰੂਪ ਇਲਾਹਾਬਾਦ ਅਤੇ ਬਾਵਰ ਦੀਆਂ ਲਿਖਤਾਂ ਵਿੱਚ ਥੋੜਾ ਟੇਡਾ ਚੱਲਿਆ ਆ ਰਿਹਾ ਹੈ। ਮੰਦਸੋਰ ਅਤੇ ਹੋਰਯੁਜ਼ੀ ਵਿੱਚ ਇਸ ਅੱਖਰ ਦੀ ਸਮਾਨਤਾ ਗੁਰਮੁਖੀ ਅੱਖਰ ਜਿਹੀ ਹੀ ਆਉਂਦੀ ਜਾ ਰਹੀ ਹੈ। ਬਖਸ਼ਾਲੀ ਦੀਆਂ 800 ਸੰਨ ਈਸਵੀ ਵਿੱਚ ਇਸ ਦਾ ਸਰੂਪ ਗੁਰਮੁਖੀ ਜਿਹਾ ਹੀ ਬਣ ਜਾਂਦਾ ਹੈ।

ਬਖਸ਼ਾਲੀ ਤੋਂ ਬਾਅਦ ਮੌਜੂਦਾ ਸ਼ਾਰਦਾ ਅਤੇ ਟਾਕਰੀ ਦਾ 'ਫ' ਤਾਂ ਗੁਰਮੁਖੀ ਜਿਹਾ ਹੀ ਰੂਪ ਧਾਰ ਲੈਂਦਾਂ ਹੈ। ਇਸੇ ਤਰ੍ਹਾਂ ਲੰਡਿਆਂ ਦੇ 'ਫ' ਨੂੰ ਜੇਕਰ ਪੈਰ ਵਾਲੀ ਮਰੋੜੀ ਜੋੜ ਦਿੱਤੀ ਜਾਵੇ ਤਾਂ ਇਸ ਦਾ ਸਰੂਪ ਗੁਰਮੁਖੀ ਵਾਲਾ ਹੀ ਬਣ ਜਾਂਦਾ ਹੈ। ਪੋਥੀਆਂ ਬਾਬਾ

ਮੋਹਨ ਜੀ ਅਤੇ ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ ਵਿੱਚ ਇਹ ਅੱਖਰ ਆਲੋਪ ਹੋ ਗਿਆ ਹੈ ਪਰ ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦੇ ਸ਼ਿਕਸਤਾ ਵਿਚ ਇਸ ਦਾ ਸਰੂਪ ਉਜਾਗਰ ਹੋ ਜਾਂਦਾ ਹੈ। ਇੰਝ ਅਸੀਂ ਆਖ ਸਕਦੇ ਹਾਂ ਕਿ ਇਲਾਹਾਬਾਦ ਦੇ ਸ਼ਿਲਾਲੇਖਾਂ ਤੋਂ ਲੈ ਕੇ ਸ਼ਾਰਦਾ, ਟਾਕਰੇ ਅਤੇ ਲੰਡਿਆਂ ਵਿੱਚ ਇਸ ਦਾ ਸਰੂਪ ਗੁਰਮੁਖੀ 'ਫ' ਜਿਹਾ ਹੀ ਚਲਿਆ ਆ ਰਿਹਾ ਹੈ।

ਇਲਾਹਾਬਾਦ	[illegible]
[illegible]	[illegible]
ਹੋਰਯੁਜ਼ੀ	[illegible]
ਬਖਸ਼ਾਲੀ	[illegible]
ਸ਼ਾਰਦਾ (ਲੌਕੂਣਾ)	[illegible]
ਟਾਕਰੀ	[illegible]
ਲੰਡੇ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦਾ ਸ਼ਿਕਸਤਾ	[illegible]
ਆਧੁਨਿਕ ਗੁਰਮੁਖੀ ਅੱਖਰ	ਫ

ਬ

'ਬ' ਅੱਖਰ ਦਾ ਸਰੂਪ ਹੋਰਯੁਜ਼ੀ ਦੇ ਅੱਖਰ ਤੋਂ ਆਪਣਾ ਰੂਪ ਗ੍ਰਹਿਣ ਕਰਦਾ ਹੈ। ਪ੍ਰੋ: ਜੋਗਿੰਦਰ ਸਿੰਘ ਦਾ ਵਿਚਾਰ ਹੈ ਕਿ 'ਬ' ਚਿੰਨ੍ਹ ਇਕ ਵਰਗ ਦੇ ਰੂਪ ਵਿੱਚ ਹੀ ਸਾਮੀ ਲਿਪੀਆਂ ਤੋਂ ਉਧਾਰ ਲਿਆ ਗਿਆ ਤੇ ਇਸ ਰੂਪ ਵਿੱਚ ਬ੍ਰਹਮੀ ਦੇ ਵਿਕਾਸ ਸਮੇਂ ਚਲਦਾ ਰਿਹਾ। ਸੰਗ-ਕੰਦਾ ਕਰਨ ਵਾਲਿਆਂ ਦੇ ਹੱਥੋਂ ਕਦੇ ਇਸ ਵਰਗ ਆਕਾਰ ਦੀ ਕੋਈ ਲੀਕ ਖਮਦਾਰ ਵੀ ਹੋ ਗਈ।[4]

ਹੋਰਯੁਜ਼ੀ	[illegible]
ਸ਼ਾਰਦਾ (ਲੌਕੂਣਾ)	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਬੀੜ ਧਰਮਸ਼ਾਲਾ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦਾ ਸ਼ਿਕਸਤਾ	[illegible]
ਆਧੁਨਿਕ ਗੁਰਮੁਖੀ ਅੱਖਰ	ਬ

ਲੰਡਿਆ ਦੇ 'ਬ' ਵਿੱਚ ਗੁਰਮੁਖੀ 'ਬ' ਦਾ ਸਰੂਪ ਸਾਫ਼ ਦਿਖਾਈ ਦੇਂਦਾ ਹੈ। ਪੋਥੀਆਂ ਬਾਬਾ ਮੋਹਨ ਜੀ ਅਤੇ ਦਸ਼ਮੇਸ਼ ਪਿਤਾ ਦੇ ਸ਼ਿਕਸਤਾ ਦਾ 'ਬ' ਇਕੋ ਪ੍ਰਤੀਤ ਹੁੰਦਾ ਹੈ। ਬੀੜ ਧਰਮਸ਼ਾਲਾ ਅਤੇ ਸਾਖੀ ਵਲਾਇਤ ਵਾਲੀ ਦਾ 'ਬ' ਇੰਨਬਿੰਨ ਅਜੋਕੇ ਗੁਰਮੁਖੀ ਅੱਖਰ ਨਾਲ ਮੇਲ ਖਾਂਦਾ ਹੈ।

ਭ

'ਭ' ਅੱਖਰ ਗਿਰਨਾਰ ਦੀਆਂ ਸ਼ਿਲਾਲੇਖਾਂ ਵਿੱਚ ਪੁੱਠਾ ਅੰਗ੍ਰਜ਼ੀ ਐੱਚ ਜਾਪਦਾ ਹੈ ਪਰ ਭਟੀਪਰੋਲੂ ਵਿੱਚ ਇਹ ਸਿੱਧਾ ਅੰਗ੍ਰਜ਼ੀ ਐੱਚ ਜਿਹਾ ਰੂਪ ਧਾਰ ਲੈਂਦਾਂ ਹੈ। ਮੰਦਸੋਰ ਵਿੱਚ ਇਹ ਗੁਰਮੁਖੀ 'ਭ' ਦਾ ਚਿੰਨ੍ਹ ਵਾਂਗ ਸਾਕਾਰ ਹੁੰਦਾ ਹੈ, ਕੇਵਲ ਪੈਰ ਵਿੱਚ ਅੰਦਰ ਪਾਸੇ ਮਰੋੜੀ ਦੇਣ ਦੀ ਜ਼ਰੂਰਤ ਹੈ। ਹੋਰਯੁਜ਼ੀ ਵਿੱਚ ਇਹ ਗੁਰਮੁਖੀ 'ਤ' ਜਿਹਾ ਹੋ ਜਾਂਦਾ ਹੈ, ਅੰਤਰ ਕੇਵਲ ਇਹ ਹੈ ਕਿ ਹੇਠਲੀ ਲੀਕ ਨੂੰ ਅੰਦਰਲੇ ਪਾਸੇ ਜੋੜਨਾ ਹੈ। ਕੁਟਿਲ ਲਿਪੀ ਦੇ 'ਭ' ਨੂੰ ਅਸੀਂ ਬੇਡੋਲ 'ਤ' ਵੀ ਆਖ ਸਕਦੇ ਹਾਂ, ਜੋ ਗੁਰਮੁਖੀ ਦੇ 'ਭ' ਨੇੜੇ ਆ ਜਾਂਦਾ ਪ੍ਰਤੀਤ ਹੁੰਦਾ ਹੈ। ਗੁਪਤ ਤੇ ਕੁਟਿਲ ਲਿਪੀਆਂ ਵਿੱਚ 'ਭ' ਦੀ ਆਕ੍ਰਿਤੀ ਸਾਫ਼ ਟਕਰਾਉਂਦੀ

ਗਿਰਨਾਰ	[illegible]
ਮੰਦਸੋਰ	[illegible]
ਹੋਰਯੁਜ਼ੀ	[illegible]
ਕੁੱਲੂ	[illegible]
ਸ਼ੰਕੁਤਲਾ ਹੱਥ-ਲਿਖਤ	[illegible]
ਟਾਕਰੀ	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਬੀੜ ਧਰਮਸ਼ਾਲਾ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦਾ ਸ਼ਿਕਸਤਾ	[illegible]
ਅਜੋਕਾ ਗੁਰਮੁਖੀ ਅੱਖਰ	ਭ

ਪ੍ਰਤੀਤ ਹੁੰਦੀ ਹੈ ਪਰ ਕੁੱਲੂ ਤੇ ਸ਼ੰਕੁਤਲਾ ਦੀਆਂ ਹੱਥ-ਲਿਖਤਾਂ (ਸੋਲਵੀਂ ਸਦੀ) ਵਿੱਚ ਇਹ ਗੁਰਮੁਖੀ 'ਭ' ਜਿਹਾ ਬਣ ਜਾਂਦਾ ਹੈ। ਟਾਕਰੀ ਅਤੇ ਲੰਡਿਆਂ ਦਾ 'ਭ' ਤਾਂ ਗੁਰਮੁਖੀ 'ਭ' ਜਿਹਾ ਹੀ ਸਾਕਾਰ ਹੁੰਦਾ ਹੈ। ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦਾ ਸ਼ਿਕਸਤਾ ਦਾ 'ਭ' ਗੁਰਮੁਖੀ ਵਾਲਾ ਹੀ ਹੈ।

ਮ

ਇਲਾਹਾਬਾਦ, ਮੰਦਸੋਰ ਅਤੇ ਹੋਰਯੁਜ਼ੀ ਤੋਂ ਲੈ ਕੇ ਅਖੀਰਲੀਆਂ ਹੱਥ-ਲਿਖਤਾਂ ਵਿੱਚ 'ਮ' ਪੁਰਾਤਨ ਚਿੰਨ੍ਹ ਵਾਂਗ ਹੀ ਆ ਰਿਹਾ ਹੈ। ਗਿਰਨਾਰ ਦੇ ਸ਼ਿਲਾਲੇਖਾਂ ਵਿਚ 'ਮ' ਦੀ ਆਕ੍ਰਿਤੀ ਗੁਰਮੁਖੀ ਦੇ ਅੰਕ ਚਾਰ ਨਾਲ ਮੇਲ ਖਾਂਦੀ ਹੈ। ਅਖੀਰ ਤੇ ਕੁਟਿਲ ਲਿਪੀ ਵਿੱਚ ਇਹ ਹੂ ਬ ਹੂ ਗੁਰਮੁਖੀ 'ਮ' ਦਾ ਰੂਪ ਧਾਰ ਲੈਂਦਾਂ ਹੈ। ਨਾਗਰੀ ਤੋਂ ਇਸ ਬਾਤ ਵਿੱਚ

ਗਿਰਨਾਰ	[illegible]
ਮੰਦਸੋਰ	[illegible]
ਤੋਰਮਾਣੀ	[illegible]
ਬਖਸ਼ਾਲੀ	[illegible]
ਕੁੱਲੂ	ਮ
ਸ਼ਕੁੰਤਲਾ	[illegible]
ਸ਼ਾਰਦਾ	ਮ
ਟਾਕਰੀ	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ	[illegible]
ਦਸ਼ਮੇਸ਼ ਦਾ ਸ਼ਿਕਸਤਾ	[illegible]
ਅਜੋਕਾ ਗੁਰਮੁਖੀ ਅੱਖਰ	ਮ

ਵਿਭਿੰਨ ਹੈ ਕਿ ਇਸ ਦੇ ਸਿਰ ਉੱਤੇ ਕੋਈ ਡੰਡੀ ਨਹੀਂ। ਬਖਸ਼ਾਲੀ ਦੀਆਂ ਲਿਖਤਾਂ ਵਿੱਚ ਇਸ ਦਾ ਚਿੰਨ੍ਹ ਸਾਫ਼ ਦਿਖਾਈ ਦੇਂਦਾ ਹੈ। ਕੁੱਲੂ ਦੀਆਂ ਲਿਖਤਾਂ ਵਿੱਚ ਇਹ ਅਜੋਕੇ ਗੁਰਮੁਖੀ 'ਮ' ਦਾ ਇੰਨਬਿੰਨ ਭਾਈ ਜਾਪਦਾ ਹੈ। ਸ਼ਕੁੰਤਲਾ ਦੀਆਂ 17ਵੀਂ ਸਦੀ ਦੀਆਂ ਹੱਥ-ਲਿਖਤਾਂ ਵਿੱਚ ਗੁਰਮੁਖੀ 'ਮ' ਸਾਫ਼ ਪ੍ਰਗਟ ਹੁੰਦਾ ਹੈ। ਸ਼ਾਰਦਾ ਦਾ 'ਮ' ਤਾਂ ਹੂ ਬ ਹੂ ਗੁਰਮੁਖੀ ਦੀ ਨਕਲ ਜਾਪਦਾ ਹੈ। ਟਾਕਰੀ ਅਤੇ ਲੰਡਿਆਂ ਵਿੱਚ ਇਸ ਦਾ ਸਰੂਪ ਥੋੜਾ ਹੱਟਵਾਂ ਹੈ। ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਜੀ ਦਾ ਸ਼ਿਕਸਤਾ ਅਜੋਕੇ ਗੁਰਮੁਖੀ ਅੱਖਰ ਜਿਹਾ ਹੀ ਹੈ, ਕੇਵਲ ਪੈਰ ਦੀ ਡੰਡੀ ਥੋੜੀ ਵਧਾਈ ਗਈ ਹੈ।

ਯ

ਸ਼ੁਰੂ ਤੋਂ ਹੀ 'ਯ' ਦੀ ਅਕ੍ਰਿਤੀ 'ਲੰਗਰ' ਵਰਗੀ ਸੀ ਪਰ ਈਸਾ ਦੀ ਪਹਿਲੀ ਸਦੀ ਵਿੱਚ ਹੀ ਇਸ ਨੇ ਗੁਰਮੁਖੀ ਸ਼ਬਦ 'ਘ' ਜਿਹਾ ਚਿੰਨ੍ਹ ਧਾਰਨਾ ਸ਼ੁਰੂ ਕੀਤਾ। ਇਲਾਹਾਬਾਦ ਅਤੇ ਮੰਦਸੋਰ ਦੀਆਂ ਲਿਖਤਾਂ ਵਿੱਚ ਖੱਬੇ ਹੱਥ ਦੀ ਲੀਕ ਨੂੰ ਛੁਟਮਰੋੜੀ ਜਿਹੀ ਸਾਕਾਰ ਹੋ

ਇਲਾਹਾਬਾਦ	[illegible]
ਮੰਦਸੋਰ	[illegible]
ਤੋਰਮਾਣੀ	[illegible]
ਸ਼ਾਰਦਾ (ਜੈਜੂਦਾ)	[illegible]
ਟਾਕਰੀ	[illegible]
ਲੰਡੇ	[illegible]
ਦਸ਼ਮੇਸ਼ ਦਾ ਸ਼ਿਕਸਤਾ	[illegible]
ਅਜੋਕਾ ਗੁਰਮੁਖੀ-ਅੱਖਰ	ਯ

ਗਈ। ਹੋਰਯੋਜ਼ੀ ਵਿੱਚ ਤਾਂ ਇਹ ਨਾਗਰੀ 'ਯ' ਜਿਹਾ ਸਾਕਾਰ ਹੋ ਗਿਆ। ਸ਼ਾਰਦਾ (ਅਜੋਕੀ) ਅਤੇ ਟਾਕਰੀ ਦਾ 'ਯ' ਗੁਰਮੁਖੀ ਜਿਹਾ ਅੱਖਰ ਬਣ ਜਾਂਦਾ ਹੈ। ਲੰਡਿਆ ਦਾ 'ਯ' ਤਾਂ ਹੀ ਸਾਕਾਰ ਹੋ ਸਕਦਾ ਹੈ ਜਦੋਂ ਤੱਕ ਇਸ ਦੇ ਸਿਰ ਤੇ ਲੀਕ ਨਾ ਪਾਈ ਜਾਵੇ। ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਵਿੱਚ ਇਹ ਅੱਖਰ ਉੱਕਾ ਹੀ ਮੌਜੂਦ ਨਹੀਂ। ਗੁਰੂ ਗੋਬਿੰਦ ਸਿੰਘ ਜੀ ਦੇ ਸ਼ਿਕਸਤਾ ਵਿੱਚ ਇਸ ਅੱਖਰ ਦਾ ਸਰੂਪ ਕਾਇਮ ਹੈ।

ਰ

ਸ਼ੁਰੂ ਤੋਂ ਹੀ 'ਰ' ਅੱਖਰ ਖੜ੍ਹੀ ਛੋਟੀ ਜਿਹੀ ਲੀਕ ਦਾ ਆਕਾਰ ਸੀ ਜਿਸ ਨੇ ਹਰਸ਼ ਸਮੇਂ ਦੀਆਂ ਲਿਖਤਾਂ ਵਿੱਚ ਇੱਕ ਪਿੰਨ ਦਾ ਰੂਪ ਧਾਰ ਲਿਆ। ਹੋਰਯੁਜ਼ੀ ਦਾ 'ਰ' ਨਾਗਰੀ ਜਿਹਾ ਹੀ ਸੀ। ਬਖਸ਼ਾਲੀ ਦੀਆਂ ਲਿਖਤਾਂ ਵਿੱਚ ਅਤੇ ਸਰਾਹਾਂ 10ਵੀਂ ਸਦੀ ਵਿੱਚ ਇਹ 'ਰ' ਅੱਖਰ ਦਾ ਆਕਾਰ ਧਾਰਦਾ ਹੈ। ਇਸੇ ਤਰ੍ਹਾਂ ਕੁੱਲੂ, ਸ਼ਕੁੰਤਲਾ, ਸ਼ਾਰਦਾ (ਮੌਜੂਦਾ),

[illegible]	[illegible]
ਹੋਰਯੂਜ਼ੀ	[illegible]
ਹਰਸ਼ ਸਮੇਂ ਦੀ ਲਿਖਤ	[illegible]
ਬਖਸ਼ਾਲੀ	ਰ
ਸਰਾਹਾਂ	ਰ ,
ਕੁੱਲੂ	ਰ [illegible]
ਸ਼ਾਰਦਾ (ਮੌਜੂਦਾ)	ਰ ਰ
ਟਾਕਰੀ	[illegible] ਰ
ਲੰਡੇ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਦਸਮੇਸ਼ ਦਾ ਸ਼ਿਕਸਤਾ	[illegible]
ਅਜੋਕਾ ਗੁਰਮੁਖੀ ਅੱਖਰ	ਰ

ਟਾਕਰੀ ਅਤੇ ਲੰਡਿਆਂ ਵਿੱਚ 'ਰ' ਗੁਰਮੁਖੀ ਦੇ ਹੂ ਬ ਹੂ ਪ੍ਰਗਟ ਹੋ ਜਾਂਦਾ ਹੈ। ਪੋਥੀਆਂ, ਬੀੜ, ਸਾਖੀ ਅਤੇ ਸ਼ਿਕਸਤਾ ਵਿੱਚ ਇਸ ਦਾ ਸਰੂਪ ਅਜੋਕੇ 'ਰ' ਵਾਲਾ ਹੀ ਕਾਇਮ ਰਹਿੰਦਾ ਹੈ।

ਲ

ਪ੍ਰਾਚੀਨ ਸਮੇਂ ਤੋਂ ਹੀ 'ਲ' ਗੁਰਮੁਖੀ ਦੇ 'ਹ' ਜਿਹਾ ਸੀ, ਜੋ ਸਾਮੀ ਲਿਪੀ 'ਲਾਮ' ਤੋਂ ਉਧਾਰ ਲਿਆ ਗਿਆ ਸੀ। ਅਖੀਰ ਤੇ ਆ ਕੇ ਮੰਦਸੋਰ ਵਿੱਚ ਇਸ ਦੀ ਸ਼ਕਲ '2' ਜਿਹੀ ਬਣ ਜਾਂਦੀ ਹੈ, ਪਰ ਟੇਡਾ ਜਿਹਾ, ਜਿਵੇਂ ਹੇਠਲੀ ਸਾਰਣੀ ਵਿੱਚ ਦਿਸਦਾ ਹੈ। ਇਹ ਨਾਗਰੀ ਜਿਹਾ ਹੀ ਜਾਪਦਾ ਹੈ ਪਰ ਟਾਕਰੀ ਵਾਲਾ 'ਲ' ਗੁਰਮੁਖੀ ਜਿਹਾ ਥੋੜਾ ਬਣ ਜਾਂਦਾ ਹੈ।

ਸੋਲ੍ਹਵੀਂ ਸਦੀ ਈਸਵੀ ਦੇ ਅੰਤ ਤੱਕ ਇਹ ਅੱਖਰ ਪੂਰਨ ਭਾਂਤ ਹੁਣ ਵਾਲੀ ਸ਼ਕਲ ਗ੍ਰਹਿਣ ਕਰ ਚੁੱਕਾ ਸੀ ਭਾਵੇਂ ਕਿ ਹਾਲੇ ਵੀ ਕਈ ਵਾਰ ਪੁਰਾਣੇ ਰੂਪ ਦਾ ਪ੍ਰਯੋਗ ਵੀ

ਕਰ ਲਿਆ ਜਾਂਦਾ ਸੀ ਜਿਵੇਂ ਬਾਬਾ ਮੋਹਨ ਵਾਲੀ ਪੋਥੀ ਤੇ ਹਰਿ ਸਹਾਇ ਵਾਲੀ ਪੋਥੀ (1574-81 ਈ:) ਵਿੱਚ ਇਸ ਦੀ ਸ਼ਕਲ ਹੈ।[5] ਪੋਥੀਆਂ ਬਾਬਾ ਮੋਹਨ ਜੀ ਅਤੇ ਸਾਖੀ ਵਲਾਇਤ ਵਾਲੀ ਦਾ 'ਲ' ਇਕੋ ਜਿਹਾ ਹੀ ਹੈ ਪਰ ਬੀੜ ਧਰਮਸ਼ਾਲ ਹਕੀਮ ਬੂਟਾ ਸਿੰਘ ਵਾਲਾ 'ਲ' ਤਾਂ ਅਜੋਕੇ ਗੁਰਮੁਖੀ ਵਾਲਾ ਹੀ ਹੈ।

ਗਿਰਨਾਰ	[illegible]
ਮੰਦਸੌਰ	[illegible]
[illegible]	[illegible]
ਸ਼ਾਰਦਾ ([illegible])	[illegible]
ਟਾਕਰੀ	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ ਜੀ	[illegible]
ਬੀੜ ਧਰਮਸ਼ਾਲ ਹਕੀਮ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦੀ ਸ਼ਿਕਸਤਾ	[illegible]
ਅਜੋਕਾ ਗੁਰਮੁਖੀ ਅੱਖਰ	ਲ

JSSARNA

ਵ

ਸ਼ੁਰੂ ਤੋਂ ਹੀ 'ਵ' ਦੀ ਸ਼ਕਲ ਲੰਬੂਤਰੀ ਜਿਹੀ ਹੀ ਤੁਰੀ ਆ ਰਹੀ ਹੈ ਪਰ ਕੁਟਿਲ-ਲਿਪੀ ਦਾ 'ਵ' ਨਾਗਰੀ ਵਾਲਾ ਹੀ ਸਾਕਾਰ ਹੁੰਦਾ ਹੈ। ਲੰਡਿਆ ਦਾ 'ਵ' ਤਾਂ ਗੁਰਮੁਖੀ 'ਵ' ਜਿਹਾ ਹੀ ਸੰਪੂਰਨ ਹੁੰਦਾ ਹੈ।

[illegible]	[illegible]
[illegible]	[illegible]
ਲੰਡੇ	[illegible]
ਪੋਥੀਆਂ ਬਾਬਾ ਮੋਹਨ ਦੀ	[illegible]
ਬੀੜ ਧਰਮਸ਼ਾਲਾ	[illegible]
ਸਾਖੀ ਵਲਾਇਤ ਵਾਲੀ	[illegible]
ਦਸ਼ਮੇਸ਼ ਦਾ ਸ਼ਿਕਸਤਾ	[illegible]
ਅਜੋਕਾ ਗੁਰਮੁਖੀ ਅੱਖਰ	ਵ

JSSARNA

ਪੋਥੀਆਂ ਬਾਬਾ ਮੋਹਨ ਜੀ, ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ, ਸਾਖੀ ਵਲਾਇਤ ਵਾਲੀ ਅਤੇ ਦਸ਼ਮੇਸ਼ ਦਾ ਸ਼ਿਕਸਤਾ ਅਜੋਕਾ ਗੁਰਮੁਖੀ ਵਾਲਾ ਹੀ ਹੈ।

ੜ

'ੜ' ਅੱਖਰ ਸ਼ਾਰਦਾ, ਬ੍ਰਹਮੀ ਵਿੱਚ ਬਿਲਕੁਲ ਆਲੋਪ ਹੈ। ਇਸ ਦੀ ਆਵਾਜ਼ ਦਾ ਪ੍ਰਯੋਗ ਪੰਜਾਬੀ ਵਿੱਚ ਲਗਾਤਾਰ ਹੁੰਦਾ ਆ ਰਿਹਾ ਹੈ। ਨਾਗਰੀ ਅਤੇ ਗੁਰਮੁਖੀ ਵਿੱਚ ਇਹ ਅੱਖਰ ਬਾਅਦ ਵਿੱਚ ਦਾਖ਼ਲ ਹੋਇਆ ਹੈ। ਇਸ ਅੱਖਰ ਦੀ ਸ਼ੁਰੂਆਤ ਟਾਕਰੀ ਅਤੇ ਲੰਡਿਆਂ ਤੋਂ ਹੀ ਹੋਈ ਹੈ। ਲੰਡਿਆਂ ਦਾ 'ੜ' ਤਾਂ ਬਿਲਕੁਲ ਗੁਰਮੁਖੀ ਜਿਹਾ ਹੀ ਹੈ। ਇਹ ਅੱਖਰ 'ਡ' ਨਾਲ ਉਚਾਰਣ ਵਿੱਚ ਮਿਲਦਾ ਹੈ ਅਤੇ ਉਸੇ ਦੇ ਪੁਰਾਣੀ ਸ਼ਕਲ ਤੋਂ ਘੁੰਡੀ ਬਣਨ ਦੀ ਥਾਂ ਗੋਡਾ ਲਾ ਕੇ ਬਣਾਇਆ ਗਿਆ ਹੈ। ਫਿਰ ਇਹ ਅੱਖਰ ਪੰਜਾਬ ਦੀਆਂ ਹੋਰ ਵਰਣਮਾਲਾ 'ਉਂਚੀ' ਪੁਰਾਣੀ 'ਸਰਾਫੀ' ਆਦਿ ਵਿੱਚ ਮੌਜੂਦ ਹੈ, ਭਾਵੇਂ ਕਿਤੇ ਕਿਤੇ ਸ਼ਕਲ ਦਾ ਥੋੜਾ ਬਹੁਤਾ ਫਰਕ ਹੈ।[6] ਗੁਰਮੁਖੀ ਦਾ ਅਜੋਕਾ 'ੜ' ਪੁਰਾਣੇ ਗੁਰਮੁਖੀ 'ਡ' ਤੋਂ ਬਣਿਆ ਸਾਫ਼ ਨਜ਼ਰੀ ਆਉਂਦਾ ਹੈ।

ਟਾਕਰੀ	[illegible]
ਲੰਡੇ	ੜ
ਬੀੜ [illegible]	ੜ
ਸਾਖੀ [illegible] ਵਾਲੀ	ੜ
ਦਸ਼ਮੇਸ਼ ਦਾ ਨਿਸ਼ਾਨ	ੜ
ਅਜੋਕਾ ਗੁਰਮੁਖੀ ਅੱਖਰ	ੜ

JSSARNA

ਉੱਪਰ ਦਿੱਤੀਆਂ ਸਾਰੀਆਂ ਸਾਰਣੀਆਂ ਅਤੇ ਅੱਖਰਾਂ ਦੀਆਂ ਪੈੜਾਂ ਨੂੰ ਤਵਾਰੀਖੀ ਨਿਕਤੇ-ਨਿਗਾਹ ਤੋਂ ਦੇਖਣ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਗੁਰਮੁਖੀ ਦੇ ਅੱਖਰ ਸਮੇਂ ਸਮੇਂ ਥੋੜ੍ਹੇ ਬਹੁਤੇ ਅੰਤਰ ਕਾਰਨ ਪ੍ਰਾਚੀਨ ਵੱਕਤ ਤੋਂ ਚਲ੍ਹੇ ਆ ਰਹੇ ਹਨ। ਇਨ੍ਹਾਂ ਦੀਆਂ ਜੜ੍ਹਾਂ ਬਹੁਤ ਪੁਰਾਣੀਆਂ ਹਨ। ਅਜੋਕੇ ਗੁਰਮੁਖੀ ਅੱਖਰਾਂ ਨੂੰ ਪੂਰਨ ਤੌਰ ਤੇ ਵਿਕੱਸਤ ਕਰਨ ਦੀ ਪਹਿਲ ਗੁਰੂ ਨਾਨਕ ਸਾਹਿਬ ਨੇ ਕੀਤੀ ਜਦੋਂ ਉਨ੍ਹਾਂ ਕਸ਼ਮੀਰ ਵਿੱਚ 'ਆਸਾ ਮਹਲਾ ੧' ਪੱਟੀ ਲਿੱਖੀ। ਇਸ ਤੋਂ ਬਾਅਦ ਗੁਰੂ ਅੰਗਦ ਸਾਹਿਬ ਨੇ 'ਬਾਲਬੋਧ' ਤਿਆਰ ਕਰ ਕੇ ਵੱਡੇ ਪੱਧਰ ਤੇ ਸੇਵਾ ਸ਼ੁਰੂ ਕੀਤੀ, ਜਿਸ ਕਾਰਨ ਗੁਰਮੁਖੀ ਨਾਲ ਗੁਰੂ ਅੰਗਦ ਸਾਹਿਬ ਦੇ ਨਾਮ ਦੀ ਪਰਪਾਟੀ ਸ਼ੁਰੂ ਹੋ ਗਈ। ਜੇ ਕਰ ਇਹ ਅੱਖਰ ਕਿਸੇ ਨਾ ਕਿਸੇ ਆਕਾਰ ਵਿੱਚ ਮੌਜੂਦ ਸਨ ਤਾਂ ਹੀ ਗੁਰੂ ਨਾਨਕ ਸਾਹਿਬ 'ਪੱਟੀ' ਲਿੱਖ ਸਕਦੇ ਸਨ?

ਟਿੱਪਣੀਆਂ ਅਤੇ ਹਵਾਲੇ

1. ਜੋਗਿੰਦਰ ਸਿੰਘ (ਪ੍ਰੋ.) - ਗੁਰਮੁਖੀ ਲਿਪੀ: ਸੋਮੇ ਦੇ ਵਿਕਾਸ, (ਸੰ) ਗੁਰਮੁਖ ਸਿੰਘ (ਡਾ) ਲੁਧਿਆਣਾ, 2009, ਅੰਕ: 224
2. ਪੂਰਵ ਅੰਕਤ, ਅੰਕ:239
3. ਪੂਰਵ ਅੰਕਤ, ਅੰਕ: 229
4. ਪੂਰਵ ਅੰਕਤ, ਅੰਕ: 230
5. ਰਾਜਿੰਦਰ ਸਿੰਘ ਲਾਬਾ (ਸੰ)- ਖੋਜ ਪਤ੍ਰਿਕਾ (ਹੱਥ-ਲਿਖਤ ਸੰਪਾਦਨ ਕਲਾ ਵਿਸ਼ੇਸ਼ ਅੰਕ) ਅੰਕ: 39, ਮਾਰਚ 1994, ਅੰਕ: 27
6. ਜੀ.ਬੀ.ਸਿੰਘ- ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਚੰਡੀਗੜ੍ਹ, (1950) ਛਾਪ 2010, ਅੰਕ: 76

****

੫
ਗੁਰਮੁਖੀ ਲਿਪੀ ਅਤੇ ਗੁਰੂ ਸਾਹਿਬਾਨ

'ਗੁਰਮੁਖ'ਸ਼ਬਦ ਪ੍ਰਾਚੀਨ ਹੈ ਜੋ ਦਸਵੀਂ ਗਿਆਰਵੀਂ ਸ਼ਤਾਬਦੀ ਦੇ ਨਾਥਾਂ/ਜੋਗੀਆਂ ਦੇ ਪੁਰਾਣੇ ਸਿੱਧ-ਸਾਹਿਤ[1] ਵਿੱਚ ਮੌਜੂਦ ਮਿੱਲਦਾ ਹੈ। 'ਗੁਰਮੁਖੀ' ਨਾਮ ਦੇ ਮੁੱਢ ਬਾਰੇ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਪੇਸ਼ ਕੀਤੇ ਹਨ। ਅਸਲ ਵਿੱਚ 'ਗੁਰਮੁਖ' ਨਾਮ 'ਭਲੇ ਪੁਰਸ਼' ਦੇ ਅਰਥਾਂ ਵਿੱਚ ਵੀ ਪ੍ਰਗਟ ਹੋਇਆ ਹੈ।

ਪੰਡਤ ਗੌਰੀ ਸ਼ੰਕਰ 'ਓਝਾ' 'ਗੁਰਮੁਖੀ' ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਲਿੱਖਦੇ ਹਨ " ਪੰਜਾਬ ਦੇ ਮਹਾਜਨਾਂ ਅਤੇ ਦੂਜੇ ਮਾਮੂਲੀ ਪੜ੍ਹੇ ਲਿਖੇ ਲੋਕਾਂ ਵਿਚ ਪਹਿਲਾਂ ਇਕ ਪ੍ਰਕਾਰ ਦੀ ਲੰਡਾ ਨਾਂ ਦੀ ਮਹਾਜਨੀ ਪ੍ਰਚਲਿਤ ਸੀ। ਇਸ ਵਿਚ ਸਿੰਧੀ ਵਾਂਗ ਸ੍ਵਰਾਂ ਦੀਆਂ ਮਾਤ੍ਰਾਂ ਲਾਈਆਂ ਜਾਂਦੀਆਂ ਸਨ। ਆਖਿਆ ਜਾਂਦਾ ਹੈ ਕਿ ਸਿੱਖਾਂ ਦੇ ਧਰਮ ਗ੍ਰੰਥ ਵੀ ਪਹਿਲੇ ਏਸੇ ਲਿਪੀ ਵਿੱਚ ਲਿਖੇ ਜਾਂਦੇ ਸਨ ਜਿਸ ਕਰਕੇ ਉਹਨਾਂ ਨੂੰ ਸ਼ੁੱਧ ਰੂਪ ਵਿਚ ਪੜ੍ਹਨਾ ਔਖਾ ਸੀ। ਇਸ ਲਈ ਗੁਰੂ ਅੰਗਦ (ਈ.ਸੰ: 1504-1552) ਨੇ ਆਪਣੇ ਧਰਮ-ਗ੍ਰੰਥਾਂ ਦੀ ਸ਼ੁੱਧਤਾ ਲਈ ਸ੍ਵਰਾਂ ਦੀ ਮਾਤ੍ਰਾ ਵਾਲੀ ਨਵੀਂ ਲਿਪੀ ਬਣਾਈ ਤਾਂ ਕਿ ਉਸ ਨੂੰ ਨਾਗਰੀ ਵਾਂਗ ਸ਼ੁੱਧ ਰੂਪ ਵਿਚ ਪੜ੍ਹਿਆ ਤੇ ਲਿਖਿਆ ਜਾ ਸਕੇ। ਏਸੇ ਕਾਰਨ ਉਸ ਨੂੰ 'ਗੁਰਮੁਖੀ' ਅਰਥਾਤ ਗੁਰੂ ਦੇ ਮੁੱਖ ਤੋਂ ਨਿਕਲੀ ਹੋਈ ਲਿਪੀ ਕਿਹਾ ਜਾਂਦਾ ਹੈ। "[2]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ "ਜਦੋਂ ਮੁਸਲਮਾਨੀ ਪ੍ਰਭਾਵ ਹੇਠ ਪੰਜਾਬੀ ਬੋਲੀ ਤੇ ਇਹ ਪੰਜਾਬ ਦੀ ਲਿਪੀ ਦਬ ਗਈ ਤਾਂ ਦੇਸ਼ ਦੇ ਸ੍ਵੈਮਾਨ ਜਗਾਉਣ ਵਾਲੇ ਗੁਰੂਆਂ ਨੇ ਇਥੋਂ ਦੀ ਲਿਪੀ ਨੂੰ ਫਿਰ ਸੁਰਜੀਤ ਕੀਤਾ। ਚੂੰਕਿ ਗੁਰੂ ਨੂੰ ਮੰਨਣ ਵਾਲੇ ਲੋਕ 'ਗੁਰਮੁਖ' ਆਖੇ ਜਾਂਦੇ ਸਨ, ਇਨ੍ਹਾਂ ਦੀ ਵਰਤੋਂ ਕਾਰਣ ਨਾਂ 'ਗੁਰਮੁਖੀ' ਪਾਇਆ ਗਿਆ। ਇਹ ਗੁਰਮੁਖ ਸਿੱਖ, ਗੁਰੂ ਦੀ ਬਾਣੀ ਕੰਠ ਕਰਦੇ ਤੇ ਥਾਂ-ਥਾਂ ਪ੍ਰਚਾਰਦੇ ਸਨ। ਇਸ ਪ੍ਰਕਾਰ ਲਈ ਬਾਣੀ ਲਿਖਣ ਦੀ ਵੀ ਲੋੜ ਸੀ, ਸੋ ਉਨ੍ਹਾਂ ਉਸ ਸਮੇਂ ਦੀ ਪੰਜਾਬ ਵਿਚ ਪਰਚਲਤ ਲਿਪੀ ਨੂੰ ਇਸ ਕੰਮ ਲਈ ਵਰਤਿਆ ਤੇ ਇਸ ਵਰਤੋਂ ਨੇ ਨਵਾਂ 'ਗੁਰਮੁਖੀ' ਨਾਂ ਵਧੇਰੇ ਮਸ਼ਹੂਰ ਕੀਤਾ[3]"।

ਡਾ. ਕੇਰੀ ਗੁਰਮੁਖੀ ਨੂੰ ਤਾਂ 'ਗੁਰਮੁਖੀ ਨਾਗਰੀ'[4] ਦੀ ਸੰਗਿਆ ਦੇਂਦਾ ਹੈ। ਡਾ. ਲਿਇਟੱਨਰ[5] ਵੀ ਗੁਰੂ ਅੰਗਦ ਸਾਹਿਬ ਨੂੰ 'ਗੁਰਮੁਖੀ ਅੱਖਰਾਂ' ਦਾ ਮੋਢੀ ਮੰਨਦਾ ਹੈ।

ਇਸ ਨੁੱਕਤੇ ਬਾਰੇ ਕਈ ਵਿਦਵਾਨਾਂ ਨੇ ਦਸ ਪਾਈ ਹੈ। ਇਸ ਬਾਰੇ ਡਾ. ਜੀ. ਡਬਲਯ ਲਾਇਟਨਰ[6] ਨੇਵੀ ਸੰਕੇਤ ਕੀਤਾ ਹੈ। ਇਕ ਹੋਰ ਸਜਣ[7] ਵੀ ਇਹੋ ਲਿੱਖਦੇ ਹਨ।

ਸਰਦਾਰ ਜੀ.ਬੀ. ਸਿੰਘ ਦਾ ਤਰਕ ਹੈ ਕਿ "ਹੋ ਸਕਦਾ ਹੈ, ਕਿ ਗੁਰੂ ਅੰਗਦ ਦੇਵ ਜੀ ਨੇ ਕੋਈ 'ਬਾਲ-ਬੋਧ' ਲਿਖਿਆ ਹੋਵੇ, ਕਿਉਂਕਿ ਉਸ ਸਮੇਂ ਕੋਈ ਛਪੀਆਂ ਹੋਈਆਂ ਕਿਤਾਬਾਂ ਨਹੀਂ ਹੁੰਦੀਆਂ ਸਨ। ਤਦ ਪਹਿਲਾਂ ਸਵਾਲ ਤਾਂ ਇਹ ਉਠਦਾ ਹੈ ਕਿ ਕੀ ਉਹ ਗੁਰਮੁਖੀ ਅੱਖਰ ਸਨ ਜਾਂ ਲੰਡੇ ਜਿਨ੍ਹਾਂ ਦੀ ਲੋੜ ਹੱਟੀ ਵਾਲਿਆਂ ਨੂੰ ਵਧੀਕ ਹੁੰਦੀ ਹੈ। ਭਲਾ

ਜੇ ਉਹ ਗੁਰਮੁਖੀ ਅੱਖਰ ਹੀ ਹੋਣ, ਤਦ ਗੁਰਮੁਖੀ ਅੱਖਰ 'ਬਣਾਣ' ਜਾਂ 'ਈਜ਼ਾਦ ਕਰਨ' ਦਾ ਇਹ ਕੋਈ ਸਬੂਤ ਨਹੀਂ। ਪਰ ਪਿੱਛੋਂ ਸ਼ਰਧਾਲੂਆਂ ਨੇ ਇਹ ਰਵਾਇਤ ਚਲਾ ਦੇਣੀ ਕਿ ਗੁਰੂ ਅੰਗਦ ਦੇਵ ਜੀ ਨੇ 'ਗੁਰਮੁਖੀ ਬਣਾਈ', ਇਕ ਸਹਿਜ ਗੱਲ ਸੀ। ਇਸ ਗੱਲ ਨਾਲ ਇਕ ਹੋਰ ਗੱਲ ਰਲ ਕੇ ਏਸ ਵਰਣਮਾਲਾ ਦਾ ਨਾਮ 'ਗੁਰਮੁਖੀ' ਹੋ ਗਿਆ"।[8]

ਭਗਤੀ ਲਹਿਰ ਦੇ ਸ਼ੁਰੂ ਵਿਚ ਅਸੰਖ ਸਾਧੂ, ਸੰਤ, ਜੋਗੀ, ਨਾਥ ਆਦਿ ਪੂਰੇ ਹਿੰਦੁਸਤਾਨ ਵਿਚ ਇਕ ਕੇਂਦਰੀ ਬੋਲੀ ਬੋਲਦੇ ਸਨ ਜਿਸ ਨੂੰ ਉਹ ਸੰਤ-ਭਾਖਾ ਜਾਂ ਸਧੂਕੜੀ ਆਖਿਆ ਕਰਦੇ ਸਨ। ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬਾਨ ਤੋਂ ਪਹਿਲਾਂ ਪੰਜਾਬ ਵਿਚ ਗੁਰਮੁਖੀ ਜਿਹੀ ਲਿੱਖਤ ਦੇ ਨਮੂਨੇ ਦ੍ਰਿਸ਼ਟੀਗੋਚਰ ਹੁੰਦੇ ਸਨ। ਗੁਰੂ ਸਾਹਿਬ ਨੇ ਉਸੇ ਲਿਪੀ ਨੂੰ ਸੁਰਜੀਤ ਕਰਕੇ ਮਸ਼ਹੂਰ ਅਤੇ ਹਰਮਨ ਪਿਆਰਾ ਬਣਾਇਆ। ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਜੀ ਦੀ ਬਾਣੀ ਅਤੇ ਜੀਵਨੀਆਂ ਨੂੰ ਲਿਖਵਾਉਣ ਦਾ ਪ੍ਰਚਾਰ ਤੇ ਪਾਸਾਰ ਕੀਤਾ, ਜਿਸ ਕਾਰਨ ਆਮ ਲੋਕਾਂ ਵਿਚ ਇਹ ਗਲ ਮਸ਼ਹੂਰ ਹੋ ਗਈ ਕਿ ਗੁਰੂ ਅੰਗਦ ਸਾਹਿਬ ਨੇ ਲਿਪੀ ਦੀ ਕਾਢ ਕੱਢੀ ਸੀ। 'ਨਕਲੀ-ਸਿੱਖ ਪ੍ਰਬੋਧ' ਦਾ ਕਰਤਾ ਵੀ ਇਹੋ ਲਿੱਖਦਾ ਹੈ,"ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਵਿਚਾਰ ਕੀਤੀ ਕਿ ਹਰ ਇਕ ਦੇਸ਼ ਦੀ ਭਾਸ਼ਾ ਅਤੇ ਉਸ ਦੇ ਅੱਖਰ ਭਿੰਨ-ਭਿੰਨ ਹਨ। .... ਤਾਂਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪੰਜਾਬ ਵਿਚ ਜਨਮ ਲੀਤਾ ਅਤੇ ਇਸ ਦੇਸ਼ ਦੀ ਭਾਸ਼ਾ ਵਿਚ ਹੀ ਸ਼ਬਦ ਰਚੇ, ਇਸ ਵਾਸਤੇ ਕੋਈ ਵਰਣ-ਮਾਲਾ ਜ਼ਰੂਰੀ ਹੋਣੀ ਚਾਹੀਦੀ ਹੈ। ਜਿਸ ਪਰ ਵਿਚਾਰ ਕੇ ਉਨ੍ਹਾਂ ਨੇ ਪੈਂਤੀ ਅੱਖਰਾਂ ਦੀ ਵਰਣਮਾਲਾ, ਜਿਸ ਦਾ ਨਾਮ ਗੁਰਮੁਖੀ ਆਖਦੇ ਹਨ, ਅਰ ਅਜਕੱਲ੍ਹ ਪੰਜਾਬੀ ਵਰਣਮਾਲਾ ਵੀ ਸਦਦੇ ਹਨ, ਬਹੁਤ ਸੁੰਦਰ ਰਚੀ........."।

ਬੱਚਿਆਂ ਨੂੰ ਅੱਖਰ ਦੀ ਜੁਗਤ ਦੇਣ ਲਈ ਪ੍ਰਾਚੀਨ ਸਮੇਂ ਤੋਂ ਲਿੱਖਣ ਦੀ ਰਿਵਾਇਤ ਰਹੀ ਹੈ। ਪਾਂਧੇ, ਭਾਈ, ਮੌਲਵੀ, ਪੰਡਤ ਅੱਖਰਾਂ ਨਾਲ ਇਕ ਅਜਿਹਾ ਵਾਕ ਜੋੜਦੇ ਸਨ, ਜਿਸ ਨੂੰ ਅੱਖਰ ਲਿੱਖਣ ਸਮੇਂ ਦੁਹਰਾਇਆ ਜਾਂਦਾ ਸੀ। ਸ਼ੇਖ ਸਾਅਦੀ, ਅਮੀਰ ਖੁਸਰੋ ਆਦਿ ਨੇ ਵੀ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਕਰੀਮਾ, ਵਾਹਿਦ ਬਾਰੇ ਆਦਿ ਲਿੱਖੇ ਸਨ। ਗੁਰੂ ਅੰਗਦ ਸਾਹਿਬ ਨੇ ਵੀ ਬੱਚਿਆਂ, ਬੀਬੀਆਂ ਦੇ ਸਿੱਖਣ ਅਤੇ ਲਿੱਖਣ ਲਈ ਇਕ 'ਬਾਲਬੋਧ' ਤਿਆਰ ਕੀਤਾ। ਅਜਿਹੇ ਹੀ ਪੈਂਤੀ ਅੱਖਰਾਂ ਵਾਲੇ ਬਾਲਬੋਧ ਦਾ ਹਵਾਲਾ ਡਾ. ਲਿਇਟੱਨਰ[9] ਦੇਂਦਾ ਹੈ। ਡਾ. ਮੋਹਨ ਸਿੰਘ ਦੀਵਾਨਾ 'ਬਾਵਨ ਅੱਖਰੀ' ਦੇ ਦੁਕਾਲਕ ਪੱਖ ਬਾਰੇ ਚਾਨਣਾ ਪਾਉਂਦੇ ਸਪਸ਼ਟ ਕਰਦੇ ਹਨ ਕਿ ਵਰਨਮਾਲਾ ਦੀ ਵਰਤੋਂ ਪ੍ਰਮਾਣਿਕ ਅੱਖਰ-ਜੋੜ, ਉਨ੍ਹਾਂ ਨੂੰ ਠੀਕ-ਉਚਾਰਨ ਤੇ ਅੱਖਰਾਂ ਨਾਲ ਅਧਿਆਤਮਿਕ ਭਾਵਾਂ ਨੂੰ ਜੋੜਨ ਲਈ ਕੀਤੀ ਜਾਂਦੀ ਰਹੀ ਹੈ, ਜਿਵੇਂ ਸੰਸਕ੍ਰਿਤ ਵਿਚ 'ਏਕਾਕਸ਼ਰੀ' ਹਿੰਦੀ ਵਿਚ ਕਨਪਾਟੇ ਨਾਥਾਂ ਦੀ 'ਚੋਤੀਸੀ' ਹਿੰਦੀ ਵਿਚ 'ਬਾਵਨ ਅੱਖਰੀ' ਪੰਜਾਬੀ ਵਿਚ 'ਪੱਟੀ' ਜਾਂ 'ਪੈਂਤੀ ਅੱਖਰੀ'[10] ਆਦਿ।

ਗੁਰਮੁਖੀ ਅੱਖਰਾਂ ਦਾ 'ਸੁਧਾਰ' ਗੁਰੂ ਨਾਨਕ ਅਤੇ ਗੁਰੂ ਅੰਗਦ ਸਾਹਿਬ ਨੇ ਜ਼ਰੂਰ ਕੀਤਾ ਹੋਵੇਗਾ ਪਰ ਹਕੀਕਤ ਇਹ ਹੈ ਕਿ 'ਗੁਰਮੁਖੀ' ਅੱਖਰ ਗੁਰੂ ਸਾਹਿਬਾਨ ਤੋਂ ਪਹਿਲਾਂ ਵਜੂਦ ਵਿਚ ਆ ਚੁੱਕੇ ਸਨ, ਭਾਵੇਂ ਉਨ੍ਹਾਂ ਦਾ ਨਾਮ ਉਸ ਸਮੇਂ 'ਗੁਰਮੁਖੀ'

ਪ੍ਰਚਾਲਿਤ ਨਾ ਵੀ ਹੋਵੇ। ਜੇਕਰ ਇਹ ਪਹਿਲਾਂ ਵਜੂਦ ਵਿਚ ਨਾ ਆਉਂਦੇ ਤਾਂ ਗੁਰੂ ਨਾਨਕ ਸਾਹਿਬ ਨੇ 'ਪੱਟੀ' ਬਾਣੀ ਕਿਵੇਂ ਲਿੱਖ ਲਈ? ਪਹਿਲਾਂ ਅਸੀਂ 'ਪੱਟੀ' ਦੇ ਕੋਸ਼ਕੀ ਅਰੱਥਾਂ ਬਾਰੇ ਜਾਨਣ ਦੀ ਕੋਸ਼ਿਸ਼ ਕਰਾਂਗੇ। 'ਪੱਟੀ'[11] ਇੱਕ ਲੱਕੜੀ ਦੀ ਤਖ਼ਤੀ ਹੈ ਜਿਸ ਤੇ ਬੱਚੇ ਵਰਣਮਾਲਾ ਲਿਖਣਾ ਸਿੱਖਦੇ ਹਨ। 'ਪਟੀ' ਕਾਵਿ-ਰੂਪ ਦੀ ਪਰੰਪਰਾ ਬਹੁਤ ਪੁਰਾਤਨ ਹੈ। ਇਸ ਦੇ ਮੁੱਢਲੇ ਸਾਹਿਤਕ ਰੂਪ ਨੂੰ ਬੋਧ ਸਿੱਧਾਂ ਦੀਆਂ ਰਚਨਾਵਾਂ ਚੋਂ ਪਛਾਣਿਆ ਜਾ ਸਕਦਾ ਹੈ। ਅਠਵੀਂ ਸਦੀ ਦੇ ਕਰੀਬ ਹੋਏ ਬੋਧ ਸਿੱਧ ਆਚਾਰੀਆਂ ਸਰਹਪਾ ਨੇ ਵਰਣਮਾਲਾ ਦੇ ਕਈ ਅੱਖਰਾਂ ਨੂੰ ਹਰ ਦੋਹੇ ਦੇ ਆਰੰਭ ਵਿੱਚ ਰੱਖ ਕੇ ਕਾਵਿ-ਰਚਨਾ[12] ਕੀਤੀ ਹੈ। ਬਾਣੀਕਾਰਾਂ ਵੱਲੋਂ ਲਿਖੀ ਪਟੀ ਅਜੋਕੀ ਗੁਰਮੁਖੀ ਵਰਣਮਾਲਾ ਨਾਲੋਂ ਥੋੜੀ ਜਿਹਾ ਭਿੰਨ ਹੈ, ਖ਼ਾਸਕਰ ਗੁਰੂ ਨਾਨਕ ਦੇਵ ਜੀ ਦੀ ਪੈਂਤੀ

ਸ ੧	ੲ ੨	ੳ ੩	ਙ ੪	ਕ ੫	ਖ ੬	ਗ ੭	ਘ ੮	ਚ ੯
ਛ ੧੦	ਜ ੧੧	ਝ ੧੨	ਞ ੧੩	ਟ ੧੪	ਠ ੧੫	ਡ ੧੬	ਢ ੧੭	ਣ ੧੮
ਤ ੧੯	ਥ ੨੦	ਦ ੨੧	ਧ ੨੨	ਨ ੨੩	ਪ ੨੪	ਫ ੨੫	ਬ ੨੬	ਭ ੨੭
ਮ ੨੮	ਯ ੨੯	ਰ ੩੦	ਲ ੩੧	ਵ ੩੨	ੜ ੩੩	ਹ ੩੪	ਅ ੩੫	

ਉੱਪਰ ਪੂਰੇ ੩੫ ਅੱਖਰ ਦਿੱਤੇ ਹਨ ਜਿਵੇਂ ਉਨ੍ਹਾਂ ਦੇ ਨਾਮ ਊੜਾ, ਆਇੜਾ, ਈਵੜੀ ਆਦਿ। ਇਨ੍ਹਾਂ ਪੈਂਤੀ ਅੱਖਰਾਂ ਦੇ ਵਜੂਦ ਵਿਚ ਹੋਣ ਤੋਂ ਬਾਅਦ ਇਹ ਆਖਣਾ ਕਿ 'ਗੁਰਮੁਖੀ ਅੱਖਰ' ਗੁਰੂ ਅੰਗਦ ਸਾਹਿਬ ਨੇ ਬਣਾਏ, ਗੁਰੂ ਨਾਨਕ ਸਾਹਿਬ ਦੀ ਲਿੱਖੀ ਪੱਟੀ ਨੂੰ ਨਜ਼ਰ ਅੰਦਾਜ਼ ਕਰਨ ਦੇ ਤੁਲ ਹੈ।

ਇਸ ਪੱਟੀ ਵਿਚ ਭਾਵੇ ਤਿੰਨ ਅੱਖਰ ਵਧੇਰੇ ਰੂਪਮਾਨ ਹੋਏ ਹਨ, ਪਰ ਉਹ ਵੀ ਕੇਵਲ ਪਰਮਸਤਿ ਦੀ ਉਪਮਾਂ ਪ੍ਰਗਟ ਕਰਨ ਲਈ ਪਰ ਫਿਰ ਵੀ ਪੈਂਤੀ ਨੰਬਰ ਪੂਰਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਾ ਮਹਲਾ ੧ ਦੀ ਪੱਟੀ ਹੈ ਅਤੇ ਉਸ ਤੋਂ ਬਾਅਦ ਗੁਰੂ ਅਮਰਦਾਸ ਸਾਹਿਬ ਦੀ ਪੱਟੀ ਆਉਂਦੀ ਹੈ। ਜੇਕਰ ਗੁਰੂ ਅੰਗਦ ਸਾਹਿਬ ਨੇ ਪੱਟੀ ਲਿਖੀ ਹੁੰਦੀ ਤਾਂ ਉਹ ਗੁਰੂ ਅਮਰਦਾਸ ਸਾਹਿਬ ਦੀ ਪੱਟੀ ਤੋਂ ਪਹਿਲਾਂ ਜ਼ਰੂਰ ਮੌਜੂਦ ਹੋਣੀ ਸੀ? ਇਹ ਵੀ ਵਿਸ਼ਵਾਸ ਨਾਲ ਆਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਪਵਿੱਤਰ ਕਰ-ਕਮਲਾਂ ਨਾਲ ਆਪਣੀ ਬਾਣੀ ਲਿਖੀ ਹੋਵੇਗੀ? ਗੁਰੂ ਅੰਗਦ ਸਾਹਿਬ ਦੇ ਸਪੁੱਰਦ ਆਪਣੀ ਸਾਰੀ ਬਾਣੀ ਕੀਤੀ ਹੋਵੇਗੀ ਕਿਉਂਕਿ ਗੁਰੂ ਨਾਨਕ ਸਾਹਿਬ ਗਾਥਾ, ਸੰਸਕ੍ਰਿਤ, ਫ਼ਾਰਸੀ ਆਦਿ ਦੇ ਔਖੇ ਸ਼ਬਦਾਂ ਨੂੰ ਆਪਣੇ ਹੱਥੀ ਲਿਖਿਆ ਹੋਵੇਗਾ। ਭਾਈ ਮਰਦਾਨੇ ਦਾ ਸਲੋਕ ਵੀ ਆਪ ਜੀ ਨੇ ਲਿਖਿਆ ਹੋਵੇਗਾ।

ਗੁਰੂ ਨਾਨਕ ਸਾਹਿਬ ਦੀ 'ਪੱਟੀ' ਬਾਣੀ ਦਾ ਅੱਖਰੀ ਕਰਮ 'ੳ, ਸ, ਧ, ਙ, ਏ' ਹੈ। ਗੁਰੂ ਅਮਰਦਾਸ ਸਾਹਿਬ ਦੀ 'ਪੱਟੀ' ਸਿੰਧਙਾਈਐ ਸਿਮਰਹਿ ਨਾਹੀਂ ' ਤੋਂ ਸ਼ੁਰੂ ਹੁੰਦੀ ਹੈ। ਇਸੇ ਤਰ੍ਹਾਂ ਗੁਰੂ ਅਰਜਨ ਸਾਹਿਬ ਦੀ 'ਬਾਵਨ ਅੱਖਰੀ' 'ੳ, ਸ, ਧ, ਙ' ਤੋਂ ਸ਼ੁਰੂ ਹੁੰਦੀ ਹੈ। ਪ੍ਰੋ. ਪਿਆਰਾ ਸਿੰਘ ਪਦਮ ਦਾ ਵਿਚਾਰ ਹੈ ਕਿ 'ਓਅੰ ਸਿੰਧ' ਮੰਤ੍ਰ ਪੰਜਾਬ ਵਿਚ ਚਾਲੂ ਲਿਪੀ ਸਿਖਿਆ ਦੇ ਆਰੰਭ ਵਿਚ ਆਮ ਰਟਾਇਆ ਜਾਂਦਾ ਸੀ। ਸੋ ਗੁਰੂਆਂ ਦੇ ਜ਼ਮਾਨੇ ਜਿਸ ਲਿਪੀ ਦਾ ਜਿਵੇਂ ਵਰਤਾਰਾ ਸੀ, ਉਨ੍ਹਾਂ ਉਸੇ ਤਰ੍ਹਾਂ ਉਸ ਨੂੰ ਇਨ੍ਹਾਂ ਅੱਖਰੀ ਬਾਣੀਆਂ ਵਿਚ ਦਰਜ ਕਰਕੇ ਇਸ ਕੜੀ ਨੂੰ ਜਿਉਂ ਦੇ ਤਿਉਂ ਰੂਪ ਵਿਚ ਦਰਸਾਇਆ ਹੈ।[13]

ਅਬੂਰਿਹਾਨ ਅਲਬਰੂਨੀ (ਸੰਨ 1030 ਈ. ਤੱਕ) ਨੇ ਆਪਣੀ ਪ੍ਰਸਿੱਧ ਕਿਤਾਬ 'ਅਲਹਿੰਦ' ਵਿਚ 'ਅਰਧ-ਨਾਗਰੀ' ਲਿਪੀ ਦਾ ਹਵਾਲਾ ਦਿੱਤਾ ਹੈ। ਉਸ ਦੇ ਵਿਚਾਰ ਅਨੁਸਾਰ ਸ਼ਾਰਦਾ ਤੋਂ ਵਿਕਸਿਤ ਸਿੱਧ-ਮਾਤਰਿਕਾ ਅਤੇ ਨਾਗਰ ਲਿਪੀ ਤੋਂ ਵਿਕਸਿਤ ਲਿਪੀ ਦੇ ਮਿਸ਼ਰਨ ਦਾ ਸਿੱਟਾ ਅਰਧ ਨਾਗਰੀ ਲਿਪੀ ਹੈ, ਜਿਸ ਦਾ ਪ੍ਰਚਾਰ ਤੇ ਪ੍ਰਸਾਰ ਅਤੇ ਪ੍ਰਯੋਗ ਭੱਟੀ ਦੇਸ਼ ਤੇ ਸਿੰਧੂ ਵਿਚ ਪ੍ਰਚਲਿੱਤ ਹੈ।...... ਇਸੇ ਕਸਬੇ ਵਿੱਚ ਭੱਟਅੱਖਰੀ ਜਾਂ ਅਰਧ-ਨਾਗਰੀ ਹੀ ਕਾਰ-ਵਿਹਾਰ ਵਿਚ ਵਰਤੀ[14] ਜਾਂਦੀ ਸੀ। ਸ੍ਰ. ਕਾਲਾ ਸਿੰਘ ਬੇਦੀ ਦਾ ਵਿਚਾਰ ਹੈ ਕਿ ਇਹਨਾਂ ਅੱਖਰਾਂ ਦਾ ਉਚਾਰਨ (ਤਲਫ਼ਜ਼) ਹੁਣ ਵਰਗਾ ਹੀ ਸੀ ਜਿਵੇਂ ਉੜਾ, ਐੜਾ, ਕਕਾ, ਗਗਾ, ਚਚਾ, ਪੱਪਾ ਆਦਿ। ਗੁਰਬਾਣੀ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਇਹਨਾਂ ਅੱਖ਼ਰਾਂ ਦੀ ਤਰਤੀਬ ਹੁਣ ਵਾਲੀ ਨਹੀਂ ਸੀ ਤੇ ਕੁੱਝ ਅੱਖਰਾਂ ਦੀ ਸ਼ਕਲ ਵੀ ਹੁਣ ਵਾਲੇ ਅੱਖਰਾਂ ਤੋਂ ਵੱਖ ਸੀ।[15] ਗੁਰੂ ਨਾਨਕ ਸਾਹਿਬ ਦੇ ਸਮੇਂ ਦੀ ਅਰਧ-ਨਾਗਰੀ ਅੱਖਰਾਂ ਦੀ ਤਰਤੀਬ ਤੇ ਹੁਣ ਵਾਲੀ ਗੁਰਮੁਖੀ ਲਿਪੀ ਦੇ ਵਰਣਾਂ ਦੀ ਤਰਤੀਬ ਅਸੀਂ ਹੇਠਾਂ ਇਕ ਸਾਰਣੀ ਵਿੱਚ ਦੇ ਰਹੇ ਹਾਂ-

ਗੁਰੂ ਨਾਨਕ ਸਾਹਿਬ ਦੇ ਸਮੇਂ ਗੁਰਮੁਖੀ ਅੱਖਰਾਂ ਦੀ ਤਰਤੀਬ					ਗੁਰੂ ਅੰਗਦ ਸਾਹਿਬ ਦੀ ਦਿਤੀ ਗੁਰਮੁਖੀ ਅੱਖਰਾਂ ਦੀ ਤਰਤੀਬ				
ਸ	ੲ	ੳ	ਙ	–	ੳ	ਅ	ੲ	ਸ	ਹ
ਕ	ਖ	ਗ	ਘ	–	ਕ	ਖ	ਗ	ਘ	ਙ
ਚ	ਛ	ਜ	ਝ	ਞ	ਚ	ਛ	ਜ	ਝ	ਞ
ਟ	ਠ	ਡ	ਢ	ਣ	ਟ	ਠ	ਡ	ਢ	ਣ
ਤ	ਥ	ਦ	ਧ	ਨ	ਤ	ਥ	ਦ	ਧ	ਨ
ਪ	ਫ	ਬ	ਭ	ਮ	ਪ	ਫ	ਬ	ਭ	ਮ
ਯ	ਰ	ਲ	ਵ	ੜ	ਯ	ਰ	ਲ	ਵ	ੜ
–	–	ਹ	ਅ	–	–	–	–	–	–

ਉੱਪਰ ਦਿੱਤੀ ਸਾਰਣੀ ਤੋਂ ਸਪਸ਼ਟ ਹੈ ਕਿ ਗੁਰੂ ਅੰਗਦ ਸਾਹਿਬ ਨੇ ਕੁੱਝ ਮੁਸ਼ਕਿਲ ਅੱਖਰਾਂ ਦੀਆਂ ਸ਼ਕਲਾਂ ਵਿਚ ਤਬਦੀਲੀ ਕਰ ਕੇ ਸੁਖੈਨ ਬਣਾਇਆ। ਗੁਰੂ ਨਾਨਕ ਸਾਹਿਬ ਨੇ ਭਾਸ਼ਾ ਤੇ ਲਿਪੀ ਸੰਬੰਧੀ ਇਕ ਨਵਾਂ ਮੋੜ ਲਿਆਂਦਾ। ਗੁਰੂ ਸਾਹਿਬ ਨੇ

ਇਸੇ ਵਿਗਿਆਨਕ ਗੁਰਮੁਖੀ ਲਿਪੀ (ਅਰਧ-ਨਾਗਰੀ) ਨੂੰ ਚੁਣਿਆ।

ਜਨਮਸਾਖੀ ਬਾਲਾ ਨੂੰ ਲਿੱਪੀ-ਬੱਧ ਕਰਨ ਦਾ ਹੁਕਮ ਗੁਰੂ ਅੰਗਦ ਸਾਹਿਬ ਨੇ ਪੈੜੇ ਮੋਖੇ ਨੂੰ ਦਿੱਤਾ ਸੀ। ਗੁਰੁਮਖੀ ਅੱਖਰਾਂ ਤੇ ਦੇਵ ਨਾਗਰੀ ਅੱਖਰਾਂ ਤੋਂ ਪੈੜਾਂ ਮੋਖਾ ਚੰਗੀ ਤਰ੍ਹਾਂ ਜਾਣੂ ਸੀ। ਇਸੇ ਕਾਰਨ ਬਾਲੇ ਵਾਲੀ ਜਨਮ ਸਾਖੀ ਪੈੜੇ ਮੋਖੇ ਨੇ ਗੁਰਮੁਖੀ ਅੱਖਰਾਂ ਵਿੱਚ ਲਿਖੀ।

ਪੁਰਾਤਨ ਸਮੇਂ ਜਦੋਂ ਪਾਂਧੇ ਤਖ਼ਤੀ ਉੱਪਰ ਵਰਣਮਾਲਾ ਲਿਖਣ ਦਾ ਅਭਿਆਸ ਕਰਾਉਂਦੇ ਸਨ ਤਾਂ ਸਭ ਤੋਂ ਪਹਿਲਾਂ 'ਓਮ ਨਮ: ਸਿੱਧਮ' ਦੀ ਸੰਥਾ ਦੇ ਕੇ ਬਾਅਦ ਵਿੱਚ ਅੱਖਰ-ਗਿਆਨ ਆਰੰਭ ਕਰਦੇ ਸਨ। ਪੁਰਾਤਨ ਜਨਮਸਾਖੀ ਵਿੱਚ 'ਪੱਟੀ' ਵਾਲੀ ਸਾਖੀ ਵਿਚ ਜ਼ਿਕਰ ਆਇਆ ਹੈ।

"ਜਬ ਬਾਬਾ ਬਰਸਾ ਸਤਾਂ ਦਾ ਹੋਇਆ ਤਬ ਕਾਲੂ ਕਹਿਆ" ਨਾਨਕ। ਨੂੰ ਪੜ੍ਹ। ਤਬ ਗੁਰੂ ਨਾਨਕ ਕਉਂ ਪਾਂਧੇ ਪਾਸ ਲੈ ਗਇਆ। ਕਾਲੂ ਕਹਿਆ, "ਪਾਂਧੇ। ਇਸ ਨੂੰ ਪੜਾਇ, ਤਬ ਪਾਂਧੇ ਪਟੀ ਲਿਖ ਦਿੱਤੀ ਅਖਰਾਂ ਪੈਂਤੀਸ ਦੀ ਮੁਹਾਰਣੀ ਤਬ ਗੁਰੂ ਨਾਨਕ ਲੱਗਾ ਪੜ੍ਹਨ, ਰਾਗ ਆਸਾ ਵਿਚ ਪਟੀ, ਆਦਿ ਬਾਣੀ ਹੋਈ.........।"[16]

ਸਰਦਾਰ ਜੀ.ਬੀ.ਸਿੰਘ ਨੇ ਪੰਜਾਬ ਦੇ ਕਈ ਖੂਹਾਂ ਵਿੱਚ ਲੱਗੇ ਪੱਥਰਾਂ ਤੇ ਉੱਕਰੀਆਂ ਲਿਖਤਾਂ ਨੂੰ ਪੜ੍ਹਿਆਂ ਹੈ, ਜੋ ਗੁਰੂ ਨਾਨਕ ਸਾਹਿਬ ਤੋਂ ਪੂਰਵ ਦੀਆਂ ਹਨ। ਇਨ੍ਹਾਂ ਲਿੱਖਤਾਂ ਦੇ ਅੱਖਰ ਗੁਰਮੁਖੀ ਨਾਲ ਮਿੱਲਦੇ-ਜੁਲਦੇ ਹਨ। ਨਾਗਪੁਰ ਦੇ ਅਜਾਇਬ ਘਰ ਵਿਚ ਵੀ ਉਨ੍ਹਾਂ ਇਕ ਪੱਥਰ ਉਪਰ ਪੰਜਾਬੀ ਦੇ ਬਬੇ ਅੱਖਰ (ਬ) ਦੀ ਸ਼ਕਲ ਦੇਖੀ ਜੋ ਲਗਭਗ ਅੱਠਵੀਂ ਸਦੀ ਦੀ ਸੀ। ਸਰਦਾਰ ਜੀ.ਬੀ.ਸਿੰਘ ਦਾ ਵੀ ਵਿਚਾਰ ਹੈ ਕਿ ਗੁਰਮੁਖੀ ਲਿਪੀ ਦਾ ਹਰ ਅੱਖਰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਸਮੇਂ ਤੋਂ ਪਹਿਲਾਂ ਵਜੂਦ ਵਿੱਚ ਆ ਚੁੱਕਾ ਸੀ। ਕੁੱਝ ਖੋਜੀ ਵਿਦਵਾਨਾਂ ਨੇ ਹਰਿਦੁਆਰ, ਮੱਥਰਾ, ਬਿੰਦਰਾਬਨ ਤੇ ਕਾਸ਼ੀ ਦੇ ਪਾਂਡਿਆਂ ਦੀਆਂ ਵਹੀਆਂ ਵਿਚ ਗੁਰੂ ਨਾਨਕ ਸਾਹਿਬ ਤੋਂ ਪੂਰਵ ਤੀਰਥ-ਯਾਤਰਾ ਕਰਨ ਵਾਲੇ ਹਿੰਦੂਆਂ ਦੇ ਹਸਤਾਖ਼ਰ (ਦਸਤਖ਼ਤ) ਵੇਖੇ ਹਨ, ਜੋ ਗੁਰਮੁਖੀ ਅੱਖਰਾਂ ਨਾਲ ਮਿਲਦੇ-ਜੁਲਦੇ ਹਨ।[17] ਹੋ ਸਕਦਾ ਹੈ ਕਿ ਉਸ ਵੇਲੇ ਦੇ ਅੱਖਰ ਅਰਧ-ਨਾਗਰੀ ਲਿਪੀ ਦੇ ਖਿਆਲ ਕੀਤੇ ਜਾਂਦੇ ਹੋਣ। ਸੰਖੇਪ ਤੌਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਤੋਂ ਬਹੁਤ ਚਿਰ ਪਹਿਲਾਂ 'ਗੁਰਮੁਖੀ ਅੱਖਰ' ਪੰਜਾਬ ਵਿਚ ਪ੍ਰਚਲਿਤ ਸਨ। ਵੈਦਿਕ-ਕਾਲ ਸਮੇਂ ਪੰਜਾਬ ਵਿੱਚ ਲੋਕਾਂ ਦੇ ਮੂੰਹੋਂ ਨਿਕਲੀਆਂ ਧੁਨੀਆਂ ਦੀ ਗਿਣਤੀ ਵਿਦਵਾਨਾਂ ਨੇ ਬਵੰਜਾ (52) ਮੰਨੀ ਹੈ। ਸਮੇਂ ਦੀ ਰਫ਼ਤਾਰ ਨਾਲ ਇਨ੍ਹਾਂ ਦੀ ਗਿਣਤੀ ਨਿਵਾਣ ਵੱਲ ਹੁੰਦੀ ਹੋਈ ਗੁਰੂ ਨਾਨਕ ਸਾਹਿਬ ਤੋਂ ਪੂਰਵ ਗੁਰਮੁਖੀ ਦੀਆਂ ਪੈਂਤੀ (35) ਆਵਾਜ਼ਾਂ ਬਾਕੀ ਰਹਿ ਗਈਆਂ ਸਨ। 'ਇਨ੍ਹਾਂ ਧੁਨੀਆਂ ਨੂੰ ਪ੍ਰਗਟ ਕਰਨ ਲਈ ਬ੍ਰਾਹਮੀ ਲਿਪੀ ਤੋਂ ਵਿਕਸਿਤ ਅਰਧ-ਨਾਗਰੀ ਜੋ ਸ਼ਾਰਦਾ ਲਿਪੀ ਦੇ ਪੜਾਹ ਨੂੰ ਪਾਰ ਕਰ ਕੇ ਆਈ ਸੀ, ਮੁਨਾਸਬ ਸੀ, ਕਿਉਂਕਿ ਇਸ ਵਰਨ-ਮਾਲਾ ਵਿਚ ਕੇਵਲ ਪੈਂਤੀ ਅੱਖਰ ਸਨ। ਸੋ ਵਿਗਿਆਨਿਕ ਤੌਰ ਤੇ ਪੰਜਾਬੀ ਧੁਨੀਆਂ ਦੇ ਪ੍ਰਗਟਾਅ ਲਈ ਗੁਰਮੁਖੀ ਲਿਪੀ ਹੀ ਠੀਕ ਹੈ।[18] ਪੰਜਾਬੀ ਦੀਆਂ ਕੁੱਝ ਧੁਨੀਆਂ ਜਿਵੇਂ ਘ.ਝ, ਧ, ਭ ਨੂੰ ਗੁਰਮੁਖੀ ਅੱਖਰਾਂ ਰਾਹੀਂ ਹੀ

ਸਾਕਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਧੁਨੀਆਂ ਨੂੰ ਜੇ ਅਸੀਂ-Gha, Jh, Dh, Bh ਰੋਮਨ ਅੱਖਰ ਵਰਤੀਏ ਤਾਂ ਇਨ੍ਹਾਂ ਦਾ ਉਚਾਰਨ ਕਿਸੇ ਪ੍ਰਕਾਰ ਦੀ ਪੰਜਾਬੀ ਨੁਮਾ ਨਹੀਂ ਹੋ ਸਕਦਾ। ਦੇਵਨਾਗਰੀ ਦੇ ਅੱਖਰਾਂ ਦੇ ਪੈਰ੍ਹਾਂ ਵਿਚ ਅੱਖਰ ਲਿੱਖ ਦਿੱਤੇ ਜਾਂਦੇ ਸਨ ਪਰ ਗੁਰਮੁਖੀ ਇਸ ਪ੍ਰੰਪਰਾ ਤੋਂ ਆਜ਼ਾਦ ਹੋ ਰਹੀ ਹੈ। ਅਸੀਂ ਇਹ ਗੱਲ ਬੜੇ ਮਾਣ ਅਤੇ ਭਰੋਸੇ ਨਾਲ ਆਖ ਸਕਦੇ ਹਾਂ ਕਿ ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਲਈ ਬਹੁਤ ਹੀ ਉਪਯੋਗੀ ਹੈ।

ਪੰਜਾਬ ਦੀ ਸਾਹਿਤਕ ਨਿੱਧੀ ਫ਼ਾਰਸੀ ਅੱਖਰਾਂ ਵਿਚ ਮੌਜੂਦ ਹੈ, ਜਿਸ ਵਿਚ ਕਿਸਾਂਕਾਰਾਂ, ਸੂਫ਼ੀਆਂ, ਇਸਲਾਮੀ ਧਾਰਮਿਕ ਪ੍ਰਚਾਰਕਾਂ ਨੇ ਲਿੱਪੀ-ਬੱਧ-ਕੀਤਾ ਹੈ। ਬਹੁਤ ਸਾਰਾ ਪੰਜਾਬੀ ਸਾਹਿਤ ਦੇਵਨਾਗਰੀ ਵਿੱਚ ਵੀ ਉਪਲਬਧ ਹੈ। ਪੰਜਾਬੀ ਨੂੰ ਪੰਜਾਬੀਅਤ ਦੇ ਰੰਗ ਵਿੱਚ ਜੇਕਰ, ਸਮੁੱਚੇ ਸੰਸਾਰ ਵਿਚ ਕੋਈ ਲਿਪੀ ਪੇਸ਼ ਕਰਨ ਦੇ ਸਮਰਥ ਹੈ ਤਾਂ ਉਹ 'ਗੁਰਮੁਖੀ ਲਿਪੀ' ਹੀ ਆਖੀ ਜਾ ਸਕਦੀ ਹੈ।

ਗੁਰੂ ਨਾਨਕ ਸਾਹਿਬ ਕਈ ਭਾਸ਼ਾਵਾਂ ਦੇ ਗਿਆਤਾਂ ਸਨ। ਗੁਰਮੁਖੀ ਨੂੰ ਇਲਹਾਮੀ ਅੱਖਰ ਜਾਣ ਕੇ ਅੰਕਿਤ ਕੀਤਾ-

ਜੈਸੀ ਮੈ ਆਵੈ ਖਸਮ ਕੀ ਬਾਣੀ॥
ਤੈਸੜਾ ਕਰੀ ਗਿਆਨ ਵੇ ਲਾਲੋ॥

ਗੁਰੂ ਸਾਹਿਬ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਅਤੇ ਗੁਰਮੁਖਾਂ ਨੇ ਇਸ ਪ੍ਰੰਪਰਾ ਨੂੰ ਕਾਇਮ ਰੱਖਿਆ। ਗੁਰੂ ਸਾਹਿਬਾਨ ਦੇ ਮੂਲ ਸਿਧਾਂਤਾ ਦੀ ਪੈੜਾਂ ਮਗਰ ਤੁਰਨ ਵਾਲੇ 'ਗੁਰਮੁਖ' ਭਗਤ ਸਿੱਖਾਂ ਨੇ ਤਨੋ-ਮਨੋ ਇਸ ਲਿਪੀ ਨੂੰ ਅਪਨਾਇਆ ਅਤੇ ਗੁਰੂ ਦੇ ਮੁੱਖ ਤੋਂ ਨਿਕਲੀ ਲਿਪੀ 'ਗੁਰਮੁਖੀ' ਕਰ ਕੇ ਪ੍ਰਸਿੱਧ ਹੋਈ।

'ਗੁਰਮੁਖੀ' ਸ਼ਬਦ ਦੇ ਅਰਥ 'ਗੁਰਮੁਖਿ' ਨਾਲੋਂ ਭਿੰਨ ਹਨ ਤੇ ਕੇਵਲ ਗੁਰਮੁਖੀ ਵਰਣਮਾਲਾ ਜਾਂ ਪੈਂਤੀ ਅੱਖਰੀ ਲਈ ਮਖ਼ਸੂਸ ਹਨ। ਗੁਰਮੁਖੀ ਦੇ ਪੈਂਤੀ ਅੱਖਰ ਸ਼ਾਰਦਾ, ਲੰਡੇ, ਟਾਕਰੀ ਆਦਿ ਲਿਪੀਆਂ ਦਾ ਸੁਧਰਿਆ ਤੇ ਸੰਵਾਰਿਆ ਰੂਪ ਮੰਨੇ ਜਾਂਦੇ ਹਨ।[19] ਇਨ੍ਹਾਂ ਪੈਂਤੀ ਅੱਖਰਾਂ ਤੋਂ ਇਲਾਵਾ ਕੁੱਝ ਫ਼ਾਰਸੀ ਆਵਾਜ਼ਾਂ ਨੂੰ ਗੁਰਮੁਖੀ ਲਿਪੀ ਰਾਹੀਂ ਸਹੀ ਜਾਂ ਤਤਸਮ ਰੂਪ ਵਿਚ ਲਿਖਣ ਲਈ ਸ, ਕ, ਖ, ਗ, ਜ, ਫ ਆਦਿ ਅੱਖਰਾਂ ਹੇਠ ਨੁਕਤਾ ਲਗਾਇਆ ਜਾਣ ਲਗਾ ਹੈ।

ਇਤਿਹਾਸ ਤੇ ਨਜ਼ਰ ਮਾਰਦਿਆ 'ਗੁਰਮੁਖੀ' ਦਾ ਪਹਿਲਾ ਸੰਕੇਤ ਬਾਬਾ ਮੋਹਨ ਦੀਆਂ ਪੋਥੀਆਂ ਵਿਚ ਅੰਕਿਤ ਹੈ। ਗੁਰੂ ਅਮਰਦਾਸ ਸਾਹਿਬ ਦੇ ਸਮੇਂ ਇਹ ਨਾਂ ਮੌਜੂਦ ਸੀ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਗੁਰਮੁਖੀ ਦੀ ਉੱਤਪਤੀ ਬਾਰੇ ਤਿੰਨ ਪੁਰਾਣੇ ਮਤਾਂ ਦੇ ਹਵਾਲੇ ਮਿੱਲਦੇ ਹਨ। ਇਨ੍ਹਾਂ ਵਿਚੋਂ ਸੱਭ ਤ੍ਰੋ ਪੁਰਾਣਾ ਮੱਤ ਗੁਰੂ ਅੰਗਦ ਦੇਵ ਜੀ ਨੂੰ ਲਿਪੀ ਦਾ ਘਾੜਾ ਮੰਨਦਾ ਹੈ। ਇਸ ਮੱਤ ਦੀ ਸਭ ਤੋਂ ਪਹਿਲੀ ਗਵਾਹੀ ਬਾਬਾ ਮੋਹਨ ਜੀ ਦੇ ਨਾਂ ਹੇਠ ਪ੍ਰਚਲਿਤ ਤੇ ਪਟਿਆਲੇ ਵਿਚ ਸੁਰੱਖਿਅਤ ਇਕ ਪੋਥੀ ਵਿਚੋਂ ਮਿਲਦੀ ਹੈ। ਇਸ ਪੋਥੀ ਵਿਚ ਦੋ ਬੜੀਆਂ ਸੁਆਦਲੀਆਂ ਟੂਕਾਂ ਦਰਜ ਹਨ, ਜਿਨ੍ਹਾਂ ਵਿਚ ਪਹਿਲੀ ਪਤਰਾ 93 ਦੇ ਖੱਬੇ ਹਾਸ਼ੀਏ ਉੱਤੇ ਹੈ-

" ਗਲਮ ਮਸਤ ਤੜ ਜਠ ਚਦ"

ਜੇ ਇਨ੍ਹਾਂ ਸ਼ਬਦਾਂ ਨੂੰ ਲਗਾਂ-ਮਾਤਰਾਂ ਲੈ ਕੇ ਠੀਕ ਤਰ੍ਹਾਂ ਪੜਿਆ ਜਾਏ ਤਾਂ ਇਸ ਦਾ ਪਾਠ ਇਉਂ ਬਣਨਾ ਚਾਹੀਦਾ ਹੈ-

"ਗੁਲਾਮ ਮਸਤ ਤੈਂਡਾ ਜੇਠ ਚੰਦ"

'ਜੇਠਾ' ਗੁਰੂ ਰਾਮਦਾਸ ਜੀ ਦਾ ਪਹਿਲਾਂ ਨਾਂ ਸੀ, ਸੋ ਅਨੁਮਾਨ ਹੈ ਕਿ ਇਹ ਦਸਖ਼ਤ ਉਨ੍ਹਾਂ ਦੇ ਹੀ ਹੋਣਗੇ।

"ਗੁਰੂ ਅੰਗਦੁ ਗੁਰਮੁਖੀ ਅਖਰੁ ਬਾਨਾਏ ਬਾਬੇ ਦੇ ਅੱਗੇ ਸ਼ਬਦੁ ਭੇਟ ਕੀਤਾ।"
(ਪੱਤਰਾ: 215 ਅ ਦੇ ਖੱਬੇ ਪਾਸੇ)

ਇਸੀ ਹੇਤੁ ਕੋ ਸਮਝ ਕਰ ਸ੍ਰੀ ਗੁਰੂ ਜੀ ਮਹਾਰਾਜ ਕਰਨ ਕਾਰਨ ਜੋਤੀ ਸਰੂਪ ਗਰੀਬ ਨਿਵਾਜ ਸ੍ਰੀ ਗੁਰੂ ਅੰਗਦ ਜੀ ਦੂਸਰੇ ਸਚੇ ਪਾਤਸ਼ਾਹ ਜੀ ਨੇ ਇਸ ਦੇਸ਼ ਦੀ ਭਾਖਾ ਕੇ ਅਨੁਸਾਰ ਗੁਰਮੁਖੀ ਬਰਨਾ ਕੀ ਰਚਨਾ ਕਰ ਪੈਂਤੀਸ ਅੱਖਰੋਂ ਕਾ ਨਿਬੰਧ ਕੀਆ। ਸ੍ਰੀ ਗੁਰੂ ਜੀ ਕੇ ਸ੍ਰੀ ਮੁਖ ਵਾਕ ਤੇ ਉਤਪਤਿ ਹੋਣੇ ਕਰ ਹੀ ਇਨ ਅਖਰੋਂ ਕਾ ਨਾਮ ਗੁਰਮੁਖੀ ਪ੍ਰਸਿੱਧ ਹੂਆ.........।[20]

ਗਿਆਨੀ ਗਿਆਨ ਸਿੰਘ (1822-1927 ਈ.) ਇਤਿਹਾਸਕਾਰ ਨੇ ਇਨ੍ਹਾਂ ਅੱਖਰਾਂ ਦੀ ਘਾੜਤ ਦਾ ਸੰਨ ਸੰਮਤ ਵੀ ਦੇ ਦਿੱਤਾ ਹੈ, "ਗੁਰਮੁਖੀ ਅੱਖਰ ਜੋ ਏਨ੍ਹਾਂ ਨੇ ਸੰ. 1598 ਨੂੰ ਬਣਾਏ ਸੋ ਉਨ੍ਹਾਂ ਬਾਬੇ ਜੀ ਦੇ ਸ਼ਬਦ (ਜੋ ਪ੍ਰੇਮੀ ਲੋਂਕਾਂ ਨੇ ਨਾਗਰੀ, ਫਾਰਸੀ, ਤੋਂਰਕੀ ਟਾਕਰੇ ਅੱਖਰਾਂ ਵਿਚੋਂ ਲਿਖੇ ਹੋਏ ਸੇ) ਲਿਖਵਾਉਂਦੇ ਰਹਿੰਦੇ ਤੇ ਭਾਈ ਬਾਲੇ ਦੀ ਸੁਣਾਈ ਹੋਈ ਕਥਾ (ਜਿਸਦਾ ਨਾਮ ਹੁਣ ਜਨਮਸਾਖੀ ਹੈ) ਭਾਈ ਪੈੜੇ ਮੋਖੇ ਖੱਤਰੀ ਤੋਂ (ਸਾਰੇ ਇਲਮ ਜਾਣਦਾ ਸੀ) ਲਿਖਾਵਾਈ ਤੇ ਸੰਮਤ 1602 ਈ. ਨੂੰ ਜਿਲਦ ਕਰਾਈ।[21]

ਗਿਆਨੀ ਗਿਆਨ ਸਿੰਘ ਅਨੁਸਾਰ ਸੰਮਤ 1598 (1541 ਈ.) ਨੂੰ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰ ਬਣਾਏ। ਇਸ ਜਨਮ ਸਾਖੀ ਵਿਚ ਗੁਰੂ ਅੰਗਦ ਸਾਹਿਬ ਜੀ ਪਾਸ ਜਦੋਂ ਗੁਰੂ ਨਾਨਕ ਸਾਹਿਬ ਦੀ ਜਨਮ-ਪਤ੍ਰੀ ਪਹੁੰਚਣ ਦਾ ਵੀ ਵਰਣਨ ਆਇਆ ਹੈ-

".... ਤਾਂ ਹਥ ਵਿਚ ਲੈ ਕਰਿ ਜਨਮਿ ਪਤ੍ਰੀ ਚੁੰਮੀ॥ ਅਤੇ ਅਖੀਆਂ ਤੇ ਸਿਰ ਤੇ ਰਖੀ॥ ਤਾਂ ਕਿਆ ਦੇਖਨੁ॥ ਜੋ ਅਖਰ ਸਾਸਤ੍ਰ ਹਨ॥ ਤਾਂ ਗੁਰੂ ਅੰਗਦ ਜੀ ਬੀਚਾਰ ਕੀਤਾ ਜੋ ਕੋਈ ਅਜੇਹਾ ਭੀ ਸਿਖ ਹੋਵੈ ਜੋ ਦੋਵੇਂ ਅਖਰ ਪੜ੍ਹਿਆ ਹੋਵੈ ਤਾਂ ਮਹਿਮਾ ਖਹਰਾ ਜਟੁ ਬੋਲਿਆ ਜਿਸ ਦੇ ਘਰਿ ਗੁਰੂ ਅੰਗਦ ਜੀ ਰਹਿੰਦਾ ਸੀ॥ ਜੀ ਸੁਲਤਾਨਪੁਰ॥ ਪੈੜਾ ਮੋਖਾ ਖਤ੍ਰੀ ਹੈ। ਜੀ ਉਹੁ ਦੋਵੈ ਅਖਰੁ ਪੜਿਆ ਹੋਇਆ ਹੈ। ਅਤੇ ਦੋਵੈ ਵਾਚਦਾ ਹੈ॥ ਤਾਂ ਗੁਰੂ ਅੰਗਦ ਜੀ ਆਖਿਆ ਭਾਈ ਮਹਿਮਾ ਆਂਦਾ ਚਾਹੀਐ॥ ਤਾਂ ਮਹਿਮੇ ਕਹਿਆ॥ ਭਲਾ ਜੀ॥ ਹਉ ਲਿਆਣਦਾ ਹਾਂ॥ ਮੇਰੇ ਆਖੇ ਝਬ ਆਵੇਗਾ॥ ਤਾਂ ਮਹਿਮਾ ਸੁਲਤਾਨਪੁਰੇ ਪੈੜੇ ਮੋਖੇ ਨੂੰ ਲੈ ਆਇਆ। ਗੁਰੂ ਅੰਗਦ ਜੀ ਉਸ ਤਾਈ ਜਨਮਪਤ੍ਰੀ ਦਿਖਾਈ॥ ਤਾਂ ਉਹ ਤਾੜ ਤਾੜ ਵਾਚ ਗਇਆ॥ ਤਾਂ ਗੁਰੂ ਅੰਗਦ ਜੀ ਬਹੁਤ ਖੁਸ਼ੀ ਹੋਇਆ॥ ਤਾਂ ਗੁਰੂ ਅੰਗਦ ਜੀ ਕਹਿਆ॥ ਭਾਈ ਪੈੜਾ ਏਹ ਅਸਾਂ ਨੂੰ ਗੁਰਮੁਖੀਆਂ ਅੱਖਰਾਂ ਵਿਚ ਲਿਖ ਦੇਹੁ॥ ਤਾਂ ਪੈੜੇ ਕਹਿਆ ਭਲਾ ਜੀ.......॥[22]

ਉੱਪਰ ਵਿਚਾਰਾਂ ਤੋਂ ਇਹ ਸਿਟਾ ਨਿਕਲਦਾ ਹੈ ਕਿ ਗੁਰੂ ਅੰਗਦ ਸਾਹਿਬ ਦੇ ਸਮੇਂ ਸ਼ਾਸਤ੍ਰੀ (ਨਾਗਰੀ) ਤੇ ਗੁਰਮੁਖੀ ਅੱਖਰ ਇਕੋਂ ਸਮੇਂ ਨਾਲੋਂ ਨਾਲ ਮੌਜੂਦ ਸਨ। ਪਰ 'ਦਸ ਗੁਰ ਕਥਾ' ਵਿਚ ਇਨ੍ਹਾਂ ਅੱਖਰਾਂ ਨੂੰ ਬਣਾਉਣ ਦਾ ਸੰਕੇਤ ਗੁਰੂ ਨਾਨਕ ਸਾਹਿਬ ਵੱਲ ਕੀਤਾ ਗਿਆ ਹੈ।

"ਏਹ ਕੀਆ ਉਪਕਾਰ ਬਡਾ ਗੁਰ ਅੱਛਰ ਬੇਦਨ ਕੇ ਪਲਟਾਏ॥
ਗੁਰਮੁਖਿ ਅਖਯਰ ਕੀਨੇ ਤਬੈ ਜਬ ਕੈਸਿਉਂ ਕੋ ਨਰ ਕਸ਼ਟ ਨ ਪਾਏ॥
ਐਸੀ ਹੁਤੀ ਸੋਗ ਮੈ ਨ ਕਦਾਚਿਤ, ਮੋ ਸੇ ਗਰੀਬ ਕੋ ਕੋਨ ਸਿਖਾਏ ਖਸਟ ਹੀ ਮਾਸ ਮੇ ਹੋਤ ਪ੍ਰਾਪਤਿ ਬੁਧਿ ਬਿਹੀਨ ਕੋ ਕੋਨ ਬਤਾਏ॥੫॥
ਧਨ ਧਨ ਨਾਨਕ ਗੁਰੂ ਕੀਨਾ ਪਰਉਪਕਾਰ,
ਅਤਰ ਕਾ ਪੁਲ ਬਾਂਧ ਕੇ ਸ੍ਰਿਸਟਿ ਉਤਾਰੀ ਪਾਰ॥੯॥[23]

ਕੇਸਰ ਸਿੰਘ ਛਿੱਬਰ ਨੇ ਗੁਰਮੁਖੀ ਅੱਖਰਾਂ ਦਾ ਸੰਬੰਧ ਸ੍ਰੀ ਚੰਦ (ਗੁਰੂ ਸਾਹਿਬ ਦੇ ਵੱਡੇ ਬੇਟੇ) ਨਾਲ ਜੋੜ ਦਿੱਤਾ ਹੈ, ਜੋ ਪਰਖ ਦੀ ਕਸਵਟੀ ਤੇ ਪੂਰਾ ਨਹੀਂ ਉਤਰੱਦਾ।

"ਜੈਸੇ ਸਾਹਿਬ ਸ੍ਰੀ ਚੰਦ ਜੀ ਅਖਰ ਗੁਰਮੁਖੀ ਬਣਾਏ ਆਗੇ ਸਾਸਤ੍ਰੀ, ਪਾਰਸੀ, ਟਾਕਰੇ ਆ ਹੈ।"[24]

ਸਰਦਾਰ ਜੀ ਬੀ ਸਿੰਘ ਦਾ ਵਿਚਾਰ ਹੈ ਕਿ ਨਾਥ-ਭਾਸ਼ਾ ਦਾ ਮੁੱਢ ਤਾਂ ਪੰਜਾਬੀ ਹੀ ਹੈ ਪਰ ਸ੍ਵਾਂਗ ਸੰਸਕ੍ਰਿਤ ਜਾਂ ਪ੍ਰਾਕ੍ਰਿਤ ਦਾ ਕੀਤਾ ਹੈ। ਜੋਗੀਆਂ ਨੇ ਆਪਣੀ ਥੋੜ੍ਹੀ ਵਿਦਵਤਾ ਦਾ ਸਿੱਕਾ ਆਮ ਲੋਕਾਂ ਉਪਰ ਜਮਾਣ ਲਈ ਅਤੇ ਆਪਣੀ ਰਚਨਾ ਨੂੰ ਗੰਵਾਰੀ ਬੋਲੀ ਤੋਂ ਉੱਚਾ ਦਿਖਾਉਣ ਲਈ 'ਪੰਜਾਬੀ' ਨੂੰ ਥੰਮੀਆਂ ਜਾਂ ਭਗੁਲੀ-ਦੋ ਸਾਖੀਆਂ ਦੇ ਕੇ ਉਚਾ ਕੀਤਾ ਹੋਇਆ ਹੈ। ਕਿਤਨੀ ਹੀ ਰਚਨਾ ਜੋਗੀਆਂ ਨੇ ਮੰਗਣ ਗਏ ਗਲੀਆਂ ਬਾਜ਼ਾਰਾਂ ਵਿੱਚ ਗਾਉਣ ਲਈ ਬਣਾਈ ਸੀ, ਜ਼ਿਕੁਰ ਰਾਜਾ ਭਰਤਰੀ, ਰਾਜਾ ਰਸਾਲੂ, ਗੋਪੀ ਚੰਦ ਆਦਿ ਦੇ ਕਿੱਸੇ।.....'ਨਾਥ-ਭਾਸ਼ਾ' ਉਪਰ ਉੱਤਰੀ ਪੰਜਾਬੀ ਦੀ ਅਪਭ੍ਰੰਸ਼ ਜਾਂ ਪਹਾੜੀ ਪੈਸਾਚੀ ਆਦਿ ਬੋਲੀਆਂ ਦਾ ਪ੍ਰਭਾਵ ਪਿਆ ਸੀ। ਪਰ ਜੋ ਦੱਖਣ-ਪੂਰਬ ਵਿਚ ਸਾਧੂ ਸੰਤ ਸਨ, ਉਨ੍ਹਾਂ ਦੀ ਬੋਲੀ ਤੇ ਹਿੰਦੀ ਜਾਂ ਮੇਰਠ ਦੀ ਖੜ੍ਹੀ ਬੋਲੀ ਦਾ ਅਸਰ ਪਿਆ, ਅਤੇ ਉਨ੍ਹਾਂ ਨੇ ਨਾਥ-ਭਾਸ਼ਾ ਨੂੰ ਹੀ ਵਿਸਥਾਰ ਦੇ ਕੇ, ਜਾਂ ਉਸੇ ਦੀ ਨਕਲ ਤੇ ਆਪਣੀ ਇਕ ਵੱਖਰੀ ਬੋਲੀ ਲਿਖਣ ਵਾਸਤੇ ਖੜ੍ਹੀ ਕਰ ਲਈ, ਜਿਸ ਨੂੰ ਅਸੀਂ 'ਗੁਰਮੁਖੀ ਬੋਲੀ' ਦਾ ਨਾਮ ਦੇ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਲੱਗਪੱਗ ਸਾਰੇ ਦਾ ਸਾਰਾ ਅਤੇ ਮੁਗ਼ਲਾਂ ਦੇ ਵੇਲੇ ਲਿਖੇ ਗਏ ਵੈਦਿਕ ਅਤੇ ਵੇਦਾਂਤ ਦੇ ਗ੍ਰੰਥ ਸਭ ਏਸੇ 'ਗੁਰਮੁਖੀ ਬੋਲੀ'[25] ਵਿੱਚ ਹਨ। ਦੂਜੀ ਤਰ੍ਹਾਂ ਦੇ ਅੱਖਰ ਖੱਬਿਓ ਸੱਜੇ ਵੱਲ ਨੂੰ ਲਿਖੇ ਜਾਂਦੇ ਸਨ, ਜਿਸ ਤਰ੍ਹਾਂ ਅਜੋਕੇ ਦੌਰ ਵਿਚ ਸਾਰੇ ਦੇਸੀ ਅੱਖਰ ਲਿਖੇ, ਜਾਂਦੇ ਹਨ। ਦੂਜੀ ਤਰ੍ਹਾਂ ਦੇ ਅੱਖਰਾਂ ਨਾਲ ਹੀ ਸਾਨੂੰ ਵਾਸਤਾ ਹੈ, ਕਿਉਂਕਿ 'ਗੁਰਮੁਖੀ ਅਖਰ' ਇਸੇ ਵੰਸ਼ ਵਿਚੋਂ ਹਨ।

ਵਿਦਵਾਨਾਂ ਦਾ ਇਹ ਵਿਚਾਰ ਵੀ ਹੈ ਕਿ ਪਿਛਲੀ ਸ਼ਾਰਦਾ, ਪ੍ਰਥਮ ਗੁਰਮੁਖੀ ਵਿਚ ਲਿਖੀਆਂ ਹੋਈਆਂ ਪੰਜਾਬੀ ਰਚਨਾਵਾਂ 'ਏਕਾਦਸ਼ੀ ਮਹਾਤਮ' (ਸਮਾਂ: 13 ਵੀਂ ਸਦੀ) ਤੇ ਪਦਮਾਵਤ (ਸਮਾਂ: 14 ਵੀ ਸਦੀ ਈਸਵੀਂ) ਵੀ ਹੁਣ ਪ੍ਰਾਪਤ ਹਨ।[26]

ਅਖੀਰ ਤੇ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ 'ਗੁਰਮੁਖੀ-ਲਿਪੀ' ਪੰਜਾਬੀ ਦੀ ਵਿਗਿਆਨਕ ਲਿਪੀ ਹੈ। ਭਾਵੇਂ ਇਸ ਦਾ ਮੂਲ ਬ੍ਰਾਹਮੀ ਲਿਪੀ ਹੈ ਜੋ ਪ੍ਰਾਚੀਨ ਚਿੱਤਰ-ਲਿਪੀ ਤੋਂ ਹੋਂਦ ਵਿਚ ਆਈ ਸੀ। ਵੈਦਿਕ ਭਾਸ਼ਾ ਜਿਵੇਂ ਵਿਕਾਸ ਤੇ ਪੜਾਅ-ਦਰ-ਪੜਾਅ ਪਾਰ ਕਰਦੀ ਅਜੋਕੀ ਪੰਜਾਬੀ ਵਿਚ ਰੂਪਮਾਨ ਹੋ ਗਈ। ਇਸੇ ਤਰ੍ਹਾਂ ਬ੍ਰਾਹਮੀ ਲਿਪੀ ਸ਼ਾਰਦਾ ਤੇ ਅਰਧ-ਨਾਗਰੀ ਜਾਂ ਭੱਟ-ਅਖਰੀ ਦੇ ਪੜਾਵਾਂ ਨੂੰ ਪਾਰ ਕਰਦੀ 'ਗੁਰਮੁਖੀ ਲਿਪੀ ' ਦੇ ਰੂਪ ਵਿਚ ਸੰਸਾਰ ਦੇ ਰੰਗਮੰਚ ਉਪਰ ਸਹਿਜੇ ਹੀ ਦ੍ਰਿਸ਼ਟੀ ਗੋਚਰ ਹੋਈ ਹੈ। ਗੁਰੂ ਸਾਹਿਬਾਨ ਨੇ ਇਨ੍ਹਾਂ ਨੂੰ ਇਕ ਮਾਲਾ ਵਿਚ ਪਰੋ ਕੇ, ਇਸ ਦਾ ਪ੍ਰਚਾਰ ਤੇ ਪਾਸਾਰ ਕਰ ਕੇ ਇਸ ਨੂੰ ਖੂਬ ਪ੍ਰਸਿੱਧੀ ਦਿੱਤੀ। ਇਸੇ ਲਈ ਇਹ ਪੈਂਤੀ ਸਿੱਖਾਂ ਦਾ 'ਇਸਮੇ-ਆਜ਼ਮ' ਬਣ ਗਈ।

ਟਿੱਪਣੀਆਂ ਅਤੇ ਹਵਾਲੇ

1. ਰਾਹੁਲ ਸਾਂਕ੍ਰਿਤਯਾਯਨ (ਸੰ) - <u>ਹਿੰਦੀ ਕਾਵਿ ਧਾਰਾ</u>, 1945, ਅੰਕ: 159

   "ਆਕਾਸ਼ ਤੱਤ ਸਦਾ ਸ਼ਿਵ ਜਾਣਿ
   ਤਸਿ ਅਭਿਅੰਤਹਿ ਪਦ ਨਿਰਬਾਣ
   ਪਯੰਡੇ ਪਰਚਾਨੇ ਗੁਰਮੁਖਿ ਜੋਇ
   ਬਾਹੁੜਿ ਆਵਾਗਵਣੁ ਨਾ ਹੋਇ ॥ 57 ॥ 163 ॥ (ਗੋਰਖਨਾਥ)

2. <u>ਭਾਰਤੀ ਪ੍ਰਾਚੀਨ ਲਿਪੀ ਮਾਲਾ</u>, ਭਾਸ਼ਾ ਵਿਭਾਗ ਪੰਜਾਬ, ਛਾਪ 2001, ਅੰਕ: 155
3. <u>ਗੁਰਮੁਖੀ ਲਿੱਪੀ ਦਾ ਇਤਿਹਾਸ</u>, ਪਟਿਆਲਾ (1953), ਛਾਪ 2001, ਅੰਕ:54-55
4. Carrey, w (Dr.) - <u>Grammer of The Panjabee Language</u> (Introduction)

   " The Guru (Granth) is written in a peculiar character, called Guru Mookhee Nagaree on which account they have a peculiar Veneration for that Character and with few exceptions, use it in all transitive."

5. Lietner G.W (Dr.) - <u>History of Indigenous Education in the Punjab</u>, 1883, P:1,29

   "Guru Angad, like Professor Huxley, did not consider it beneath his diginity to write primers for children and he accordingly composed a number of mottos and moral maxims which accompany the letters of the alphabet."

   "Gurumukhi, however is not a name for a mere character, as is supposed both by the native, including now even, the sikhs them selves, and by Europeans. Etymologically, it is the name of the language, which flowed from the mouth of the Guru

Nanak and although his sayings were committed subsequently to writing by Arjan , The characters though not the name, existed before Nanak."

6. op.cit, p: 29

"For example at Athur, in the Ludhiana district, There is a mausoleum, so sirdar Atar Singh, the Chief of Bahadur tells me on which there is an inscription dated 50 years before the advent of Guru Nanak, written in character which are evidently the same as the present Gurumukhi, though the difference between then and the earlier sikh writings and between these writings and the present Gurumukhi is some what greater".

7. ਲਾਲਾ ਸ਼ਿਵ ਦਯਾਲ ਸੇਠ (ਐਮ.ਏ) - <u>ਟ੍ਰਿਬੀਊਨ,</u> ਲਾਹੌਰ, 31 ਜੁਲਾਈ 1916.

" ਗੁਰਮੁਖੀ ਅੱਖਰ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਮੌਜੂਦ ਸਨ। ਹਰਦਵਾਰ, ਕਾਂਗੜਾ, ਗਿਆ, ਦੂਨ ਦੇ ਮੰਦਰਾਂ, ਅਮਰਨਾਥ ਅਤੇ ਹੋਰ ਤੀਰਥਾਂ ਦੇ ਪਾਂਡਿਆਂ ਦੀਆਂ ਵਹੀਆਂ ਵਿਚ ਪੰਜਾਬੀ ਯਾਤਰੀਆਂ ਦੇ ਦਸਤੱਖਤ ਲੰਡਿਆ ਤੇ ਗੁਰਮੁੱਖੀ ਦੋਹਾਂ ਵਿਚ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਪਹਿਲਾਂ ਮੌਜੂਦ ਹਨ"।

8. <u>ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ</u>, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਛਾਪ 2010, ਅੰਕ:110

9. Lietner, G.W (Dr),op.cit

ੳ- ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ।
ਅ- ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ।
ੲ- ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ।
ਸ- ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ।
ਹ- ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ।
ਕ- ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ।
ਖ- ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ।
ਗ- ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿੰਦੁ ਗਰਬਿ ਭਇਆ।
ਘ- ਘਘੈ ਘਾਲ ਸੇਵਕ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ।
ਙ- ਙੰਙੈ ਙਿਆਨੁ ਬੂਝ ਜੇ ਕੋਈ ਪੜਿਆ ਪੰਡਿਤੁ ਸੋਈ।
ਚ- ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ।
ਛ- ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ।
ਜ- ਜਜੈ ਜਾਨ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ।
ਝ- ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ।

ਞ- ਞੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ।
ਟ- ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ।
ਠ- ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ੍ਹ ਕਾ ਚਿਤੁ ਲਗਾ।
ਡ- ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ।
ਢ- ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੈ।
ਣ- ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ।
ਤ- ਤਤੈ ਤਾਰੂ ਭਵਜਲੁ ਹੋਆ ਤਾ ਕਾ ਅੰਤੁ ਨ ਪਾਇਆ।
ਥ- ਥਥੈ ਥਾਨ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ।
ਦ- ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।
ਧ- ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ।
ਨ- ਨੰਨੈ ਨਾਹ ਭੋਗ ਨਿਤ ਭੋਗੈ ਨ ਡੀਠਾ ਨ ਸੰਮ੍ਹਲਿਆ।
ਪ- ਪਪੈ ਪਾਤਿਸਾਹੁ ਪਰਮੇਸਰੁ ਪੇਖਣ ਕਉ ਪਰਪੰਚੁ ਕੀਆ।
ਫ- ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ।
ਬ- ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ।
ਭ- ਭਭੈ ਭਾਲਹਿ ਸੇ ਫਲੁ ਪਾਵਹਿ ਗੁਰਪਰਸਾਦੀ ਜਿਨ੍ਹ ਕਉ ਭਉ ਪਇਆ।
ਮ- ਮੰਮੈ ਮੋਹੁ ਮਰਣ ਮਧਸੂਦਨ ਮਰਣੁ ਭਇਆ ਤਬ ਚੇਤਵਿਆ।
ਯ- ਯਯੈ ਜਨਮੁ ਨ ਹੋਵੀ ਕਦ ਹੀ ਜੇ ਕਰਿ ਸਚੁ ਪਛਾਣੈ।
ਰ- ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ।
ਲ- ਲਲੈ ਜਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ।
ਵ- ਵਾਵੈ ਵਾਸੁ ਦੇਉ ਪਰਮੇਸਰੁ ਵੇਖਣ ਕਉ ਜਿਸਿ ਵੇਸੁ ਕੀਆ।
ੜ- ੜਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ।

10. Dewana, Mohan Singh, Dr- A History of Punjabi Literature, Kasturi Lal & Sons, Amristar, Reprint 1956, P:115
11. Harban Singh (E)- The Encyclopedia of Sikhism, Vol III, op.cit, P: 328 " Patti, lit, a wooden tablet on which children learn to write the alphabet, is the name given to two hymns, in The Guru Granth Sahib, composed in the form of an acrostic, emplaying letters of the Gurumukhi alphabet."
12. ਕੋਹਲੀ, ਸੁਰਿੰਦਰ ਸਿੰਘ (ਸੰ)- ਪੰਜਾਬੀ ਸਾਹਿਤ ਕੋਸ਼ (ਭਾਗ ਤੀਜਾ), ਪੂਰਵ ਅੰਕਤ, ਅੰਕ: 7-8
13. ਗੁਰਮੁਖੀ ਲਿਪੀ ਦਾ ਇਤਿਹਾਸ, ਪੂਰਵ ਅੰਕਤ, ਅੰਕ 53-54
14. ਕਾਲਾ ਸਿੰਘ ਬੇਦੀ- ਗੁਰਮਖੀ ਲਿਪੀ ਦੀ ਉਤਪੱਤੀ ਤੇ ਵਿਕਾਸ, ਖੋਜ ਪਤ੍ਰਿਕਾ, ਮਾਰਚ 2005, ਪੰਜਾਬੀ ਯੂਨੀਵਰਸਿਟੀ ਪਟਿਆਲਾ, ਅੰਕ: 26
15. ਉਹੀ

16. ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਤੀਜੀ ਐਡੀਸ਼ਨ) ਖਾਲਸਾ ਸਮਾਚਾਰ, ਅੰਮ੍ਰਿਤਸਰ, ਨਵੰਬਰ 1948, ਅੰਕ: 302
17. ਕਾਲਾ ਸਿੰਘ ਬੇਦੀ, ਉਹੀ, ਅੰਕ : 27
18. ਉਹੀ, ਅੰਕ:28
19. ਰਤਨ ਸਿੰਘ ਜੱਗੀ- ਸਾਹਿਤ ਕੋਸ਼, ਪਰਿਭਾਸ਼ਕ ਸ਼ਬਦਾਵਲੀ, 2001, ਪੰਜਾਬੀ ਯੂਨੀ. ਪਟਿਆਲਾ, ਅੰਕ: 392
20. ਸਾਹਿਬ ਸਿੰਘ ਮ੍ਰਿਗਿੰਦ, ਕਵੀ- ਗੁਰਮੁਖੀ ਮਾਰਗ ਗ੍ਰੰਥ (1863 ਈ.) ਅੰਕ: 3-4, ਬਾਹਵਾਲਾ 'ਪੰਜਾਬ' (ਸੰ. ਡਾ. ਮਹਿੰਦਰ ਸਿੰਘ ਰੰਧਾਵਾ), ਅੰਕ: 450
21. ਗਿਆਨੀ ਗਿਆਨ ਸਿੰਘ - ਤਵਾਰੀਖ ਗੁਰੂ ਖ਼ਾਲਸਾ (ਭਾਗ ਪਹਿਲਾ) ਪੁਨਰ ਛਾਪ 2011, ਭਾਸ਼ਾ ਵਿਭਾਗ ਪੰਜਾਬ, ਅੰਕ: 319
22. ਡਾ. ਗੰਡਾ ਸਿੰਘ ਦੇ ਸੰਮਤ 1885 ਜਾਂ ਸੰਨ 1828 ਈ. ਦੇ ਖਰੜੇ ਦਾ ਪਤਰਾ ਬਾਹਵਾਲਾ 'ਪੰਜਾਬ', ਉਹੀ, ਅੰਕ: 451
23. ਕਵੀ ਕੰਕਣ- ਦਸ ਗੁਰ ਕਥਾ, ਨੰਬਰ ਬ-226, ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ, ਬਾਹਵਾਲਾ 'ਪੰਜਾਬ', ਉਹੀ, ਅੰਕ: 451
24. ਕੇਸਰ ਸਿੰਘ ਛਿੱਬਰ - ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ (ਰਚਨਾ ਕਾਲ 1845 ਈ.)
25. ਜੀ. ਬੀ. ਸਿੰਘ (ਸੰ) ਡਾ. ਗੁਲਜ਼ਾਰ ਸਿੰਘ ਕੰਗ- ਗੁਰਮਖੀ ਲਿਪੀ, ਭਾਸ਼ਾ ਤੇ ਸਾਹਿਤ, ਚੰਡੀਗੜ੍ਹ, 2011, ਅੰਕ: 27
26. ਤਰਲੋਚਨ ਸਿੰਘ ਬੇਦੀ - ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ, ਅੰਕ: 74-79

****

੬

ਗੁਰਮੁਖੀ ਵਿੱਚ ਲਗਾਂ, ਵਿਸ਼ਰਾਮ ਚਿੰਨ੍ਹ, ਅੰਕ-ਪ੍ਰਬੰਧ ਅਤੇ ਲਿਖਣ ਸਾਮਗਰੀ

(I) ਲਗਾਂ:-

ਬੋਲਚਾਲ ਰਾਹੀਂ ਹੀ ਭਾਸ਼ਾ ਦਾ ਸੰਬੰਧ ਹੁੰਦਾ ਹੈ। ਇਸ ਵਿਚ ਧੁਨੀ ਪ੍ਰਮੁੱਖ ਤੌਰ ਤੇ ਪ੍ਰਧਾਨ ਹੁੰਦੀ ਹੈ। ਇਹ ਸਾਰੇ ਲਿਪੀ-ਚਿੰਨ੍ਹ ਜਦੋਂ ਸਰਗਰਮੀ ਨਾਲ ਕਾਰਜਸ਼ੀਲ ਹੁੰਦੇ ਹਨ ਤਾਂ ਲਿੱਖਤ ਰੂਪ ਨਾਲ ਸ਼ਰਸ਼ਾਰ ਹੁੰਦੇ ਹਨ। ਇਨ੍ਹਾਂ ਸਾਰਿਆਂ ਦਾ ਹਿਸਾਬ-ਕਿਤਾਬ ਕੇਵਲ ਆਰਥੋਗ੍ਰਾਫੀ ਰਾਹੀਂ ਹੀ ਹੁੰਦਾ ਹੈ। ਅਸਲ ਵਿਚ ਲਿੱਖਤ ਦੇ ਨੇਮਾਂ ਨੂੰ ਲੱਭਣ ਦੀ ਵਿਦਿਆ ਜਾਂ ਇਲਮ ਹੀ ਔਰਥੋਗ੍ਰਾਫ਼ੀ ਅਖਵਾਉਂਦੀ ਹੈ।

ਲਿਖਣ-ਪ੍ਰਣਾਲੀ ਇਕ ਭਾਸ਼ਾ ਦੇ ਸ਼ਬਦਾਂ ਤੇ ਵਾਕਾਂ ਨੂੰ ਪਰੰਪਰਕ ਚਿੰਨ੍ਹਾਂ ਵਿਚ ਅੰਕਿਤ ਕਰਨ ਦੇ ਪ੍ਰਬੰਧ ਹਨ। ਲਿਖਣ-ਪ੍ਰਣਾਲੀਆਂ ਨੂੰ ਇਨ੍ਹਾਂ ਦੇ ਸਮਾਜ-ਭਾਸ਼ਾ ਵਿਗਿਅਨ ਪ੍ਰਕਾਰਜਾਂ ਅਨੁਸਾਰ ਵੰਡਿਆ ਜਾ ਸਕਦਾ ਹੈ।[1]

ਵੈਲਿਸ਼ ਨੇ ਠੀਕ ਢੰਗ ਦੀ ਲਿੱਖਤ ਨੂੰ ਔਰਥੋਗ੍ਰਾਫ਼ੀ[2] ਦੀ ਸੰਗਿਆ ਦਿੱਤੀ ਹੈ।

ਗੁਰਮੁਖੀ ਵਿੱਚ ਕੇਵਲ ਮੂਲ ਪੈਂਤੀ ਅੱਖਰ ਹੀ ਪੰਜਾਬੀ ਦੀ ਧੁਨੀ ਨੂੰ ਪ੍ਰਗਟ ਕਰਦੇ ਹਨ ਪਰ ਕੁੱਝ ਛੇ (6) ਦੇ ਕਰੀਬ ਧੁਨੀਆਂ ਨੂੰ ਬਾਅਦ ਵਿਚ ਲਿੱਪੀ-ਚਿੰਨ੍ਹਾਂ ਰਾਹੀਂ ਸਾਕਾਰ ਕੀਤਾ ਗਿਆ ਹੈ। ਇਨ੍ਹਾਂ ਛੇ ਲਿਪਾਕਾਂ ਨੂੰ ਸ਼ਾਮਿਲ ਕਰ ਕੇ ਮੂਲ ਲਿੱਪੀ-ਚਿੰਨ੍ਹਾਂ ਦੀ ਗਿਣਤੀ 41 (35+6) ਹੋ ਜਾਂਦੀ ਹੈ। ਇਹ ਛੇ ਲਿਪਾਂਕ 1856 ਈਂ ਤੋਂ ਬਾਅਦ ਹੀ ਹੋਂਦ ਵਿਚ ਆਏ ਮੰਨੇ ਜਾਂਦੇ ਹਨ। ਮੂਲ ਗੁਰਮੁਖੀ ਪੰਜ ਅੱਖਰਾਂ ਦੇ ਪੈਰਾਂ ਵਿੱਚ ਬਿੰਦੀ ਪਾ ਕੇ ਛੇ ਨਵੇਂ ਲਿਪਾਂਕ ਦ੍ਰਿਸ਼ਟੀਗੋਚਰ ਹੋਏ ਹਨ:-

< ਸ਼ ਖ਼ ਗ਼ ਜ਼ ਫ਼ ਲ਼ >

ਲਗਾਂ-ਮਾਤਰਾਂ ਦਾ ਨਾਂ	ਚਿੰਨ੍ਹ	ਅੱਖਰ ਜਿਸ ਨਾਲ ਜਿਹ ਲਗਦੀ ਹੈ	ਗੁਰਮੁਖੀ
ਮੁਕਤਾ	ਕੋਈ ਚਿੰਨ੍ਹ ਨਹੀਂ	ੳ, ਅ, ੲ	ਅ
ਕੰਨਾ	ਾ	ਆ (ੳ ਤੇ ਅ ਨਾਲ / ੲ ਨਾਲ ਨਹੀਂ ਲਗਦਾ)	ਆ
ਸਿਹਾਰੀ	ਿ	ਇ (" " ")	ਇ
ਬਿਹਾਰੀ	ੀ	ਈ (" " ")	ਈ
ਔਂਕੜ	ੁ	ਉ (" " ")	ਉ
ਦੁਲੈਂਕੜ	ੂ	ਊ (" " ")	ਊ
ਲਾਂਵਾਂ	ੇ	ਏ (" " ")	ਏ
ਦੁਲਾਵਾਂ	ੈ	ਐ (" " ")	ਐ
ਹੋੜਾ	ੋ	ਓ (" " ")	ਓ
ਕਨੌੜਾ	ੌ	ਔ (" " ")	ਔ

'ਲ਼'ਅੱਖਰ ਨੂੰ ਛੱਡ ਕੇ ਬਾਕੀ ਸਾਰੇ ਫ਼ਾਰਸੀ ਧੁਨੀਆਂ ਜਿਵੇਂ ਸ਼ੀਨ, ਖੇ, ਗੈਨ, ਜੇ, ਜ਼ਾਲ ਆਦਿ। ਲਗਾਂ-ਮਾਤਰਾਵਾਂ ਉਹ ਸਵਰ ਚਿੰਨ੍ਹ ਹਨ ਜਿਨ੍ਹਾਂ ਰਾਹੀਂ ਕਿਸੇ ਅੱਖਰ ਜਾਂ ਵਰਣ ਦਾ ਸਹੀ ਉਚਾਰਨ ਕੀਤਾ ਜਾਂਦਾ ਹੈ। ਇਹ ਦਸ ਲਗਾਂ-ਮਾਤਰਾਵਾਂ ਨੂੰ ਹੇਠਲੀ 'ਸਾਰਣੀ'[3] ਰਾਹੀਂ ਸਪਸ਼ਟ ਕੀਤਾ ਜਾ ਸਕਦਾ ਹੈ।

ਕੰਨਾ (ਾ)

ਪ੍ਰਾਚੀਨ ਸਮੇਂ ਇਸ ਦੀ ਸ਼ਕਲ ਕੇਵਲ ਬਿੰਦੀ (ਂ) ਰਾਹੀਂ ਹੀ ਪ੍ਰਗਟ ਕੀਤੀ ਜਾਂਦੀ ਸੀ। ਸਮਾਂ ਗੁਜ਼ਰਨ ਦੇ ਨਾਲ ਬਿੰਦੀ ਦੀ ਥਾਂ ਖੜ੍ਹੀ ਲੀਕ ਨੇ ਗ੍ਰਹਿਣ ਕਰ ਲਈ। ਹੋ ਸਕਦਾ ਹੈ ਕਿਸੇ ਵੀ ਅੱਖਰ ਦੇ ਨਾਲ ਖੜ੍ਹਾ ਹੋਣ ਕਾਰਨ, ਇਸ ਦਾ ਨਾਂ ਕੰਨਾ ਪੈ ਗਿਆ ਹੋਵੇ।

ਗੁਰਮੁਖੀ ਦੀ ਅਵਸਥਾ ਤੇ ਬਾਬਾ ਮੋਹਨ ਵਾਲ ਪੋਥੀ, ਗੁਰੂ ਹਰਿ ਸਹਾਇ ਵਾਲੀ ਪੋਥੀ ਗੁਰਬਾਣੀ ਵਿਚ ਆ ਦੀ ਮਾਤਰਾ ਲਈ ਅੱਖਰ ਦੇ ਸਿਰ ਨਾਲ ਸਜੇ ਪਾਸੇ ਵੱਲ ਸ਼ਾਰਦਾ ਵਿਚ ਜੋ ਖਚਰ ਲਗਾਈ ਜਾਂਦੀ ਸੀ। ਉਸ ਦੀ ਥਾਂ ਸਿਰੋ ਰੇਖ ਦੇ ਥਲੇ ਉੱਤੇ ਵੱਲ ਨੂੰ ਮੂੰਹ ਵਾਲਾ ਇਕ ਛੋਟਾ ਅਰਧ ਗੋਲਾ ਜੇਹਾ ਪਾਇਆ ਜਾਣ ਲੱਗ ਪਿਆ।[4]

ਸਿਹਾਰੀ (ਿ)

ਇਹ ਚਿੰਨ੍ਹ ਬੜੀ ਤੇਜ਼ੀ ਨਾਲ ਅਜਿਹੀ ਸ਼ਕਲ ਦੇ ਬਣ ਗਏ। ਪਹਿਲੇ ਪਹਿਲੇ ਇਹ ਕਿਸੇ ਵੀ ਅੱਖਰ ਦੇ ਉੱਪਰ ਲੱਗਦੇ ਸਨ। ਪੁਰਾਤਨ ਸਿਹਾਰੀ ਦੀ ਸ਼ਕਲ ਅਜੋਕੀ ਸ਼ਕਲ ਤੋਂ ਭਿੰਨ ਸੀ। ਨਾਗਰੀ ਅਤੇ ਗੁਪਤ ਲਿਪੀ ਦੀ ਸਿਹਾਰੀ ਬਿੰਦੀ ਜਾਂ ਛੋਟੇ ਜਿਹੇ ਚੱਕਰ ਵਾਂਗ ਸਾਕਾਰ ਕੀਤੀ ਜਾਂਦੀ ਸੀ। ਭਟੱਛਰੀ ਦੀ ਸਿਆਰੀ ਅਜੋਕੀ ਸਿਹਾਰੀ ਨਾਲ ਥੋੜੇ ਅੰਤਰ ਤੋਂ ਮੇਲ ਖਾਂਦੀ ਸੀ।

ਸਿਹਾਰੀ ਪਹਿਲਾ ਇਕ ਦੋਸਾਗੜ੍ਹ ਦੇ ਰੂਪ ਵਿੱਚ ਅੱਖਰ ਤੇ ਉਪਰ ਪਾਈ ਜਾਂਦੀ ਸੀ ਫੇਰ ਪ੍ਰਸ਼ਨ ਚਿੰਨ੍ਹ ਜਿਹੀ ਬਣ ਗਈ। ਅੰਤ ਨੂੰ ਇਸ ਨੇ ਖੱਬੇ ਪਾਸੇ ਨੂੰ ਨਿਕਲੀ ਇਕ ਲੰਡੀ ਪੂੰਛ ਦਾ ਰੂਪ ਧਾਰਨ ਕੀਤਾ। ਪਿੱਛੋਂ ਇਹੀ ਪੂੰਛ ਵਧੇਰੇ ਹੇਠਾਂ[5] ਤੱਕ ਚੱਲੀ ਗਈ।

ਬਿਹਾਰੀ(ੀ)

ਇਸ ਚਿੰਨ੍ਹ ਦਾ ਵਿਕਾਸ ਵੀ ਬੜੀ ਤੇਜ਼ੀ ਨਾਲ ਸਾਕਾਰ ਹੋਇਆ। ਪਹਿਲੇ ਇਹ ਅੱਖਰ ਦੇ ਉੱਪਰ ਹੁੰਦਾ ਸੀ। ਗੁਪਤ ਅਤੇ ਨਾਗਰੀ ਲਿਪੀ ਵਿਚ ਬਿਹਾਰੀ ਨੂੰ ਛੋਟੇ ਜਿਹੇ ਚੱਕਰ ਜਾਂ ਬਿੰਦੀ ਰਾਹੀਂ ਸਾਕਾਰ ਕੀਤਾ ਜਾਂਦਾ ਸੀ।

ਇਹ 'ਹੰਕਾਰ' ਦੇ ਰੂਪ ਦਾ ਚਿੰਨ੍ਹ ਅੱਖਰ ਉੱਤੇ ਪਾ ਦਿੱਤਾ ਜਾਂਦਾ ਸੀ। ਫੇਰ ਇਸ ਨੇ ਦੁਸਾਂਗੜ੍ਹ ਦਾ ਸੰਨੀ ਜਿਹਾ ਰੂਪ ਧਾਰਿਆ। ਤੀਜੇ ਪੜ੍ਹਾ ਤੇ ਜਾ ਕੇ ਇਸ ਨਾਗਰੀ ਦੁਲੈਂਕੜ ਦੇ ਰੂਪ ਵਿੱਚ ਅੱਖਰ ਤੇ ਉੱਪਰ ਲਿਖੀ ਜਾਣ ਲੱਗੀ ਤੇ ਚੌਥੇ ਪੜਾ ਤੇ ਇਸ ਨੇ ਗੁਰਮੁਖੀ ਬਿਹਾਰੀ[6] ਦਾ ਰੂਪ ਧਾਰਨ ਕੀਤਾ।

ਔਂਕੜ (ੁ)

ਇਸ ਚਿੰਨ੍ਹ ਨੂੰ ਪਹਿਲਾਂ ਪੈਰਾਂ ਹੇਠ ਇਕ ਸਿੱਧੀ ਛੋਟੀ ਜਿਹੀ ਲੀਕ ਨੂੰ ਲੰਮਾਂ ਕੀਤਾ ਜਾਂਦਾ ਸੀ। ਸਮੇਂ ਦੇ ਗੁਜ਼ਰਨ ਨਾਲ ਇਹੋ ਲੰਮੀ ਲੀਕ ਵਿੰਗੀ ਹੋ ਗਈ। ਤੀਜੇ ਪੜ੍ਹਾ ਤੇ ਪੁੱਜ ਕੇ ਉੱਲਟੇ ਟੇਂਕੇ ਦਾ ਸਰੂਪ ਗ੍ਰਹਿਣ ਕਰ ਲਿਆ।

ਪੁਰਾਣੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ, ਹੁਕਮਨਾਮਿਆਂ ਤੇ ਨੀਸਾਣਾਂ ਵਿੱਚ ਇਨ੍ਹਾਂ ਦੀ ਸ਼ਕਲ ਇਨ੍ਹਾਂ ਦੇ ਨਾਂ ਮੁਜਬ ਅੰਕੜ ਜਾਂ ਅੰਕਸ ਦੀ ਹੈ। ਲੰਡਿਆਂ ਵਿਚ ਵੀ ਅੰਕੜ ਹੀ ਬਣਾਇਆ ਜਾਂਦਾ ਹੈ ਕਿਉਂ ਜੋ ਇਸ ਦੇ ਬਣਾਉਣ ਵਿੱਚ ਸਮਾਂ ਲੱਗਦਾ ਹੈ।[7] ਜਿਥੋਂ ਪਰਥਮ ਗੁਰਮੁਖੀ ਵਿਚ ਏਸ ਅੱਖਰ ਦੇ ਪੈਰ ਵਿੱਚ ਮਰੋੜੀ ਜਿਹਾ ਚਿੰਨ੍ਹ ਸੀ ਪਰ ਅਠ੍ਹਾਰਵੀਂ ਸਦੀਂ ਈਸਵੀਂ ਦੇ ਆਸਪਾਸ ਇਕ ਟੇਢੀ ਲਕੀਰ ਦੀ ਥਾਂ ਇੱਕ ਸਿੱਧੀ ਲੀਕ ਨੇ ਧਾਰਨ ਕਰ ਲਈ।

ਦੁਲੈਂਕੜ (ੂ)

ਅੱਖਰ ਦੇ ਪੈਰ ਵਿੱਚ ਜਿਥੇ ਔਂਕੜ ਦੇ ਰੂਪ ਵਿਚ ਇਕ ਲੀਕ ਟੋਟਾ ਸੱਜੇ ਵੱਲ ਨੂੰ ਖਿੱਚਿਆ ਜਾਂਦਾ ਸੀ, ਦੁਲੈਂਕੜ ਦੀ ਸੂਰਤ ਵਿੱਚ ਉਥੇ ਦੋ ਖਿੱਚੇ ਜਾਣ ਲੱਗੇ। ਦੂਜੇ ਪੜਾ ਤੇ ਔਂਕੜ ਦੀ ਇਕ ਲੀਕ ਨੂੰ ਦੂਹਰਾਂ[8] ਕੀਤਾ ਗਿਆ। ਤੀਜੇ ਪੜ੍ਹਾ ਤੇ ਪੈਰ ਵਿਚ ' ਨ ' ਜਿਹਾ ਲਿਖਿਆ ਜਾਣ ਲੱਗਾ। ਅਸਲ ਵਿਚ ਸ਼ਾਰਦਾ ਵਾਂਗ ਹੀ ਪੈਰ ਵਿੱਚ ਥਲੇ ਦੋ ਲੀਕਾਂ ਪਾਈਆਂ ਜਾਂਦੀਆਂ। ਬਾਬਾ ਮੋਹਨ ਜੀ ਵਾਲੀ ਪੋਥੀ, ਪੋਥੀ ਗੁਰਬਾਣੀ ਆਦਿ ਵਿੱਚ ਇਸ ਚਿੰਨ੍ਹ ਨੂੰ ਵੇਖਿਆ ਜਾ ਸਕਦਾ ਹੈ। ਅਠਾਰਵੀਂ ਸਦੀ ਵਿੱਚ ਟੇਡੀਆਂ ਲੀਕਾਂ ਦੀ ਥਾਂ ਦੋ ਸਿੱਧੀਆਂ ਲੀਕਾਂ ਨੇ ਲੈ ਲਈ।

ਲਾਵਾਂ (ੇ)

ਸ਼ੁਰੂ ਵਿੱਚ ਖੱਬੇ ਹੱਥ ਦੇ ਸਿਰੇ ਵੱਲ ਇੱਕ ਲੀਕ ਸਿੱਧੀ ਵਧਾਈ ਜਾਂਦੀ ਸੀ, ਬਾਅਦ ਵਿਚ ਲਾਂ ਦੀ ਤਰ੍ਹਾਂ ਇਸ ਲਕੀਰ ਨੂੰ ਲੇਟਵੀਂ ਬਣਾ ਦਿੱਤੀ ਗਈ। ਗੁਰਬਾਣੀ ਦੀਆਂ ਪੋਥੀਆਂ ਆਦਿ ਵਿੱਚ ਇਹ ਤਿਰਛੀਆਂ ਪੈਣ ਲੱਗ ਪਈਆਂ।

ਦੋਲਾਵਾਂ (ੈ)

ਇਹ ਚਿੰਨ੍ਹ ਲਾਵਾਂ ਨੂੰ ਦੂੱਗਣੀ ਕਰ ਕੇ ਬਣਾਇਆ ਗਿਆ ਹੈ। ਇਹ ਨਿਸ਼ਾਨ ਆਦਿ ਤੋਂ ਹੀ ਇਸੇ ਤਰ੍ਹਾਂ ਚਲੇ ਆ ਰਹੇ ਹਨ। ਬਾਬਾ ਮੋਹਨ ਵਾਲੀ ਪੋਥੀ ਵਿੱਚ ਅਤੇ ਗੁਰਮੁਖੀ ਦੀਆਂ ਬਾਅਦ ਵਾਲੀਆਂ ਲਿੱਖਤਾਂ ਵਿੱਚ ਦੋਲਾਵਾਂ ਤਿਰਛੀਆਂ ਪੈਣੀਆਂ ਸ਼ੁਰੂ ਹੁੰਦੀਆਂ ਹਨ।

ਹੋੜਾ (ੋ)

ਲਾਵਾਂ ਤੇ ਕੰਨੇ ਦਾ ਮੇਲ ਸਾਕਾਰ ਦਿੱਸਦਾ ਹੈ। ਇਹ ਟਾਕਰੀ ਚਿੰਨ੍ਹ ਦੇ ਸਾਮਾਨ ਹੈ। 'ਹੋੜਾ' ਲੋਹੇ ਦਾ ਕੁੰਡਾ ਜਿਹਾ ਹੁੰਦਾ ਹੈ ਜੋ ਦਰਵਾਜ਼ੇ ਆਦਿ ਤੇ ਲਾਇਆ ਜਾਂਦਾ ਹੈ।

ਕਨੌੜਾ (ੌ)

ਟਾਕਰੀ ਦਾ ਕਨੌੜ ਗੁਰਮੁਖੀ ਦੇ ਸਾਮਾਨ ਨਜ਼ਰ ਆਉਂਦਾ ਹੈ। ਜਿਥੋਂ ਤੱਕ ਕਨੌੜੇ ਦਾ ਸੰਬੰਧ ਹੈ, ਜਿਵੇਂ ਸ਼ਾਰਦਾ ਤੇ ਪਿਛਲੀ ਸ਼ਾਰਦਾ ਪਰਥਮ ਗੁਰਮੁਖੀ ਵਿਚ ਔ ਦੀ ਆਵਾਜ਼ ਲਈ ਓ ਦੇ ਚਿੰਨ੍ਹ ਤੋਂ ਇਲਾਵਾ ਕੰਨੇ ਚ ਚਿੰਨ੍ਹ ਵੀ ਲਗਾਇਆ ਮਿਲਦਾ ਹੈ, ਗੁਰਮੁਖੀ ਵਿਚ ਵੀ ਇਹ ਪਰਥਾ ਚੱਲਦੀ ਰਹੀ ਹੈ, ਕੇਵਲ ਕੰਨੇ ਦਾ ਚਿੰਨ੍ਹ ਅੱਖਰ ਦੇ ਸੱਜੇ ਸਿਰੇ ਤੇ ਲਗਾਣ ਦੀ ਥਾਂ ਹੋੜੇ ਦੇ ਚਿੰਨ੍ਹ ਦੇ ਹੇਠਾਂ ਲੱਗਣ ਲੱਗ ਪੈਂਦਾ ਹੈ- ਸੌ। ਸ਼ਾਇਦ ਏਸੇ

ਕਰ ਕੇ ਏਸ ਚਿੰਨ੍ਹ ਦਾ ਪੰਜਾਬੀ ਵਿਚ ਨਾਮ ਕਨੌੜਾ (ਕੰਨਾ+ਹੋੜਾ) ਪੈ ਗਿਆ।[9]

ਟਿੱਪੀ: (ੱ)

ਗੁਰੂ ਗ੍ਰੰਥ ਸਾਹਿਬ ਵਿਚ ਟਿੱਪੀ ਸ਼ਾਇਦ ਹੀ ਕਿਤੇ ਵਰਤੀ ਗਈ ਹੋਵੇ। ਕਿਰਿਆ ਪਦਾਂ ਵਿੱਚ ਇਸ ਟਿੱਪੀ ਦੇ ਨਾਂਹ ਹੋਣ ਕਰਕੇ ਅਰਥਾਂ ਵਿਚ ਫ਼ਰਕ ਆ ਜਾਂਦਾ ਹੈ। ਬਹੁ-ਵਚਨ ਦੀ ਥਾਂ ਇਕ-ਵਚਨ ਪੜ੍ਹਿਆ ਜਾ ਸਕਦਾ ਹੈ।..... ਪੁਰਾਣੀ ਲਿਪੀ ਤੋਂ ਇਹ ਚਿੰਨ੍ਹ ਨਕਲ ਹੁੰਦੇ ਚਲੇ ਆਏ ਹਨ, ਜਿਵੇਂ ਇਹ Vestigiol ਨਿਸ਼ਾਨ ਹੁੰਦੇ ਹਨ, ਜਿਕੁਰ ਮਨੁੱਖ ਦੇ ਸਰੀਰ ਵਿਚ ਪੂਛ ਦੀਆਂ ਹੱਡੀਆਂ।[10]

ਬਿੰਦੇ (:)

ਗੁਰਮੁਖੀ ਵਿਚ ਇਹ ਚਿੰਨ੍ਹ ਸੰਕਚਵੇਂ ਰੂਪ ਵਿਚ ਆਉਂਦਾ ਹੈ। ਪੈਂਤੀ ਵਿਚ ਇਹ ਨਕਲ-ਦਰ-ਨਕਲ ਹੋਇਆ ਹੈ। ਆਦਿ ਤੋਂ ਜਦੋਂ ਸੰਸਕ੍ਰਿਤ ਵਿਚ ਕਿਤਾਬਾਂ ਲਿੱਖੀਆਂ ਜਾਂਦੀਆਂ ਤਾਂ ਇਹ ਬਿੰਦੇ ਲੋੜ ਅਨੁਸਾਰ ਵਰਤੇ ਜਾਂਦੇ ਸਨ। ਜਰਾਂ ਧਿਆਨ ਕਰ ਲੈਣਾ ਕਿ ਸਵਰ-ਚਿੰਨ੍ਹਾਂ ਦੇ ਸਾਰੇ ਨਾਂ ਪੰਜਾਬੀ ਬੋਲੀ" ਦੇ ਹਨ, ਅਤੇ ਬਹੁਤਾ ਕਰਕੇ ਪਾਧਿਆਂ ਦੇ ਦਿੱਤੇ ਹੋਏ ਹਨ। ਬ੍ਰਹਮੀ ਦੇ ਗਿਰਨਾਰ ਵਾਲੇ ਸ਼ਿਲਾ-ਲੇਖਾਂ ਤੋਂ ਹੀ ਇਸ ਦਾ ਸਰੂਪ ਇਸੇ ਤਰ੍ਹਾਂ ਚੱਲਦਾ ਆ ਰਿਹਾ ਹੈ।

ਅੱਧਕ (ੱ)

ਅੱਧਕ ਦਾ ਚਿੰਨ੍ਹ ਅਸਲ ਵਿਚ ਵਿਅੰਜਨ ਦੀ ਦੁਹਰੀ ਧੁਨੀ ਪ੍ਰਗਟ ਕਰਦਾ ਹੈ। ਇਹ ਅਰਬੀ ਫ਼ਾਰਸੀ ਦੀ ਤਸ਼ਦੀਦ ਤੋਂ ਲਿਆ ਗਿਆ ਹੈ।

II ਵਿਸ਼ਰਾਮ ਚਿੰਨ੍ਹ:-

ਆਦਿ ਕਾਲ ਤੋਂ ਲਿਖਾਰੀ ਲੋਕ ਕਾਗਜ਼, ਸਿਆਹੀ ਆਦਿ ਦਾ ਸਰਫ਼ਾ ਕਰਨ ਲੱਗਿਆ ਸ਼ਬਦਾਂ ਨੂੰ ਅੱਡ ਨਹੀਂ ਲਿੱਖਦੇ ਸਨ। ਇੰਝ ਅੱਖਰਾਂ ਨਾਲ ਅੱਖਰ ਜੋੜ ਕੇ ਵੱਡੇ ਵੱਡੇ ਗ੍ਰੰਥ ਲਿੱਖਦੇ ਸਨ। ਅਜਿਹਾ ਗ੍ਰੰਥਾਂ ਨੂੰ ਪੜ੍ਹਨਾ ਤਾਂ ਮੁਸ਼ਕਿਲ ਸੀ ਪਰ ਕਈ ਵੇਰਾਂ ਅਰਥਾਂ ਦੇ ਨਿਅੱਰਥ ਹੋ ਜਾਂਦੇ ਆਮ ਜਿਹੀ ਬਾਤ ਸੀ। ਸਮੇਂ ਦੇ ਨਾਲ ਜਦੋਂ ਅਸੀਂ ਲਿੱਖਣ-ਪੜ੍ਹਨ ਵੱਲ ਰੁਚਿਤ ਹੋਏ ਹਾਂ ਤਾਂ ਅਨੇਕਾਂ ਰੁਕਾਵਟਾਂ ਨੂੰ ਚਿੰਨ੍ਹਾਂ ਰਾਹੀਂ ਪ੍ਰਗਟ ਕਰਦੇ ਹਾਂ ਤਾਂ ਜੋ 'ਵਿਸ਼ਰਾਮ ਚਿੰਨ੍ਹ' ਅਖਵਾਉਂਦੇ ਹਨ। ਇਹ ਚਿੰਨ੍ਹ ਇਸ ਪ੍ਰਕਾਰ ਹਨ:-

<, ;, :, |, ?, !, -, :-, ', ' ', " ", -, ( ), [ ], { }, >

ਕਾਮਾ (,)

ਇਹ ਚਿੰਨ੍ਹ ਕੇਵਲ ਉਥੇ ਵਰਤਿਆ ਜਾਂਦਾ ਹੈ ਜਿੱਥੇ ਥੋੜਾ ਵਿਸਰਾਮ ਹੋਵੇ। ਜੇ ਕਰ ਅਸਾਂ ਨਾਵਾਂ/ਪੜਨਾਵਾਂ ਨੂੰ ਵੱਖਰਾ ਕਰਨਾ ਹੋਵੇ ਤਾਂ ਇਹੋਂ ਚਿੰਨ੍ਹ ਵਰਤਿਆ ਜਾਂਦਾ ਹੈ। ਦੂਜਾ ਕ੍ਰਿਆ ਵਿਸ਼ੇਸ਼ਣ ਨੂੰ ਵੱਖ ਕਰਨ ਲਈ। ਤੀਜਾ ਸਮਾਸੀ ਪਦਾ ਨੂੰ ਵਖਰਿਆਉਣ ਲਈ। ਚੌਥਾ ਦੋ ਵਾਕਾਂ ਜਾਂ ਉਪਵਾਕਾਂ ਦੇ ਵਿਚਕਾਰ।

1. ਤੂੰ, ਸਾਡੀ ਕਦੀ ਮਦਦ ਨਹੀਂ ਕੀਤੀ।
2. ਘਰ-ਬਾਹਰ, ਆਸ-ਪਾਸ ਆਦਿ।
3. ਬੱਚੇ-ਬੁੱਢੇ, ਅਮੀਰ-ਗਰੀਬ, ਔਰਤਾਂ -ਮਰਦ ਆਦਿ।

4. ਮਾਸਟਰ ਜੀ, ਮੈਨੂੰ ਦੰਡ ਨਹੀਂ ਦੇਣੀ, ਮੈਂ ਹਮੇਸ਼ਾ ਸੱਚ ਬੋਲਾਂਗਾ।

ਬਿੰਦੀ ਕਾਮਾ (;)

ਬਿੰਦੀ ਕਾਮਾ ਦੀ ਵਰਤੋਂ ਆਮ ਤੌਰ ਤੇ ਸੁਤੰਤਰ ਉਪਵਾਕਾਂ ਤੇ ਅਰਥਾਂ ਦੇ ਮਿਲਾਪ ਹੋਣ ਕਾਰਨ, ਵਿਚਾਰ ਕੀਤੀ ਜਾਂਦੀ ਹੈ ਜਿਵੇਂ:-

ਮੇਰੀ ਬੁੱਢੀ ਮਾਤਾ ਬੀਮਾਰ ਹੈ; ਮੈਂ ਛੁੱਟੀ ਲੈ ਲਵਾਂ।

ਦੋ ਬਿੰਦੀਆਂ (:)

ਇਹ ਕਿਸੇ ਵੀ ਆਖੀ ਗੱਲ ਨੂੰ ਲਿੱਖਣ ਤੋਂ ਪਹਿਲਾਂ ਲਾਈਆਂ ਜਾਂਦੀਆਂ ਹਨ। ਜਿਵੇਂ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ: 'ਨਾਨਕ ਦੁਖੀਆ ਸਭ ਸੰਸਾਰੁ'

ਡੰਡੀ(।)

ਠਹਿਰਾਉ ਦੀ ਸੂਚਕ ਹੋਣ ਕਾਰਨ, ਇਹ ਹਰ ਵਾਕ ਦੇ ਅਖ਼ੀਰ ਤੇ ਆਉਂਦੀ ਹੈ। ਗੁਰਬਾਣੀ ਅਤੇ ਪੁਰਾਤਨ ਪੰਜਾਬੀ ਲਿਖਤਾਂ ਵਿਚ ਇਕ ਦੀ ਥਾਂ ਦੋ ਡੰਡੀਆਂ (।।) ਪਾਉਣ ਦਾ ਰਿਵਾਜ਼ ਰਿਹਾ ਹੈ। ਅਜੋਕੇ ਸਮੇਂ ਕੇਵਲ ਇਕੋ ਡੰਡੀ ਲਾਈ ਜਾਂਦੀ ਹੈ। ਜਿਵੇਂ

ਉਹ ਸਾਡੇ ਘਰ ਦੇ ਨੇੜੇ ਰਹਿੰਦਾ ਹੈ।

ਪ੍ਰਸ਼ਨ-ਚਿੰਨ੍ਹ (?)

ਇਹ ਹਮੇਸ਼ਾ ਸਵਾਲੀਆਂ ਤੁੱਕਾਂ ਦੇ ਅੰਤ ਤੇ ਲਾਇਆ ਜਾਂਦਾ ਹੈ, ਜਿਵੇਂ:

ਤੁਸੀਂ ਕਿੱਥੇ ਰਹਿੰਦੇ ਹੋ?

ਵਿਸਮਿਕ (!)

ਆਮ ਤੌਰ ਤੇ ਸੰਬੋਧਨ, ਵਿਸਮਿਕ ਆਦਿ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਇਸੇ ਚਿੰਨ੍ਹ ਦੀ ਵਰਤੋਂ ਕਰਦੇ ਹਾਂ ਜਿਵੇਂ

ਸੰਬੋਧਨ : ਆ ਵੀਰਾ! ਰਲ ਗੱਲਾਂ ਕਰੀਏ

ਵਿਸਮਿਕ: ਹਾਏ! ਮੈਂ ਲੁੱਟਿਆ ਗਿਆ।

ਡੈਸ਼ (-)

ਕਿਸੇ ਵੀ ਵਾਕ ਮਗਰੋਂ ਸੂਚੀ ਦੇਣ,ਦਾਹਰਣ ਲਿਖਣ ਜਾਂ ਗਲ ਨੂੰ ਹੋਰ ਵਿਸਥਾਰ ਨਾਲ ਬਿਆਨ ਕਰਨਾ, ਕਿਸੇ ਸ਼ਬਦ ਨੂੰ ਛੱਡਣ ਆਦਿ ਲਈ ਇਸ ਦੀ ਵਰਤੋਂ ਹੁੰਦੀ ਹੈ ਜਿਵੇਂ:-

ਬੰਦੇ ਹਰ ਭਾਂਤੰ ਦੇ - ਚੋਰ, ਡਾਕੂ, ਸਾਧ, ਸੰਤ, ਅਮੀਰ, ਗਰੀਬ ਉੱਥੇ ਮੌਜੂਦ ਸਨ।

ਮੈਂ ਕਿਹਾ ਸੀ- ਗੱਲ ਤਾਂ ਸੁਣੋ ਮੇਰੀ।

ਦੋ ਬਿੰਦੀ ਡੈਸ਼ (:-)

ਕਿਸੇ ਦੇ ਮੂਲ ਕਥਨ ਲਿੱਖਣ ਸਮੇਂ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ:- ਕਬੀਰ ਮਨ ਨਿਰਮਲ ਭਇਆ ਜੈਸੇ ਗੰਗਾ ਨੀਰ।

ਛੁੱਟ ਮਰੋੜੀ (,)

ਆਮਤੌਰ ਤੇ ਲਿੱਖਣ ਸਮੇਂ ਜਿਹੜੇ ਅੱਖਰ ਛੱਡ ਦਿੱਤੇ ਜਾਣ ਜਾਂ ਸ਼ਬਦਾਂ ਨੂੰ

ਉਚਾਰਣ ਅਨੁਸਾਰ ਲਿਖਦਿਆਂ ਅੱਖਰ ਛੱਡੇ ਜਾਣ ਤਾਂ ਇਸ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ:-

ਘਰ 'ਚੋਂ ਬਾਹਰ ਨਹੀਂ ਜਾਣਾ ਜੀ ('ਚੋਂ= ਵਿੱਚੋਂ)

ਸਿਰ 'ਤੇ ਭਾਰ ਨਾ ਚੁੱਕ ('ਤੇ= ਉੱਤੇ)

ਇਕਹਰੇ ਪੁੱਠੇ ਕਾਮੇ (' ')

ਕਿਸੇ ਦੇ ਕਥਨ ਨੂੰ ਹੂ-ਬ-ਹੂ ਲਿਖਣ ਲਈ ਇਨ੍ਹਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਵੇਂ:-

ਗੁਰੂ ਅਰਜਨ ਆਖਦੇ ਹਨ, 'ਮਨ ਅਧਨੇ ਤੇ ਬੁਰਾ ਮਿਟਾਨਾ। ਪੇਖੈ ਸਗਲ ਸ੍ਰਿਸ਼ਟਿ ਸਾਜਨਾ'।

ਦੂਹਰੇ ਪੁੱਠੇ ਕਾਮੇਂ (" ")

ਕਈ ਵੇਰਾਂ ਦੂਹਰੇ ਪੁੱਠੇ ਕਾਮਿਆਂ ਨੂੰ ਇਕਹਿਰਿਆ ਕਾਮਿਆਂ ਦੀ ਥਾਂ ਵਰਤੋਂ ਕੀਤੀ ਜਾਂਦੀ ਹੈ।

ਜੋੜਨੀ (–)

ਇਹ ਡੈਸ਼ ਨਾਲੋਂ ਆਕਾਰ ਵਿਚ ਬਹੁਤ ਛੋਟੀ ਹੁੰਦੀ ਹੈ। ਸਮਾਸੀ ਪਦ ਨੂੰ ਇਕ ਸ਼ਬਦ ਬਣਾਉਣ ਦੇ ਕੰਮ ਆਉਂਦੀ ਹੈ ਜਿਵੇਂ:

ਰਾਮ-ਬਾਗ, ਅਮੀਰ-ਗਰੀਬ, ਚਿੱਟਾ-ਕਾਲਾ ਆਦਿ

ਕਮਾਨੀਆਂ <()[] {}>

ਵਾਕ ਵਿਚ ਕਿਸੇ ਸ਼ਬਦ ਦੇ ਅਰਥ ਦੱਸਣ ਲਈ ਜਾਂ ਗੱਲ ਨੂੰ ਹੋਰ ਸਪਸ਼ਟ ਕਰਨੀ ਲਈ ਕਮਾਨੀਆਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ:- ਗੁਰਬਖਸ਼ ਸਿੰਘ (ਪ੍ਰੀਤ ਲੜ੍ਹੀ) ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਸਨ।

ਕੁੱਝ ਹੋਰ ਚਿੰਨ੍ਹ

ਬਿੰਦੀ (.)

ਇਹ ਉਨ੍ਹਾਂ ਸ਼ਬਦਾਂ ਨਾਲ ਲੱਗਦੀ ਹੈ, ਜਿਨ੍ਹਾਂ ਨੂੰ ਸੰਖੇਪ ਕੀਤਾ ਜਾਂਦਾ ਹੈ ਜਿਵੇਂ:-

ਸ. ਸ. ਅਮੋਲ (ਗੁਰਮੁਖ ਸਿੰਘ ਅਮੋਲ)

ਐਮ.ਐਸ. ਅੰਮ੍ਰਿਤ (ਮਾਨ ਸਿੰਘ ਅੰਮ੍ਰਿਤ) ਆਦਿ

ਕੌਣ (<> ^)

<ਵਿਉਂਤਪਤੀ ਦੱਸਣ ਵਾਲਾ ਚਿੰਨ੍ਹ ਹੈ ਜਿਵੇਂ:-

ਦੁੱਧ <ਦੁਗਧ [ਦੁੱਧ (ਪੰਜਾਬੀ) ਦੁਗੁਧ (ਸੰਸਕ੍ਰਿਤ) ਦਾ ਵਿਉਤਪਤ ਰੂਪ ਹੈ]

>ਵਿਕਾਸ ਦੱਸਣ ਵਾਲਾ ਚਿੰਨ੍ਹ ਹੈ ਜਿਵੇਂ:-

ਦ੍ਰਿਸ਼ਟ> ਡਿੱਬਾ [ਦ੍ਰਸ਼ਟ (ਸੰਸਕ੍ਰਿਤ) ਤੋਂ ਵਿਕਾਸ ਕਰਕੇ (ਪੰਜਾਬੀ) ਡਿੱਠਾ ਬਣ ਗਿਆ]

^ਰਹਿ ਗਏ ਸ਼ਬਦਾਂ ਜਾਂ ਅੱਖਰਾਂ ਲਈ ਵਰਤੀਦਾ ਹੈ ਜਿਵੇਂ :-

ਰਾਮ ਅੱਜ ਸਕੂਲ ਨਹੀਂ ਆਇਆ।[12]

III ਅੰਕ– ਪ੍ਰਬੰਧ

ਅਰਬੀ ਦੇ 'ਹਿੰਦਸਾ' ਨੂੰ ਭਾਰਤ ਵਿਚ 'ਅੰਕ' ਆਖਦੇ ਹਨ। ਭਾਰਤ ਦੁਆਰਾ 'ਅੰਕਾਂ' ਦਾ ਪਰਚਲਨ ਮੰਨਿਆ ਜਾਂਦਾ ਹੈ। ਅੰਕ ਜਾਂ ਹਿੰਦਸੇ ਹਿੰਦੁਸਤਾਨ ਵਾਲਿਆਂ ਨੇ ਆਪਣੇ ਅੱਖਰਾਂ ਤੋਂ ਬਣਾਏ ਸਨ, ਅਤੇ ਉਹ ਅੱਖਰ 'ਗੁਰਮੁਖੀ' ਨਾਲ ਮਿਲਦੀ ਪੁਰਾਣੀ ਲਿਪੀ ਜਾਂ ਆਖੋ ਪੁਰਾਣੀ ਗੁਰਮੁਖੀ ਦੇ ਸਨ, ਜੋ ਕੁੱਝ ਵੀ ਨਾਂ ਇਸ ਲਿਪੀ ਦਾ ਉਸ ਵੇਲੇ ਸੀ। ਪਰ ਰਕਮਾਂ ਨੂੰ ਹਿੰਦਸਿਆਂ ਨਾਲ ਲਿਖਣ ਦਾ ਹੁਨਰ ਆਮ ਤੌਰ ਤੇ ਬਾਰਾਂ ਕੁ ਸੋ ਵਰ੍ਹੇ ਤੋਂ ਵਧੀਕ ਪੁਰਾਣਾ ਨਹੀਂ, ਭਾਵੇਂ ਜੋਤਸ਼ ਦੀਆਂ ਕਿਤਾਬਾਂ ਵਿਚ ਛੇਵੀਂ ਸਦੀ ਬਿਕ੍ਰਮੀ ਵਿਚ ਵਰਤਿਆ ਨਜ਼ਰ ਆਉਂਦਾ ਹੈ।[13]

ਅੰਕਾਂ ਦਾ ਆਧਾਰ ਅਸਲੋਂ ਹੀ ਲਿਪੀ ਨੂੰ ਸਮਝਿਆ ਗਿਆ ਹੈ। ਹੇਠਾਂ ਅਸੀਂ ਹਿੰਦਸਿਆਂ ਨੂੰ ਲਿਪੀ ਦੇ ਅੱਖਰਾਂ ਨੂੰ ਇਕ ਸਾਰਣੀ[14] ਰਾਹੀਂ ਸਪਸ਼ਟ ਕਰਦੇ ਹਾਂ:-

ਅੱਖਰਾਂ ਵਿੱਚ ਸ਼ਬਦ	ਅੰਕ	ਚਿੰਨ੍ਹ
ਏਕਾ	੧	'ੲ' ਤੋਂ ਵਿਉਂਤਪਤ
ਦੂਆ	੨	ਦ
ਤੀਆ	੩	ਤ
ਚੌਕਾ	੪	ਚ
ਪਾਜਾਂ	੫	ਪ
ਛਿੱਕਾ	੬	ਛ
ਸੱਤਾ	੭	ਸ
ਅੱਠਾ	੮	ਟ ਜਾਂ ਠ
ਨਾਂਇਆ	੯	ਨ
ਬਿੰਦੂ	੦	ਇਹ ਅੰਕ ਬਹੁਤ ਪ੍ਰਾਚੀਨ ਹੈ ਤੇ ਇਸ ਦੀ ਵਿਉਂਤਪਤੀ ਬਾਰੇ ਯਕੀਨ ਨਾਲ ਆਖਣਾ ਅਸੰਭਵ ਹੈ।

ਜੇਕਰ ਅਸੀਂ ਸੋਲਵੀਂ ਤੇ ਸਤਾਰ੍ਹਵੀਂ ਸਦੀ ਵਿਚ 'ਅੰਕਾਂ' ਬਾਰੇ ਉਨ੍ਹਾਂ ਦੇ ਸਰੂਪ ਜਾਣਨਾ ਚਾਹੀਏ ਤਾਂ ਉਹ ਹੇਠਲੀ ਸਾਰਣੀ[15] ਰਾਹੀਂ ਪ੍ਰਗਟ ਹੁੰਦੇ ਹਨ।

੧	੧ ੧
੨	੨
੩	੩
੪	੪ ੪ ੪ ੪
੫	੫
੬	੬ ੬ ੬ ੬ ੬
੭	੭ ੭ ੭ ੭ ੭
੮	੮ ੮ ੮ ੮ ੮ ੮
੯	੯ ੯ ੯ ੯ ੯ ੯ ੯
	[illegible]

IV ਲਿਖਣ ਸਾਮਗਰੀ

ਹੱਥ-ਲਿੱਖਤ ਸਾਮਗਰੀ ਦੀ ਤਿਆਰੀ ਲਈ ਪ੍ਰਮੁੱਖ ਤੌਰ ਤੇ ਪੰਜ ਚੀਜ਼ਾਂ ਨੂੰ ਲਾਜ਼ਮੀ ਮੰਨਿਆ ਗਿਆ ਹੈ।

ਧੰਨੁ ਸੁ ਕਾਗਦੁ, ਕਲਮ ਧੰਨੁ, ਧੰਨ ਭਾਂਡਾ ਧਨ ਮਸੁ।
ਧੰਨੁ ਲੇਖਾਰੀ ਨਾਨਕਾ, ਜਿਨਿ ਨਾਮ ਲਿਖਾਇਆ ਸਚੁ।

(ਵਾਰ ਮਲਾਹ ੧)

ਖ਼ੂਬਸੂਰਤ ਲਿਖਾਈ ਵਿਚ ਮੁਹਾਰਤ ਰੱਖਣ ਵਾਲੇ ਨੂੰ ਹੀ 'ਲਿਖਾਰੀ' ਆਖਿਆ ਜਾਂਦਾ ਹੈ। ਆਮਤੌਰ ਤੇ ਪ੍ਰਾਚੀਨ ਲੇਖਕ ਲਿਖਾਰੀ ਨੂੰ 'ਲਿਪਿਕ' (ਉਤਾਰਾ ਕਰਨ ਵਾਲਾ) ਦਾ ਨਾਂ ਦੇਂਦੇ ਹਨ। ਆਦਿ ਗ੍ਰੰਥਾਂ ਵਿਚ 'ਲਿਪਿਕ' ਦੇ ਜੋ ਗੁਣ ਵੇਖਣ ਵਿੱਚ ਆਉਂਦੇ ਹਨ, ਉਹ ਇੰਝ ਹਨ: " ਅਨੇਕ ਲਿਪੀਆਂ ਦਾ ਜਾਣਕਾਰ, ਸ਼ਾਸਤਰਾਂ ਦਾ ਵਿਦਵਾਨ, ਲਿਪੀ ਕਰਮ ਵਿਚ ਨਿਪੁੰਨ ਅਤੇ ਵਿਸਥਾਰ ਨੂੰ ਸੰਖੇਪ ਵਿਚ ਪਰਸਤੁਤ ਕਰ ਸਕਣ ਦੀ ਸਮਰਥਾ ਵਾਲਾ ਵਿਅਕਤੀ ਹੀ ਲਿਪਿਕ ਹੋ ਸਕਦਾ ਹੈ। "[16]

ਅੱਖਰੀ ਸਰੀਰ ਦੇ ਨਿਰਮਾਣ ਵਿਚ ਲਿਪਿਕ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਭਾਵੇਂ 'ਲਿਖਾਰੀ' ਸ਼ਬਦ ਅਰਬੀ ਦੇ ਲਫ਼ਜ਼ 'ਕਾਤਿਬ' ਤੁੋਂ ਆਇਆ ਹੈ। ਖ਼ੁਸ਼ਨਵੀਸ (ਫ਼ਾਰਸੀ), ਲਿਖਾਰੀ ਜਾਂ ਲਿਪਿਕ (ਪੰਜਾਬੀ) ਲਿਖਣਹਾਰ ਲਈ ਵਰਤਿਆ ਜਾਂਦਾ ਹੈ।

ਕਾਗਦੁ ਕਲਮੁ ਨ ਲਿਖਣਹਾਰੁ ॥

(ਜਪੁ ਜੀ ਸਾਹਿਬ)

ਸਿਹਾਈ ਨੂੰ ਰੱਖਣ ਵਾਸਤੇ ਨਿੱਕੀ ਜਿਹੀ ਕੁੱਜੀ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਪਿੱਤਲ, ਮਿੱਟੀ ਅਦਿ ਦੀ ਬਣਾਈ ਜਾਂਦੀ ਹੈ। ਪੰਜਾਬੀ ਵਿਚ ਇਸ ਨੂੰ ਮਸਿਧਾਨੀ/ ਮਸਵਾਣੀ। ਸਸਿਧਾਨ ਆਦਿ ਆਖਿਆ ਜਾਂਦਾ ਹੈ। ਦਵਾਤ ਵੀ ਅਰਬੀ ਸ਼ਬਦ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਵਰਨਣ ਕਈ ਵਾਰ ਆਇਆ ਹੈ:

ਕਲਉ ਮਸਾਜਨੀ ਕਿਆ ਸਦਾਈਐ, ਹਿਰਦੈ ਹੀ ਲਿਖ ਲੇਹੁ।

- ਸਿਰੀ ੪, ਵਾਰ ਪਸ, ੩:੧:੧ (84)

ਸਚੁ ਕਾਗਦੁ ਕਲਮ ਮਸਵਾਣੀ- ਸਚੁ ਲਿਖਿ ਸਚਿ ਸਮਾਵਣਿਆ।

- ਮਾਝ ੩, ਅਸ ੨੩, ੭:੩ (123)

ਲਿਖਣ ਸਾਮਗਰੀ ਵਿੱਚ ਵਿਸ਼ੇਸ਼ ਤੌਰ ਤੇ ਤਿੰਨ ਹੀ ਚੀਜ਼ਾਂ ਦੀ ਜ਼ਰੂਰਤ ਪੈਂਦੀ ਹੈ, ਉਹ ਹਨ ਕਾਗਜ਼, ਕਲਮ ਅਤੇ ਸਿਹਾਈ। ਸੱਭ ਤੋਂ ਪਹਿਲਾਂ ਅਸੀ ਕਾਗਜ਼ ਬਾਰੇ ਵਿੱਸਥਾਰ ਨਾਲ ਜ਼ਿਕਰ ਕਰਾਂਗੇ।

ਕਾਗਜ਼:-

ਕਾਗਜ਼ ਨੂੰ ਕਈ ਵੇਰਾਂ ਲਿਪੀ- ਆਸਨ ਵੀ ਕਿਹਾ ਗਿਆ ਹੈ। ਕਈ ਵੇਰਾਂ ਪਾਠ ਦੀ ਪਰਮਾਣਕਤਾ ਕਾਗਜ਼ ਦੀ ਪਰੱਖ ਤੋਂ ਹੀ ਕੀਤੀ ਜਾਂਦੀ ਹੈ। ਕਾਗਜ਼ ਦੀ ਤਵਾਰੀਖ਼ ਬਹਤੁ ਪੁਰਾਣੀ ਹੈ। ਕਾਗਜ਼ ਸੱਭ ਤੋਂ ਪਹਿਲਾਂ ਚੀਨ ਵਾਲਿਆਂ ਨੇ ਈਸਵੀਂ ਸੰਨ 105 ਵਿਚ ਬਣਾਇਆ।[17] ਪਰ ਪੁਰਾਤੱਤਵ ਦੀ ਖੋਜ ਦੂਜੀ ਸਦੀ[18] ਮੰਨਦੀ ਹੈ।... ਚੀਨ ਦੀ ਵੱਡੀ

ਦੀਵਾਰ ਦੇ ਇੱਕ ਬੁਰਜ਼ ਵਿਚੋਂ ਕੁਝ ਚਿੱਠੀਆਂ ਮਿਲੀਆਂ ਹਨ, ਲੱਕੜ ਦੀਆਂ ਫੱਟੀਆਂ ਪੁਰ ਲਿਖੀਆਂ ਸਨ, ਇਕ ਚਿੱਠੀ ਰੇਸ਼ਮ ਦੀ ਟਾਕੀ ਉੱਤੇ ਸੀ, ਅਤੇ ਅੱਠ ਚਿੱਠੀਆਂ 'ਕਾਗਜ਼' ਪੁਰ ਸਨ।[19]

ਕਾਗਜ਼ ਤੇ ਲਿੱਖਣ ਤੋਂ ਪਹਿਲਾਂ ਜੋ ਲਿੱਖਣ ਸਾਮਗਰੀ ਲਈ ਹੋਰ ਚੀਜ਼ਾਂ ਵਰਤੀਆਂ ਜਾਂਦੀਆਂ ਹਨ। ਉਨ੍ਹਾਂ ਵਿੱਚ ਤਾੜ ਪੱਤਰ, ਭੋਜ ਪੱਤਰ, ਰੂੰ ਦਾ ਕਪੜਾ, ਲੱਕੜੀ ਦਾ ਫੱਟਾ ਤੇ ਫੱਟੀ, ਰੇਸ਼ਮੀ ਕਪੜਾ, ਚਮੜਾ, ਪੱਥਰ, ਇੱਟ, ਸੋਨਾ, ਚਾਂਦੀ, ਤਾਂਬਾ, ਪਿੱਤਲ, ਕਾਂਸਾ ਅਤੇ ਲੋਹਾ।

704 ਈਸਵੀਂ ਵਿਚ ਅਰਬਾਂ ਨੇ ਤੁਰਕਿਸਤਾਨ ਤੇ ਹਮਲਾ ਕਰ ਕੇ ਉਸ ਨੂੰ ਫ਼ਤਹਿ ਕਰ ਦਿੱਤਾ ਅਤੇ ਕੁੱਝ ਚੀਨੀਆਂ ਨੂੰ ਜੰਗੀ ਕੈਦੀ ਬਣਾ ਲਿਆ ਗਿਆ। ਉਨ੍ਹਾਂ ਕੈਦੀਆਂ ਪਾਸੋਂ ਹੀ ਅਰਬਾਂ ਨੇ ਚੀਨੀਆਂ ਤੋਂ ਰੂੰ ਤੇ ਪਾਟੇ ਚੀਥੜਿਆ ਆਦਿ ਤੋਂ ਕਾਗਜ਼ ਬਣਾਉਣ ਦੀ ਜੁਗਤਿ ਸਿਖੀ। ਇਸ ਤਰ੍ਹਾਂ ਇਹ ਹੁਨਰ ਸਪੇਨ, ਯੂਨਾਨ, ਇਟਲੀ, ਜਰਮਨੀ ਤੇ ਇੰਗਲੈਂਡ ਵਿਚ ਸ਼ੁਰੂ ਹੋਇਆ।[20] ਹਿੰਦੁਸਤਾਨ ਵਿਚ ਇਸ ਹੁਨਰੇ ਨੂੰ ਲਿਆਉਣ ਵਾਲੇ ਮੁਸਲਮਾਨ ਸਨ। ਹਿੰਦੁਸਤਾਨ ਵਿਚ ਇਸ ਹੁਨਰੇ ਨੂੰ ਲਿਆਉਣ ਵਾਲੇ ਮੁਸਲਮਾਨ ਸਨ। ਪਰ ਇਹ ਹਕੀਕਤ ਹੈ ਕਿ ਕਾਗਜ਼ ਚੀਨ[21] ਤੋਂ ਹੀ ਦੂਜੇ ਦੇਸ਼ਾਂ ਵਿਚ ਗਿਆ।

ਕਾਗਜ਼ ਆਮਤੌਰ ਤੇ ਬ੍ਰਿਛਾਂ, ਬੂਟਿਆਂ ਆਦਿ ਤੋਂ ਤਿਆਰ ਕੀਤਾ ਜਾਂਦਾ ਹੈ। ਬਨਸਪਤੀ ਵਿਚ ਇਕ ਖਾਸ ਮਾਦਾ 'ਸੇਲਿਉਲੂਸ' ਹੁੰਦਾ ਹੈ ਤੇ ਇਹੋ ਰੇਸ਼ੇ ਕਾਗਜ਼ ਬਣਨ ਦੇ ਕੰਮ ਆਉਂਦੇ ਹਨ। 'ਪਪਰ' ਸ਼ਬਦ ਪਿਪਰਾਇਸ਼ ਤੋਂ ਬਣਿਆ ਹੈ, ਜੋ ਮਿਸਰ ਵਿਚ ਦਰਿਆ ਕੰਢੇ ਉਗੀ 'ਕਾਹੀ' ਨੂੰ ਕਹਿੰਦੇ ਹਨ ਤੇ ਇਸ ਤੋਂ 'ਪੇਪਰ' ਬਣਦਾ ਸੀ।[22] ਚੀਨ ਵਾਲੇ ਪਹਿਲਾਂ ਪਹਿਲ ਪੁਰਾਣੀਆਂ ਟਾਕੀਆਂ, ਚੀਥੜਿਆ ਤੇ ਰੱਸਿਆਂ ਨੂੰ ਗਾਲ-ਸਾੜ ਕੇ ਕੁੱਟ ਕੇ ਕਾਗਜ਼ ਨੂੰ ਤਿਆਰ ਕਰਦੇ ਸਨ। ਬਾਅਦ ਵਿੱਚ ਇਨ੍ਹਾਂ ਤੇ ਚੌਲਾਂ ਜਾਂ ਕੱਣਕ ਦੇ ਆਟੇ ਦੀ ਪਤਲੀ ਲੇਟੀ ਲਾ ਕੇ, ਸੂਰਜ ਵਿਚ ਸੁਖਾ ਕੇ ਸਖ਼ਤ ਕੀਤਾ ਜਾਂਦਾ ਸੀ। ਕਾਗਜ਼ ਉੱਪਰ ਲਿਖੀਆਂ ਹੋਈਆਂ ਪੁਸਤਕਾਂ ਵਿਚ ਜਿਹੜੀਆਂ ਅਜ ਤੀਕ ਇਸ ਦੇਸ਼ ਅੰਦਰ ਮਿਲੀਆਂ ਹਨ ਸੱਭ ਤੋਂ ਪੁਰਾਣੀ ਈਸਵੀਂ ਸੰਨ 1223-24[23] ਦੀਆਂ ਦੱਸੀਆਂ ਜਾਂਦੀਆਂ ਹਨ।

ਕਾਗ਼ਜ਼, ਕਲਮ, ਸਿਹਾਈ ਦਾ ਜ਼ਿਕਰ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਕਈ ਵੇਰ ਆਇਆ ਹੈ:

"ਨਾਨਕ ਕਾਗਦ ਲਖ ਮਣਾ, ਪੜਿ ਪੜਿ ਕੀਚੈ ਭਾਉ।
ਮਸੂ ਤੋਟਿ ਨ ਆਵਈ, ਲੇਖਣਿ ਪਉਣੁ ਚਲਾਉ।
ਭੈ ਤੇਰੀ ਕੀਮਤਿ ਨ ਪਵੈ, ਹਉ ਕੇਵਡ ਆਖਾ ਨਾਉ।

- ਮਹਲਾ ੧ ਰਾਗ ਸਿਰੀ

ਕਲਮ:-

ਕਲਮ ਅਰਬੀ ਸ਼ਬਦ ਹੈ ਜਿਸ ਦੇ ਕੋਸ਼ਗੱਤ ਅਰਥ ਹਨ 'ਘੜਨਾ ਜਾਂ ਕਟਣਾ'। ਆਦਿ ਕਾਲ ਤੋਂ ਵਿਦਿਆਰਥੀ ਪੁਸਤਕਾਂ ਲਿੱਖਣ ਲਈ ਕਾਨੇ (ਬਰੂ) ਜਾਂ ਬਾਂਸ ਦੀਆਂ

ਕਲਮਾਂ (ਲੇਖਣੀਆਂ) ਵਰਤੋਂ ਵਿੱਚ ਲਿਆਉਂਦੇ ਸਨ। ਕਦੀ ਕਦੀ ਮੋਰ ਦਾ ਖੰਭ, ਸਰਕੰਡਾ, ਬੁਰਸ਼ ਆਦਿ ਨਾਲ ਵੀ ਕਲਮ ਦਾ ਕੰਮ ਲਿਆ ਜਾਂਦਾ ਸੀ। ਦੱਖਣੀ ਸ਼ੈਲੀ ਦੇ ਤਾੜ ਪਤਰਾਂ ਦੇ ਅੱਖਰ ਉਕਰਣ ਲਈ ਲੋਹੇ ਦੀ ਤਿਖੇ ਗੋਲ ਮੂੰਹ ਦੀ ਕਲਮ (ਸਲਾਈ, ਸ਼ਲਾਕਾ)[24] ਅਜ ਤੱਕ ਵਰਤੀ ਜਾਂਦੀ ਹੈ। ਲਿਖਣੀ (ਕਲਮ) ਅਤੇ ਲੇਖਣੀ (ਕਲਾ) ਨੂੰ ਤਵਾਰੀਖ਼ ਵਿਚ ਸਤਿਕਾਰ ਅਤੇ ਸਨਮਾਨ ਦੇਣ ਦਾ ਵਰਨਣ ਆਉਂਦਾ ਹੈ। ਇਕ ਖ਼ਾਸ ਆਕਾਰ ਦੇਣ ਕਾਰਨ ਲੇਖਣੀ ਦੀ ਮਹਿਮਾਂ ਹਰ ਥਾਂ ਮਿਲਦੀ ਹੈ।

ਹੁਨਰੀ ਲੋਕ ਕਲਮ ਨੂੰ ਖੂਬਸੂਰਤ ਆਕਾਰ ਵਿਚ ਘੜਦੇ ਸਨ ਤਾਂ ਜੋ ਨਿਰੰਤਰ ਸਿਆਹੀ ਚਲਦੀ ਹੋਵੇ।

ਅੰਗ੍ਰੇਜ਼ੀ ਸ਼ਬਦ 'PEN' ਲਾਤੀਨ. 'PENNA '[25] ਤੋਂ ਹੋਂਦ ਵਿਚ ਆਇਆ ਹੈ ਜਿਸ ਦੇ ਅਰਥ 'ਪੰਛੀ ਦਾ ਖੰਭ' ਹੈ। ਪੁਰਾਣੇ ਸਮੇਂ ਤੋਂ ਸ਼ੌਕੀਨ ਲਿਖਾਰੀ[26] ਇਸੇ ਦੀ ਵਰਤੋਂ ਕਰਦੇ ਸਨ। ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪੁਰਤਗਾਲੀ ਲੋਕ ਨਿੱਬ ਲੈ ਆਏ ਸਨ ਤੇ ਗੁਰੂ ਸਾਹਿਬ ਕਈ ਵਾਰ ਇਨ੍ਹਾਂ ਦੀ ਵਰਤੋਂ ਕਰਦੇ ਸਨ। ਰਵਾਇਤ ਤੁਰ ਪਈ ਕਿ ਦਸ਼ਮੇਸ਼ ਪਾਤਸ਼ਾਹ ਤੀਰ ਨਾਲ ਲਿੱਖਦੇ ਸਨ। ਅਸਲ ਵਿਚ ਇਹ ਤੀਰ ਅਸਲੋਂ ਇਕ ਪ੍ਰਕਾਰ ਦੇ ਨਿੱਬ ਹੀ ਸਨ।

ਸਿਆਹੀ:-

ਸਿਆਹੀ ਨੂੰ 'ਮਸ' ਵੀ ਆਖਿਆ ਜਾਂਦਾ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਵੀ ਇਸ ਦਾ ਜ਼ਿਕਰ ਆਇਆ ਹੈ:

ਮਸੁ ਤੋਟਿ ਨ ਆਵਈ ਲੇਖਣਿ ਪਉਣ ਚਲਾਉ।

- ਸਿਰੀ ੧, ੨, ੩, ੪: ੨(15)

ਜਸ ਕਾਗਦਪਰ ਮਿਟੈ ਨ ਮੰਸੁ॥

- ਗੋਂਡ ਕਬ, ੫,੪,੪ (੪71)

ਸਿਆਹੀ ਬਾਰੇ ਇਤਿਹਾਸਕ ਹਵਾਲੇ ਆਮ ਮਿਲਦੇ ਹਨ। ਇਸ ਦੇ ਮੋਢੀ ਵੀ ਚੀਨੀ[27] ਲੋਕ ਆਖੇ ਜਾ ਸਕਦੇ ਹਨ। ਪਹਿਲੀ ਸਿਆਹੀ ਬਣਾਉਣ ਦੇ ਮੋਢੀ ਵੀ ਚੀਨ ਦੇ ਹੁਨਰੀ ਲੋਕ [28] ਮੰਨੇ ਜਾਂਦੇ ਹਨ। 1600[29] ਵਰ੍ਹੇ ਪਹਿਲਾਂ ਭਾਵੇਂ ਇਕ ਹਰਮਨ ਪਿਆਰੀ ਸਿਆਹੀ ਬਣਾਣ ਦਾ ਨੁਸਖਾ ਵਜੂਦ ਵਿਚ ਆਇਆ ਸੀ ਪਰ ਪਹਿਲੀ ਭਾਰਤੀ ਸਿਆਹੀ ਚੀਨ[30] ਵਿੱਚ ਹੀ ਇੱਜਾਦ ਹੋ ਗਈ ਸੀ।

ਸਿਆਹੀ ਬਣਾਉਣ ਦੇ ਕਈ ਨੁਸਖੇ ਆਦਿ ਕਾਲ ਤੋਂ ਵਜੂਦ ਵਿਚ ਆ ਚੁੱਕੇ ਸਨ। ਅੰਗ੍ਰੇਜ਼ੀ ਲਿੱਖਤਾਂ [31] ਵਿਚ ਵੀ ਇਸ ਦਾ ਜ਼ਿਕਰ ਆਇਆ ਹੈ। ਸਿਆਹੀ ਨਾਲ ਲਿੱਖੇ ਹੋਏ ਸਭ ਨਾਲੋਂ ਪੁਰਾਣੇ ਅੱਖਰ ਈਸਵੀਂ ਸੰਨ. ਪੂਰਵ ਦੀ ਤੀਜੀ ਸਦੀ ਤੱਕ ਦੇ ਮਿਲੇ ਹਨ।[32] ਇਸੇ ਤਰ੍ਹਾਂ ਰੰਗੀਨ ਸਿਆਹੀ ਜਿਵੇਂ ਸੋਨੇ ਅਤੇ ਚਾਂਦੀ ਦੀ ਸਿਆਹੀ ਦੀ ਵਰਤੋਂ ਕੀਤੀ ਜਾਂਦੀ ਸੀ। ਅਜਿਹੀ ਪੁਰਾਤਨ ਕਈ ਬੀੜਾਂ ਵਿਚ ਵੇਖਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ ਵਿਚ 'ਸਿਆਹੀ ਕੀ ਬਿਧਿ' ਆਮ ਲਿਖੀ ਮਿੱਲਦੀ ਹੈ। ਵਿਦਵਾਨਾਂ ਨੇ ਪੁਰਾਣੀਆਂ ਕਿਤਾਬਾਂ ਤੋਂ ਲੱਭ ਕੇ ਇਹ ਨੁਸਖੇ ਦਿੱਤੇ ਹਨ ਜਿਵੇਂ:-

(ੳ) ਤਵੇ ਦੀ ਕਾਲਖ ਲੈ ਕੇ ਉਸ ਨੂੰ ਗੂੰਦ ਵਿਚ ਘੋਲ ਕੇ ਰਲਾ ਲੈਂਦੇ ਸਨ ਤੇ ਮਗਰੋਂ ਇਸ ਗਾੜ੍ਹੇ ਘੋਲ ਨੂੰ ਸੁਕਾ ਲਿਆ ਜਾਂਦਾ ਸੀ।[33]

(ਅ) ਜਿਤਨਾ ਕਾਜ਼ਲ, ਉਤਨਾ ਬੋਲ, ਤੇ ਥੀ ਦੂਣਾ ਗੂੰਦ ਝਕੋਲ। ਜੇ ਰਸ ਵਾਂਗਰੇਨ ਪੜ੍ਹੇ, ਤੇ ਅਖਰੇ ਅਖਰੇ ਦੀਵਾ ਜਲੇ।[34]

(ੲ) ਪੱਕੀ ਸਿਆਹੀ ਬਣਾਉਣ ਦੇ ਲਈ ਪਿੱਪਲ ਦੀ ਲਾਖ ਨੂੰ, ਜਿਹੜੀ ਹੋਰ ਪੇੜਾਂ ਦੀ ਲਾਖ ਨਾਲੋਂ ਬਿਹਤਰ ਸਮਝੀ ਜਾਂਦੀ ਹੈ- ਪੀਹ ਕੇ ਮਿਟੀ ਦੀ ਹਾਂਡੀ ਰੱਖੇ ਹੋਈ ਪਾਣੀ ਵਿਚ ਪਾ ਕੇ ਉਸ ਨੂੰ ਅੱਗ ਦੇ ਉਪਰ ਚਾੜ੍ਹਦੇ ਹਨ ਫਿਰ ਉਸ ਵਿਚ ਸੁਹਾਗਾ ਅਤੇ ਲੋਧ ਪੀ ਕੇ ਪਾਇਆ ਜਾਂਦਾ ਹੈ। ਉੱਬਲ ਉੱਬਲ ਕੇ ਜਦੋਂ ਲਾਖ ਦਾ ਰਸ ਪਾਣੀ ਇਥੋਂ ਤੀਕ ਹਲ ਹੋ ਜਾਂਦਾ ਹੈ ਕਿ ਕਾਗਜ਼ ਉੱਪਰ ਉਸ ਨਾਲ ਗੂੜ੍ਹੀ ਲਾਲ ਲਕੀਰ ਬਣਨ ਲੱਗਦੀ ਹੈ ਤਾਂ ਉਸ ਨੂੰ ਲਾਹ ਕੇ ਛਾਣ ਲੈਂਦੇ ਹਨ ਉਸਨੂੰ ਅਲਤਾ (ਅਲਕਤਕ) ਕਹਿੰਦੇ ਹਨ। ਫਿਰ ਤਿਲਾਂ ਦੇ ਤੇਲ ਬਣਾਏ ਕੱਜਲ ਨੂੰ ਬਾਰੀਕ ਕਪੜੇ ਦੀ ਪੋਟਲੀ ਵਿਚ ਰਖਕੇ ਅਲੇਤ ਵਿਚ ਘੁਮਾਉਂਦੇ ਜਾਂਦੇ ਹਨ ਜਦੋਂ ਤੀਕ ਕਿ ਉਸ ਤੋਂ ਸੁੰਦਰ ਕਾਲੇ ਅੱਖਰ ਨਾ ਬਣਨ ਲਗ ਜਾਣ।[35]

(ਸ) ਕਜਲ ਵਜ਼ਨ ਸਿਰਸਾਹੀ ੧ ਬੋਲ ਸਰਸਾਹੀ ੨ ਸਰਸਾਹੀ ਦੁਇ ਮੂੰਦ ਕਿਕਰ ਕਾ, ਇਕ ਰੱਤੀ ਲਾਜਵਰਦ, ਇੱਕ ਰੱਤੀ ਸੁਇਨਾ, ਬਿਜੈਸਾਰ ਕਾ ਪਾਣੀ, ਤਾਮੇ ਕਾ ਭਾਂਡਾ, ਨਿੰਮ ਕੀ ਲੱਕੜੀ, ਦੂਰ ਕਾ ਕਜ਼ਲੁ, ਦਿਨ ਵੀਹ ਘਸਣੀ (ਬੋਲ-ਮੁਰ; ਬਿਲਜੈਸਰ-ਭੰਗੇਰ)[36]

(ਹ) । ਸਰਸਾਹੀ ਕਜਲੁ ਦੀਵੇ ਕਾ ਗੁ਼ਲ, । ਸਰਸਾਹੀ ਬੋਲਿ
। ਸਰਸਾਹੀ ਨੀਲ ਹਛਾ ਖਰਾ, । ਸਰਸਾਹੀ ਸੰਗੂੰਫ
। ਮਾਸਾ ਭਰ ਸੁਇਨਾ ਕੁੰਦਨ ਪਾਵਨਾ, ਅਧ ਸਿਰਸਾਹੀ ਕੇਸਰ,
3 ਸਿਰਸਾਹੀ ਮਜੂ ਕਾਲੇ ਕਾਹੀ, ਹਛੀ ਕਸੀਰ ਤੋਲਾ,
ਕਸਤੂਰੀ ਹੱਛੀ, ਖਤਾਈਦਾਨੇ- ਇਹ ਸਭ ਕਪੜ ਛਾਨ ਕਰਨੀਆਂ।
ਭੰਗਰੇ ਕੇ ਪਾਣੀ ਵਿਚਿ ਭੇਂਵ ਕੇ ਘੋਟਣੀਆਂ, ਤਾਂਬੇ ਦਾ ਭਾਂਡਾ, ਨਿੰਮ ਕੀ ਲਕੜੀ ਨਾਲ ਹੋਰ ਮਸਾਲੇ ਲੈ ਕੇ ਤਿੰਨ ਦਾ ਪਾਨੀ ਮਸਾਲਿਆਂ ਦੇ। ਪੰਜ ਸਿਰਹਾਰੀ ਲਾਖ ਰੰਗ ਕੀ ਲੈਨੀ, 2 ਸਿਰਸਾ ਹੀ ਕੰਝਨਹਾਰ ਹਛੀ ਲੈਣੀ,
ਸਿਰਸਾਹੀ ਬਿਜੈਸਾਰ ਲੈਣਾ, । ਸਿਰਸਾਹੀ ਸੁਹਾਗਾ ਲੈਨਾ
1 ਸਰਸਾਹੀ ਨੀਲਾ ਥੋਥਾ ਲੈਨਾ, ਅੱਧ ਸਿਰਸਾਹੀ ਫਟਕੜੀ ਲੈਨੀ,
5 ਸਿਰਸਾਹੀ ਅਨਾਰ ਕੇ ਛਿੱਲੜ ਲੈਨੇ, ਦਿਨ ਤੀਹ ਘੋਟਣੀ।[37]

ਰਾਜਪੁਤਾਨੇ ਦੇ ਕਈ ਲਿਖਾਰੀ ਅੱਜੇ ਵੀ ਪੱਕੀ ਸਿਆਹੀ ਬਣਾ ਕੇ ਵਰਤਦੇ ਹਨ। ਕਿਤਾਬਾਂ ਛਾਪਣ ਦਾ ਹੁਨਰ ਸੰਨ 750 ਈਸਵੀਂ ਤੋਂ ਪਹਿਲਾਂ ਨਿਕਲ ਚੁੱਕਾ ਸੀ, ਮਿੰਗ ਹੁਆਂਗ ਬਾਦਸ਼ਾਹ ਦੇ ਵੇਲੇ, ਜਿਸ ਦਾ ਰਾਜ 712 ਤੋਂ 756 ਤੱਕ ਰਿਹਾ, ਕਿਤਾਬਾਂ ਛਾਪਣ ਦਾ ਰਵਾਜ ਆਮ ਸੀ। ਸਭ ਤੋਂ ਪੁਰਾਣੀ ਛਪੀ ਹੋਈ ਕਿਤਾਬ 'ਮਣੀ ਸੂਤ੍ਰ' ਸੰਨ ੮੬੮ ਈਸਵੀਂ[38] ਦੀ ਹੈ, ਜੋ ਸਾਡੀਆਂ ਜਨਮ ਪੱਤਰੀਆਂ ਵਾਂਗ ਲਪੇਟੀ ਹੋਈ ਹੈ।

ਸੰਖੇਪ ਵਿਚ ਅਸੀਂ ਆਖ ਸਕਦੇ ਹਾਂ ਕਿ ਹੱਥ-ਲਿੱਖਤ ਸਾਮਗਰੀ ਦੇ ਮੁੱਢਲੇ ਸੰਦਾਂ ਵਿੱਚ ਕਾਗਜ਼, ਕਲਮ ਅਤੇ ਸਿਆਹੀ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ। ਇਸ ਤੋਂ ਬਗੈਰ ਲਿਖਾਰੀ ਇਕ ਕਦਮ ਵੀ ਅੱਗੇ ਪੁੱਟ ਨਹੀਂ ਸਕਦਾ।

ਟਿੱਪਣੀਆਂ ਅਤੇ ਹਵਾਲੇ

1. ਮਨਮੋਹਨ- ਗੁਰਮੁਖੀ ਦੀ ਜੁਗਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਅੰਕ:11
2. Hans, H. Wellisch - Writing systems, script its nature History and utilization, John willey & Sons, New York, 1978, p:3
   " The word orthography means literally the correct kind of writing and is often used synonymously for correct spelling but in the context of writing system it has much wider denotation."
3. ਗੁਰਦੇਵ ਸਿੰਘ (ਡਾ.) ਗੁਰਮੁਖੀ ਲਿੱਪੀ ਬਾਰੇ, ਲੁਧਿਆਣਾ, 1985, ਅੰਕ:56
4. ਲਾਂਬਾ, ਰਾਜਿੰਦਰ ਸਿੰਘ- ਖੋਜ ਪਤ੍ਰਿਕਾ- ਹੱਥ-ਲਿਖਤ ਸੰਪਾਦਨ ਕਲਾ ਵਿਸ਼ੇਸ਼ ਅੰਕ, (ਅੰਕ:39) ਮਾਰਚ 1944, ਅੰਕ:28
5. ਜੋਗਿੰਦਰ ਸਿੰਘ (ਪ੍ਰੋ.) (ਸੰ.) ਗੁਰਮੁਖ ਸਿੰਘ (ਡਾ.) - ਪੰਜਾਬੀ ਭਾਸ਼ਾ ਗੁਰਮੁਖੀ-ਲਿਪੀ: ਸੋਮੇ ਤੇ ਵਿਕਾਸ, ਲੁਧਿਆਣਾ, 2009, ਅੰਕ: 243
6. ਪੂਰਵ ਅੰਕਤ,
7. ਜੀ.ਬੀ. ਸਿੰਘ- ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਚੰਡੀਗੜ੍ਹ, 2010, ਅੰਕ:84
8. ਜੋਗਿੰਦਰ ਸਿੰਘ (ਪ੍ਰੋ.) - ਪੂਰਵ ਅੰਕਤ, ਅੰਕ: 244
9. ਲਾਂਬਾ, ਰਾਜਿੰਦਰ ਸਿੰਘ- ਪੂਰਵ ਅੰਕਤ, ਅੰਕ:29
10. ਜੀ.ਬੀ.ਸਿੰਘ- ਪੂਰਵ ਅੰਕਤ, ਅੰਕ:84
11. ਜੀ.ਬੀ.ਸਿੰਘ- ਪੂਰਵ ਅੰਕਤ, ਅੰਕ:85
12. ਗੁਰਦੇਵ ਸਿੰਘ (ਡਾ.)- ਗੁਰਮੁਖੀ ਲਿਪੀ ਬਾਰੇ, ਪੂਰਵ ਅੰਕਤ, ਅੰਕ:63
13. ਜੀ.ਬੀ.ਸਿੰਘ- ਗੁਰਮਖੀ ਲਿਪੀ ਦਾ ਜਨਮ ਤੇ ਵਿਕਾਸ, ਪੂਰਵ ਅੰਕਤ, ਅੰਕ:89
14. ਗੁਰਦੇਵ ਸਿੰਘ (ਡਾ.) ਗੁਰਮੁਖੀ ਲਿਪੀ ਬਾਰੇ, ਪੂਰਵ ਅੰਕਤ, ਅੰਕ: 65
15. ਜੀ.ਬੀ.ਸਿੰਘ- ਪੂਰਵ ਅੰਕਤ, ਅੰਕ: 166-171
16. ਲਾਂਬਾ, ਰਾਜਿੰਦਰ ਸਿੰਘ- ਖੋਜ਼ ਪਤ੍ਰਿਕਾ, ਪੂਰਵ ਅੰਕਤ, ਅੰਕ: 58
17. ਗੌਰੀ ਸ਼ੰਕਰ, ਹੀਰਾ ਚੰਦ ਓਝਾ-ਭਾਰਤੀ ਪ੍ਰਾਚੀਨ ਲਿਪੀ ਮਾਲਾ, ਪੂਰਵ ਅੰਕਤ, ਅੰਕ:173
18. Tsien 1985, p:38 hptt/www./wikipedia.org/wiki/paper
   "The oldest known archaeological fragments of the

immediate precursor to modern paper date to the 2nd century B C in China. The pulp paper making process is ascribed to cailun, a 2nd-century A D Han Court Eununch.

19. ਜੀ.ਬੀ.ਸਿੰਘ- ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੂਰਵ ਅੰਕਤ, ਅੰਕ:124

20. ਪਦਮ, ਪ੍ਰੋ. ਪਿਆਰਾ ਸਿੰਘ- ਗੁਰਮੁਖੀ ਲਿਪੀ ਦਾ ਇਤਿਹਾਸ, ਪੂਰਵ ਅੰਕਤ, ਅੰਕ:77

21. Burns 1996, pp:417f, hptt:/www:/wikipedia.org/wiki/paper.

    " Paper spread from china through the middle east to medieval Europe in the 13th century, where the first water powered paper mills were built."

22. ਪਦਮ, ਪ੍ਰੋ. ਪਿਆਰਾ ਸਿੰਘ- ਗੁਰਮੁਖੀ ਲਿਪੀ ਦਾ ਇਤਿਹਾਸ, ਪੂਰਵ ਅੰਕਤ, ਅੰਕ:77

23. ਭਾਰਤੀ ਪ੍ਰਾਚੀਨ ਲਿਪੀ-ਮਾਲਾ, ਪੂਰਵ ਅੰਕਤ, ਅੰਕ:174

24. ਪੂਰਵ ਅੰਕਤ, ਅੰਕ:188

25. http://www.merriam-webster.com/dictionary/pen

    "Pen(Latin"Penna, feather) is a writing implement used to apply ink to a surface usually paper, for writing a drawing. Historically, reed pens, quill pens and dip pens were used, with a nib dipped in ink."

26. Egyptian reed pen- Retrieved March 16,2007.

    " Ancient Egyptians had developed writing on papyrus scrolls when scribes used thin reed brushes or reed pens from the Juncus maritimus or sea rush."

27. National chang- Hua Hall of social education.

    http://www.wikipedia.org/Ink.

    " The history of chinese inks can be traced back to 23rd century B.C, with the utilization of natural plant (plant dyes), animals and mineral inks based on such materials as graphite that were ground with water and applied with ink brushes, Ink produced from soot and animal glue the best inks from drawing or painting on paper or silk are produced from the resin of the pine tree."

28. Woods, Michael, woods, Mary - Ancient communication: From Grunts to Graffiti, M.R. Press, 2000, pp. 51-52

    "The process of making India ink was known in china as early

as the middle of the 3rd millennium BC, during Neolithic china".

29. Gottsegen, Mark D - The Painter's Hand book: A Complete Reference, New York, 2006, P:30
30. Smith, Joseph A- The pen and Ink Book : Materials and Technique for Today's Artist, New York, 1992, p:23
31. op.cit

"The reciepe was used for centuries: Iron salts, with tannin from gallnuts (they grow on trees) and a thickener. When first put to paper, this ink is bluish-black. Overtimes it fades to a dull brown.

32. ਭਾਰਤੀ ਪ੍ਰਾਚੀਨ ਲਿਪੀ ਮਾਲਾ, ਪੂਰਵ ਅੰਕਤ, ਅੰਕ:186
33. ਪੂਰਵ ਅੰਕਤ, ਅੰਕ:186
34. ਸਤਯੇਂਦਰ (ਡਾ.) - ਪਾਂਡੂ ਲਿਪੀ ਵਿਗਿਆਨ, ਰਾਜਸਥਾਨ ਹਿੰਦੀ ਗਰੰਥ ਅਕਾਦਮੀ, ਜੈਪੁਰ, 1978, ਅੰਕ:56
35. ਭਾਰਤੀ ਪ੍ਰਾਚੀਨ ਲਿਪੀ ਮਾਲਾ, ਪੂਰਵ ਅੰਕਤ, ਅੰਕ: 186
36. ਪਦਮ, ਪ੍ਰੋ. ਪਿਆਰਾ ਸਿੰਘ- ਗੁਰਮੁਖੀ ਲਿਪੀ ਦਾ ਇਤਿਹਾਸ, ਪੂਰਵ ਅੰਕਤ, ਅੰਕ:79
37. ਪੂਰਵ ਅੰਕਤ, ਅੰਕ:80
38. ਜੀ.ਬੀ.ਸਿੰਘ- ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੂਰਵ ਅੰਕਤ, ਅੰਕ:125

****

੭
ਗੁਰਮੁਖੀ ਹੱਥ-ਲਿਖਤਾਂ-ਸੰਖੇਪ ਪ੍ਰੀਚੈ

ਮਨੁੱਖੀ ਉੱਥਲ-ਪੁੱਥਲ ਅਤੇ ਸਮੇਂ ਦੀ ਗਰਦਸ਼ ਵਿਚੋਂ ਹੀ 'ਲਿੱਖਤਾਂ' ਦੀਆਂ ਜੰਮਣ-ਪੀੜ੍ਹਾਂ ਦਾ ਆਗਮਨ ਮੰਨਿਆ ਜਾਂਦਾ ਹੈ। ਇਹ ਲਿੱਖਤਾਂ ਸਫ਼ਰ-ਦਰ-ਸਫ਼ਰ ਕਰਦੀਆਂ ਸਾਡੀ ਸਰਦਲ ਤੱਕ ਪੁੱਜੀਆਂ ਹਨ। ਸਮੇਂ ਦੀਆਂ ਜੁੱਗ ਗਰਦੀਆਂ, ਜੰਗਾਂ, ਲੁਟਾਂ-ਮਾਰਾਂ, ਘਲੂਘਾਰਿਆਂ, ਸੰਨ-ਸੰਤਾਲੀ, ਨੀਲਾ ਤਾਰਾਂ ਘਟਨਾਵਾਂ ਆਦਿ ਨੇ ਸੈਕੜੇਂ ਗ੍ਰੰਥਾਂ, ਪੋਥੀਆਂ ਨੂੰ ਹਮੇਸ਼ਾਂ ਲਈ ਸਾਥੋਂ ਆਲੋਪ ਕਰ ਦਿੱਤਾ। ਬੇਧਿਆਨੀ ਨਾਲ ਸੁਟੇ ਕਈ ਅਹਿਮ ਨੁਸਖੇ ਅਸਲੋਂ ਤਵਾਰੀਖ ਦੀ ਪੈੜ ਸਿਰਜਣ ਵਿਚ ਸਹਾਈ ਹੋ ਸਕਦੇ ਹਨ।

'ਹੱਥ-ਲਿੱਖਤ' ਸ਼ਬਦ ਦਾ ਘੇਰਾ ਵਿਸ਼ਾਲ ਹੈ। ਅੰਗ੍ਰੇਜ਼ੀ ਦੇ ਸ਼ਬਦ <u>Manu script</u> ਪੰਦਰਵੀਂ ਸੌਲਵੀਂ ਸਦੀਂ ਵਿੱਚ ਹੋਂਦ 'ਚ ਆਇਆ। ਇਹ ਦੋ ਸ਼ਬਦਾਂ ਦਾ ਮਿਸ਼ਰਣ ਹੈ। <u>Manu</u> ਤੋਂ ਭਾਵ ਹੈ ਹੱਥ ਅਤੇ <u>Scriptus</u> ਤੋਂ ਮੁਰਾਦ ਲਿੱਖਤ ਹੈ। ਇੰਝ Manuscriptous ਤੋਂ ਭਾਵ ਹੱਥ-ਲਿੱਖਤ ਹੈ। ਜਦੋਂ ਅਸੀਂ ਹੱਥ-ਲਿਖਤਾਂ ਦੀ ਲਿੱਖਤ ਦਾ ਅਧਿਐਨ ਕਰਦੇ ਹਾਂ ਤਾਂ ਇਸ ਨੂੰ <u>Paleography</u> ਆਖਿਆ ਜਾਂਦਾ ਹੈ ਅਤੇ ਜਦੋਂ ਹੱਥ-ਲਿੱਖਤਾਂ ਦੀ ਪੜ੍ਹਤ ਦਾ ਅਧਿਐਨ ਕਰਦੇ ਹਾਂ ਤਾਂ ਇਹ <u>Manuscriptology</u> ਅਖਵਾਉਂਦੀ ਹੈ। ਪੁਰਾਤਨ ਸਮੇਂ ਤੋਂ ਇਨ੍ਹਾਂ ਹੱਥ-ਲਿੱਖਤਾਂ ਵਿੱਚ ਧਰਮ, ਇਤਿਹਾਸ, ਫ਼ਿਲਾਸਫ਼ੀ, ਦਵਾਈਆਂ, ਕੋਸ਼ ਆਦਿ ਸ਼ਾਮਿਲ ਸਨ। ਕਈ ਸੁਚੇਤ ਵਿਦਵਾਨਾਂ ਨੇ ਪੋਥੀਆਂ/ਪੁਸਤਕਾਂ ਤੋਂ ਮਗਰੋਂ ਨਿੱਜੀ ਲਿੱਖਤਾਂ ਦੀ ਸੂਤਰੀ ਵੰਡ ਵੀ ਦਰਸਾਈ ਹੈ, ਜਿਵੇਂ ਨਿੱਜੀ ਲਿਖਤਾਂ, ਪਰਿਵਾਰਕ ਲਿਖਤਾਂ, ਸਮਾਜੀ ਲਿਖਤਾਂ, ਵਿਸਤਾਰੀ ਲਿਖਤਾਂ, ਧਾਰਮਿਕ ਅਤੇ ਸੁਧਾਰਕ ਲਿਖਤਾਂ, ਸਰਕਾਰੀ ਦਰਬਾਰੀ ਲਿਖਤਾਂ, ਵਪਾਰਕ ਲਿਖਤਾਂ, ਕਾਨੂੰਨੀ ਲਿਖਤਾਂ ਆਦਿ। ਇਨ੍ਹਾਂ ਹੱਥ-ਲਿਖਤਾਂ ਵਿਚ ਗੁਰਮੁਖੀ, ਸ਼ਾਰਧਾ, ਦੇਵਨਾਗਰੀ, ਟਾਕਰੀ, ਉਰਦੂ, ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਲਿਪੀਆਂ ਤੇ ਭਾਸ਼ਾਵਾਂ ਪ੍ਰਮੁੱਖ ਹਨ। ਹੱਥ-ਲਿਖਤਾਂ ਨੂੰ ਆਮਤੌਰ ਤੇ ਖਰੜਾ, ਮਸੌਦਾ, ਮਖਤੂਤਾ, ਓਲੇ, ਚੁਵੜੀ, ਪਾਂਡੂ ਲਿਪੀ, ਮੈਨਯੁ ਸੁਕ੍ਰਿਪਟ ਆਦਿ ਦੀ ਸੰਗਿਆ ਵੀ ਦਿੱਤੀ ਜਾਂਦੀ ਹੈ। ਗੁਰਮੁਖੀ ਗ੍ਰੰਥਾਂ ਤੋਂ ਇਲਾਵਾ ਸੰਤਾਂ, ਭਗਤਾਂ, ਸੂਫ਼ੀਆਂ ਆਦਿ ਦਾ ਕਲਾਮ ਵੀ ਵਧੀਕ ਮਾਤਰਾ ਵਿਚ ਲਿਖਿਆ ਗਿਆ ਹੈ, ਜੋ ਗੁਰਮੁਖੀ ਲਿਖਾਰੀਆਂ ਨੇ ਸੰਭਾਲ ਕੇ ਰੱਖਿਆ ਹੈ। ਪੁਰਾਤਨ ਲਿਖਾਰੀ ਤੱਪ-ਸਾਧਨਾਂ ਵਾਲੇ ਗਹਿਰ-ਗੰਭੀਰ, ਸਿਆਣੇ, ਸੁੱਚਜੇ ਅਤੇ ਕਲਾਕਾਰੀ ਸਿਫ਼ਤਾਂ ਦੇ ਮਾਲਕ ਹੋਣ ਕਰਕੇ ਸਖ਼ਤ ਮਿਹਨਤ ਕਰਦੇ ਸਨ।

ਮਨੁੱਖੀ ਸਰੀਰ ਵਾਂਗ ਹੱਥ-ਲਿਖਤਾਂ ਵੀ ਪੰਜ ਤੱਤਾਂ ਨਾਲ ਸਾਕਾਰ ਹੁੰਦੀ ਹੈ ਜਿਵੇਂ ਕਾਗਜ਼, ਕਲਮ, ਸਿਆਹੀ, ਦਵਾਤ ਤੇ ਲਿਖਾਰੀ। ਗੁਰੂ ਨਾਨਕ ਸਾਹਿਬ ਦਾ ਬਚਨ ਹੈ:-

> ਧੰਨੁ ਸੁ ਕਾਗਦੁ ਕਲਮ ਧੰਨੁ ਧੰਨ ਭਾਂਡਾ ਧਨ ਮਸੁ ॥
> ਧਨੁ ਲੇਖਾਰੀ ਨਾਨਕਾ, ਜਿਨਿ ਨਾਮ ਲਿਖਾਇਆ ਸਚੁ ॥

(ਗੁਰੂ ਗ੍ਰੰਥ ਸਾਹਿਬ)

ਕਰਤਾਰਪੁਰ ਦੀ ਪਵਿੱਤਰ ਧਰਤੀ ਤੇ ਗੁਰੂ ਸਾਹਿਬ ਕੋਲ ਕਈ ਲਿਖਾਰੀ ਬਾਣੀ ਲਿਖਣ ਦੀ ਸੇਵਾ ਕਰਦੇ ਰਹੇ ਜਿਨ੍ਹਾਂ ਵਿੱਚ ਪ੍ਰਮੁੱਖ ਸਨ ਪੈੜਾ ਮੋਖਾ, ਹਸੂ ਲੁਹਾਰ, ਭਗੀਰਥ, ਸ਼ੀਹਾਂ ਛੀਂਬਾ, ਮਨਸੁਖ, ਸੈਦੋ ਘੇਉ ਆਦਿ। ਇਹ ਉਹ ਸਮਾਂ ਸੀ ਜਦੋਂ ਲਿਖਾਰੀਆਂ ਨੇ ਕਰਮਕਾਂਡੀ ਗ੍ਰੰਥਾਂ ਦੀ ਲਿਖਾਈ ਨੂੰ ਇਕ ਪਾਸੇ ਰੱਖ ਕੇ ਗੁਰੂ-ਬਾਣੀ ਤੇ ਸੰਤ ਬਾਣੀ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ। ਕਈ ਵੇਰਾਂ ਸੁਚੇਤ ਲਿਖਾਰੀ ਹੋਣ ਦੇ ਬਾਵਜੂਦ ਨਕਲ ਕਰਨ ਵਾਲਿਆਂ ਕੋਲੋਂ-ਅਨੇਕਾਂ ਗ਼ਲਤੀਆਂ ਵੀ ਦ੍ਰਿਸ਼ਟੀਗੋਚਰ ਹੋ ਜਾਂਦੀਆਂ ਸਨ। ਇਨ੍ਹਾਂ ਮੂਲ ਪਾਠਾਂ ਨੂੰ ਜਾਣਬੁੱਝ ਜਾਂ ਸਹਿਜ-ਸੁਭਾ ਹੀ ਅੱਖਰ ਬਦਲਣ ਕਾਰਨ 'ਵਾਕ-ਵੱਜਰ' ਕਿਹਾ ਜਾਂਦ ਹੈ। ਇਸ ਨੂੰ ਬਾਅਦ ਵਿੱਚ 'ਪਾਠ-ਵਿਧੀ' ਦੀ ਸੰਗਿਆ ਦਿੱਤੀ ਗਈ। ਉਤਾਰਾ ਕਰਨ ਵਾਲਿਆਂ ਪ੍ਰਾਚੀਨ ਲੇਖਕਾਂ ਨੂੰ 'ਲਿਪਿਕ' ਆਖਿਆ ਜਾਂਦਾ ਸੀ। ਫ਼ਾਰਸੀ ਵਾਲੇ 'ਖੁਸ਼ਨਵੀਸ' ਜਾਂ 'ਨਵੀਸਿੰਦਾ', ਅਰਬੀ ਵਾਲੇ 'ਕਾਤਿਬ' ਅਤੇ ਪੰਜਾਬੀ ਵਾਲੇ 'ਲਿਖਾਰੀ' ਆਖਦੇ ਹਨ।

- ਧਨੁ ਲਿਖਾਰੀ ਨਾਨਕਾ, ਪਿਆਰੇ, ਸਾਚੁ ਲਿਖੈ ਉਰ ਧਾਰਿ।
- ਕਾਗਦ ਕਲਮੁ ਨ ਲਿਖਣਹਾਰੁ।
- ਆਪੇ ਲੇਖਣਿ ਆਪ ਲਿਖਾਰੀ।

ਇੰਝ 'ਲਿਖਾਰੀ' ਜਾਂ 'ਲਿਪਿਕ' ਕਿਸੇ ਰਚਨਾ ਦੀ ਨਕਲ ਤਿਆਰ ਕਰਨਵਾਲੇ ਦਾ ਬੋਧ ਕਰਾਉਂਦਾ ਹੈ। 'ਲਿਪਿਕ' ਦੇ ਉਪਕਰਣ ਬਾਰੇ ਡਾ. ਗੋਵਿੰਦ ਨਾਥ ਰਾਜਗੁਰੂ[1] ਤਿੰਨ ਪ੍ਰਮੁੱਖ ਨੁੱਕਤੇ ਦੱਸਦਾ ਹੈ:-

(ੳ) **ਲਿਪੀ-ਆਸਨ:-** ਲਿਪੀ ਦੇ ਮਾਧਿਅਮ ਤੋਂ 'ਪਾਠ' ਨੂੰ ਜਿਸ ਆਸਨ (ਕਾਗਜ਼, ਭੋਜ-ਪੱਤਰ, ਧਾਤੂ, ਪੱਥਰ, ਕਪੜਾ, ਚਮੜੇ ਆਦਿ) ਉੱਤੇ ਸਜਾਇਆ ਜਾਂਦਾ ਹੈ, ਉਸ ਨੂੰ 'ਲਿਪੀ-ਆਸਨ' ਕਿਹਾ ਜਾਂਦਾ ਹੈ। ਪਾਠ ਦੀ ਪਰਮਾਣਕਤਾ ਲਿਪੀ-ਆਸਨ ਦੀ ਜਾਂਚ ਪੜਤਾਲ ਦੁਆਰਾ ਸਿਧ ਕੀਤੀ ਜਾਂਦੀ ਹੈਂ।

(ਅ) **ਲੇਖਣੀ (ਕਲਮ):-** ਲਿਪੀ ਕਰਮ ਨਾਲ ਸੰਬੰਧਿਤ ਹੋਣ ਕਰ ਕੇ ਲੇਖਣੀ ਨੂੰ ਵੀ ਬਹੁਤ ਸਨਮਾਨ ਦਿੱਤਾ ਗਿਆ। ਪਾਠ ਨੂੰ ਇਕ ਆਕਾਰ ਦੇਣ ਕਾਰਨ ਲੇਖਣੀ ਦੀ ਮਹਿਮਾਂ ਬਹੁਤ ਥਾਵਾਂ ਤੋਂ ਮਿਲਦੀ ਹੈ।

(ੲ) **ਮਸੀ (ਸਿਆਹੀ):-** ਮਸੀ ਬਣਾਉਣ ਦੇ ਕਿੰਨੇ ਹੀ ਨੁਸਕੇ ਹੱਥ-ਲਿਖਤਾਂ ਵਿਚ ਮਿਲਦੇ ਹਨ। ਹੱਥ-ਲਿਖਤਾਂ ਦੇ ਖੋਜੀਆਂ ਨੇ ਮਸੀ ਬਾਰੇ ਅਨੇਕਾਂ ਹੱਥਾਂ ਦਾ ਪਤਾ ਲਗਾਇਆ ਹੈ। ਸਿਆਹੀ ਦੀ ਸੂਖਮ ਜਾਂਚ ਪੜ੍ਹਤਾਲ ਤੋਂ ਵੀ ਪਾਠ ਦੀ ਪਰਮਾਣਕਤਾ ਸਿਧ ਕੀਤੀ ਜਾਂਦੀ ਹੈ।

'ਪਾਠ' ਨੂੰ ਨਿਸ਼ਚਤ ਆਕਾਰ (ਰੂਪ) ਦੇ ਕੇ ਸੁਰਖਿਅਤ ਰੱਖਣਾ ਹੀ ਲਿਖਾਰੀ ਦਾ ਮੁੱਖ ਟੀਚਾ ਹੁੰਦਾ ਹੈ। ਇਸ ਲਈ ਲਿਖਾਰੀ ਨੂੰ ਸਰਕਾਰੀ ਜਾਂ ਗੈਰ-ਸਰਕਾਰੀ ਤੌਰ ਤੇ ਮਾਣ-ਸਨਮਾਨ ਮਿਲਦੇ ਰਹਿੰਦੇ ਹਨ। ਡਾ. ਐਮ.ਐਸ. ਕਾਤਰੇ[2] ਅਨੁਸਾਰ 'ਲਿਪਿਕ' ਆਮ ਕਰਕੇ ਹੱਥ-ਲਿਖਤ ਦਾ 93% ਭਾਗ ਹੀ ਪਰਿਸਤੁਤ ਕਰਦਾ ਹੈ। ਇਕੋ ਹੀ ਹੱਥ-ਲਿਖਤ ਦਾ ਚੋਥਾ ਭਾਗ 'ਲਿਪਿਕ' ਮੂਲ-ਪਾਠ ਦੇ 28% ਭਾਗ ਨੂੰ ਜਾਂ ਤਾਂ ਛੱਡ

ਜਾਂਦਾ ਹੈ ਜਾਂ ਮਿਟਾ ਦਿੰਦਾ ਹੈ ਜਾਂ ਉਸ ਵਿੱਚ ਕਈ ਤਰ੍ਹਾਂ ਦਾ ਰਲਾ ਪਾ ਦਿੰਦਾ ਹੈ। ਇਸ ਤਰ੍ਹਾਂ ਹੱਥ-ਲਿਖਤ ਆਪਣੇ ਮੂਲ ਰੂਪ ਤੋਂ ਕਿਤੇ ਦੂਰ ਜਾ ਪੈਂਦੀ ਹੈ। ਉਸ ਦੇ ਮੂਲ ਰੂਪ ਨੂੰ ਲੱਭਣ ਲਈ ਵਿਚਾਰ ਅਧੀਨ ਹੱਥ-ਲਿਖਤਾਂ ਦੀਆਂ ਵੱਖਰੀਆਂ ਵੱਖਰੀਆਂ ਕਾਪੀਆਂ ਦੀ ਖੋਜ ਕਰਨਾ ਅਨਿਵਾਰੀ ਹੋ ਜਾਂਦਾ ਹੈ।

ਹੱਥ-ਲਿਖਤਾਂ ਦੀ ਸੰਪਾਦਨਾ ਸਮੇਂ ਜੋ ਨੁਕਤੇ ਘੋਖਣ ਵਿਚ ਆਉਂਦੇ ਹਨ, ਉਨ੍ਹਾਂ ਵਿੱਚ ਵਿਸ਼ੇਸ਼ ਹਨ ਲਿਪੀ-ਆਸਨ, ਲਿਪੀ, ਵਿਸ਼ੈ-ਵਸਤੂ, ਲਿਖਤਾਂ ਦੀ ਖੋਜ, ਪਾਠ ਭੇਦ, ਕੁਰਸੀਨਾਮੇ ਆਦਿ। ਜਦੋਂ ਕੋਈ ਹਿੰਦੂ ਜਾਂ ਸਿੱਖ ਲਿਖਾਰੀ ਕਿਸੇ ਰਚਨਾ ਦਾ ਉਤਾਰਾ ਆਰੰਭ ਕਰਦੇ ਤਾਂ ਉਹ 'ਸ੍ਰੀ ਗਣਸ਼ੇਯ ਨਮਹ' ਜਾਂ '੧ੴ ਸਤਿਗੁਰ ਪ੍ਰਸਾਦਿ' ਲਿੱਖਦੇ ਅਤੇ ਫ਼ਾਰਸੀ ਗ੍ਰੰਥਾਂ ਵਾਲੇ 'ਬਾ-ਫ਼ਜ਼ਲ ਅਕਾਲ ਪੁਰਖ ਜੀਉ ਕਾ' ਜਾਂ 'ਸ੍ਰੀ ਵਾਹਿਗੁਰੂ ਜੀ ਸਹਾਇ' ਲਿੱਖਦੇ ਅਤੇ ਮੁਸਲਮਾਨ ਲਿਖਾਰੀ ਕਲਮੇ 'ਬਿਸਮਿਲਾ-ਓ-ਰਹਿਮਾਨ ਰਹੀਮ' ਆਦਿ ਨਾਲ ਰਚਨਾਵਾਂ ਸ਼ੁਰੂ ਕਰਦੇ ਸਨ। ਮੌਖਿਕ-ਰਚਨਾਵਾਂ ਨੂੰ ਜਦੋਂ ਲਿਖਤੀ ਰੂਪ ਰਾਹੀਂ ਸਾਕਾਰ ਕੀਤਾ ਜਾਂਦਾ ਤਾਂ ਅਨੇਕਾਂ ਅੱਖਰਾਂ, ਸ਼ਬਦਾਂ, ਪਦਾਂ, ਮਾਤਰਾਵਾਂ ਆਦਿ ਵਿਚ ਕੁਦਰਤੀ ਪ੍ਰਵਰਤਨ ਆ ਜਾਂਦਾ ਸੀ। ਇੰਝ ਨਕਲ-ਦਰ-ਨਕਲ ਕੀਤੀਆਂ ਕਾਪੀਆਂ ਵਿਚ ਬੇਸ਼ੁਮਾਰ ਗਲਤੀਆਂ ਵਿਦਮਾਨ ਹੁੰਦੀਆਂ। ਇਹ ਹੱਥ-ਲਿਖਤਾਂ ਸੰਜੋਗਾਤਮਕ ਸ਼ੈਲੀ ਤੇ ਕੇਂਦਰਿਤ ਹੁੰਦੀਆਂ ਅਤੇ ਸ਼ਬਦ ਜੋੜਵੇਂ ਹੁੰਦੇ। ਇਸ ਵਿਧੀ ਵਿਚ ਕੇਵਲ ਪੋਥੀਆਂ ਹੀ ਨਹੀਂ ਸਗੋਂ ਹੁਕਮਨਾਮੇ ਅਤੇ ਹੋਰ ਦਸਤਾਵੇਜ਼ ਵੀ ਅਗਰਸਰ ਸਨ। ਇਸ ਵਿਧੀ ਰਾਹੀਂ 1867 ਈਂ ਦਾ ਪਹਿਲਾ ਪੰਜਾਬੀ ਅਖ਼ਬਾਰ 'ਸ੍ਰੀ ਦਰਬਾਰ ਸਾਹਿਬ'[3] ਪੱਥਰ ਛਾਪ ਰਾਹੀਂ ਛੱਪਣਾ ਸ਼ੁਰੂ ਹੋਇਆ।

ਪੰਜਾਬੀ ਭਾਸ਼ਾ ਦਾ ਹੱਥ-ਲਿਖਤ ਸਾਹਿਤ, ਪੰਜਾਬੀ ਸਾਹਿਤ ਦੀ ਤਵਾਰੀਖ਼ੀ ਬੇਸ਼ਕੀਮਤੀ ਨਿੱਧੀ ਹੈ, ਇਸ ਤੋਂ ਬਗੈਰ ਸਾਹਿਤਕ ਤਵਾਰੀਖ਼ ਦਾ ਸਹੀ ਪੈਰਾਡਾਇਮ ਸਾਡੇ ਸਾਹਮਣੇ ਨਹੀਂ ਆ ਸਕਦਾ। ਇਸ ਸਾਹਿਤ ਦਾ ਨਿਮਖ ਹਿੱਸਾ ਹੀ ਪ੍ਰਕਾਸ਼ ਰੂਪ ਵਿਚ ਸਾਡੇ ਸਾਹਮਣੇ ਆਇਆ ਹੈ। ਪ੍ਰੋ. ਸੁਰਿੰਦਰ ਸਿੰਘ ਕੋਹਲੀ ਅਨੁਸਾਰ, "ਪੰਜਾਬੀ ਦੀਆਂ ਕੁਲ ਹੱਥ-ਲਿਖਤ ਪੁਸਤਕਾਂ ਜੋ ਪੰਜਾਬ ਦੇ ਵੱਖ-ਵੱਖ ਸਰਕਾਰੀ ਤੇ ਗੈਰ-ਸਰਕਾਰੀ ਅਥਵਾ ਨਿੱਜੀ ਪੁਸਤਕਾਲਿਆਂ ਵਿੱਚ ਅਥਵਾ ਪੰਜਾਬ ਤੋਂ ਬਾਹਰ ਦੇਖਣ ਵਿਚ ਆਈਆਂ ਹਨ, ਉਹ ਪੰਜ ਹਜ਼ਾਰ ਤੋਂ ਉਪਰ ਹਨ, ਜਿਨ੍ਹਾਂ ਵਿੱਚੋਂ 3176 ਪੁਸਤਕਾਂ ਦੀ ਇਕ ਵੇਰਵੇ ਸਹਿਤ ਸੂਚੀ ਸਰਕਾਰ ਪੰਜਾਬ ਵੱਲੋਂ ਉਤਸ਼ਾਹ ਮਿਲਣ ਤੇ ਮਹਿਕਮਾ ਪੰਜਾਬੀ (ਪਿਛੋਂ ਭਾਸ਼ਾ ਵਿਭਾਗ, ਪੰਜਾਬ) ਦੇ ਅਧੀਨ ਵੱਡੇ ਵੱਡੇ ਦੋ ਭਾਗਾਂ ਵਿਚ ਛੱਪ ਕੇ ਪ੍ਰਕਾਸ਼ਿਤ ਹੋ ਗਈ ਹੈ। ਬਾਕੀ ਦੋ ਕੁ ਹਜ਼ਾਰ ਹੱਥ-ਲਿਖਿਤ ਪੁਸਤਕਾਂ ਦੇ ਵੇਰਵੇ, ਜਿਨ੍ਹਾਂ ਵਿਚ ਭਾਰਤ ਤੋਂ ਬਿਨ੍ਹਾਂ ਪੱਛਮੀ ਪੰਜਾਬ (ਪਾਕਿਸਤਾਨ) ਦੀਆਂ ਗੁਰਮੁਖੀ ਤੇ ਪੰਜਾਬੀ ਅਥਵਾ ਇਸਲਾਮੀ ਅਦਬ ਦੀਆਂ ਹੱਥ ਲਿਖਿਤ ਪੁਸਤਕਾਂ ਦੇ ਵੇਰਵੇ ਸ਼ਾਮਿਲ ਹੋਣੇ ਜ਼ਰੂਰੀ ਹਨ, ਅਜੇ ਤਿਆਰ ਹੋਣੇ ਬਾਕੀ ਹਨ। ਉਹ ਇਸੇ ਲੜੀ ਦੀ ਤੀਜੀ ਪੁਸਤਕ ਹੋ ਸਕਦੀ ਹੈ। ਇਸੇ ਤਰ੍ਹਾਂ ਪੰਜਾਬੀ ਹੱਥ-ਲਿਖਤ ਪੁਸਤਕਾਂ ਦੀ ਇਕ ਮੁਕੰਮਲ ਸੂਚੀ ਤਿਆਰ ਹੋਵੇ ਤੋਂ ਬਗੈਰ ਪੰਜਾਬੀ ਸਾਹਿਤ ਦੇ ਖੋਜੀਆਂ ਤੇ ਆਲੋਚਕਾਂ ਲਈ ਇਹ ਪਤਾ ਲੱਗਣਾ ਇਕ ਔਖੀ ਜੇਹੀ ਗੱਲ ਹੈ ਕਿਹੜੀ

ਕਿਹੜੀ ਪੁਸਤਕ ਕਿਤਨੀ ਜ਼ਰੂਰੀ ਹੈ ਤੇ ਉਹ ਉਨ੍ਹਾਂ ਨੂੰ ਕਿਥੋਂ ਮਿਲ ਸਕਦੀ ਹੈ, ਤਾਂ ਕਿ ਉਹ ਉਸੇ ਸਮੇਂ ਬਾਰੇ ਦਿਲਖੋਲ ਕੇ ਕੁੱਝ ਠੋਸ ਕੰਮ ਕਰ ਸਕਣ।[4]

ਗੁਰਮੁਖੀ ਦੀਆਂ ਹੱਥ-ਲਿਖਤਾਂ ਨੂੰ ਵਿਦਵਾਨਾਂ ਸਮੁੱਚੇ ਤੌਰ ਤੇ ਬੋਲੀ ਦੇ ਨੁਕਤੇ-ਨਿਗਾਹ ਤੋਂ ਵੰਡ ਕੀਤੀ ਹੈ। 40 ਫ਼ੀਸਦੀ ਸਧੂਕੜੀ ਬੋਲੀ ਵਿਚ, ਜਿੱਥੇ ਕੁੱਝ ਹਿੱਸਾ ਬ੍ਰਜ ਭਾਸ਼ਾ ਦੇ ਸਾਹਿਤ, 40 ਫ਼ੀਸਦੀ ਸ਼ੁੱਧ ਤੇ ਠੇਠ ਪੰਜਬੀ ਵਿਚ ਅਤੇ 20 ਫ਼ੀਸਦੀ ਸੰਸਕ੍ਰਿਤ, ਉਰਦੂ-ਫ਼ਾਰਸੀ, ਹਰਿਆਣੀ, ਬਾਂਗਰੂ ਤੇ ਰੇਖਤੇ ਦੀ ਬੋਲੀ ਵਿਚ ਮੰਨਿਆ ਹੈ। ਪੰਜਾਬੀ ਦਾ ਗੁਰਮੁਖੀ ਹੱਥ-ਲਿਖਤੀ ਸਾਹਿਤ ਮੌਲਿਕ ਅਤੇ ਅਨੁਵਾਦਿਕ ਹੈ। ਮੌਲਿਕ ਸਾਹਿਤ ਵਿਚ ਸ਼ਬਦ ਸ਼ਲੋਕ ਸ਼ੇਖ ਫ਼ਰੀਦ ਜੀ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਕ੍ਰਿਤ ਵਾਰਾਂ ਤੇ ਕਬਿੱਤ ਸਵੈਯੇ, ਭਾਈ ਘਹਿਲ ਜੀ ਦੇ ਸ਼ਬਦ ਸਲੋਕ, ਵਚਨ ਤੇ ਬਾਰਾਂਮਾਹੇਂ, ਭਾਈ ਸਾਧੂ ਜਨ ਦੇ ਸ਼ਬਦ ਸਲੋਕ, ਦਮੋਦਰ ਜੀ ਦੀ, ਭਗਤ ਜਲ੍ਹਣ ਦੀ ਬਾਣੀ, ਹੀਰ ਅਹਿਮਦ ਗੁੱਜਰ, ਮੁਕਬਿਲ ਹੀਰ ਵਾਰਿਸ ਆਦਿ ਰਚਨਾਵਾਂ ਤੇ ਕਾਵਿ-ਪੁਸਤਕਾਂ ਸ਼ਾਮਿਲ ਹਨ। ਤੇ ਅਨੁਵਾਦਿਕ ਸਾਹਿਤ ਵਿਚ ਭਾਈ ਸਾਧੂ ਜਨ ਦਾ ਮਹਾਂ ਭਾਰਤ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਰਾਮ, ਸ਼ਿਆਮ, ਟਹਿਕਨ, ਅਣੀ ਰਾਇ, ਅੰਮ੍ਰਿਤ ਰਾਇ, ਹੰਸਰਾਜ਼ ਕੁੰਵਰੇਸ਼, ਮੰਗਲ ਆਦਿ ਦੀਆਂ ਮਹਾਨ ਰਚਨਾਵਾਂ, ਸ੍ਰੀ ਆਨੰਦਪੁਰ ਸਾਹਿਬ ਦੇ ਅੰਤਿਮ ਯੁੱਧ ਸਮੇਂ ਲੁਪਤ ਹੋਇਆ ਨੌਂ ਮਣ ਪੱਕੇ ਦਾ ਵਿਦਿਆਧਰ ਗ੍ਰੰਥ ਆਦਿ ਗਿਣੀਆਂ ਜਾ ਸਕਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਕਵੀਆਂ ਦਾ ਅਨੁਵਾਦਿਕ ਮਹਾਂ ਭਾਰਤ, ਜੋ ਇਸ ਸਮੇਂ ਮਹਾਰਾਜਾ ਪਟਿਆਲਾ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ[5], ਇਕੋ ਇਕ ਕਾਵਿ-ਪੁਸਤਕ ਹੈ, ਜਿਸ ਦੀ ਦੂਜੀ ਪ੍ਰਤੀ ਕਿਸੇ ਵੀ ਪੁਸਤਕਾਲੇ ਵਿਚ, ਅਜੇ ਤੱਕ ਦੇਖਣ ਵਿਚ ਨਹੀਂ ਆਈ।

ਪੁਰਾਤਨ ਸਮੇਂ ਤਾਂ ਗਿਆਨ ਦਾ ਸੋਮਾਂ ਹੀ ਮੌਖਿਕ ਤੋਂ ਹੋ ਕੇ ਹੱਥ-ਲਿਖਤਾਂ ਤੱਕ ਪੁਜਿਆ ਹੈ। ਉਨ੍ਹਵੀਂ ਸਦੀ ਦੇ ਸ਼ੁਰੂ ਵਿੱਚ ਟਾਇਪ-ਰਾਇਟਰ ਦੇ ਹੋਂਦ ਵਿਚ ਆਣ ਨਾਲ, ਲਿਖਾਰੀਆਂ ਦੀ ਬਹੁ-ਸੰਖਿਆ ਆਲੋਪ ਹੋ ਗਈ ਹੈ। ਅਜੋਕੇ ਸਮੇਂ ਤਾਂ ਕਿਤਾਬ ਛਾਪਣ ਵਾਸਤੇ,ਹੱਥ-ਲਿੱਖਤ ਹੀ ਪ੍ਰਕਾਸ਼ਨ ਲਈ ਭੇਜੀ ਜਾਂਦੀ ਹੈ। ਹੱਥ-ਲਿਖਤਾਂ ਦੀ ਲਿਖਣਕਾਰੀ ਬਹੁਤ ਮਿਹਨਤ ਅਤੇ ਸਮੇਂ ਦੀ ਮੰਗ ਕਰਦੀ ਹੈ ਜੋ ਮਹੀਨੇ/ਸਾਲਾਂ ਤੱਕ ਮੁਕੰਮਲ ਹੁੰਦੀ ਸੀ। ਕਈ ਹੱਥ-ਲਿਖਤਾਂ ਤਾਂ ਬੇਸ਼ਕੀਮਤੀ ਸਰਮਾਇਆ ਹੁੰਦੀਆਂ ਹਨ, ਕਿਉਂਕਿ ਉਨ੍ਹਾਂ ਵਿਚ ਚਿੱਤਰਕਾਰੀ/ਚਿੱਤਰ ਉੱਕਰੇ ਹੁੰਦੇ ਹਨ।ਇਹ ਪੰਨੇ ਰੰਗ-ਬਰੰਗੇ, ਵੱਖਰੀਆਂ ਸਿਹਾਈਆਂ, ਵੱਡ ਆਕਾਰੀ ਸ਼ਬਦਾਂ, ਗੂੜੇ ਰੰਗਾਂ, ਪੂਰੇ ਸਫ਼ੇ ਵਾਲੇ ਚਿੱਤਰ ਆਦਿ ਜਿੱਥੇ ਮਿਹਨਤ ਅਜਿਹੀਆਂ ਹੱਥ-ਲਿਖਤਾਂ ਨੂੰ ਚਾਰ-ਚੰਨ ਲਾਉਂਦੇ ਹਨ। ਅਜੋਕੇ ਸਮੇਂ ਕਾਗਜ਼ ਅਤੇ ਸਿਹਾਈ ਦੀ ਵਧੀਕ ਕੀਮਤਾਂ ਕਰ ਕੇ ਦੱਖਣੀ ਏਸ਼ੀਆਂ ਵਿੱਚ ਹੱਥ-ਲਿਖਤਾਂ ਨੂੰ ਥਾਂ ਛੱਡ ਕੇ ਲਿਖਿਆ ਜਾਂਦਾ ਹੈ ਜੋ ਕਿ ਪੜ੍ਹਨ ਵਾਲਿਆਂ ਲਈ ਬੜੀਆਂ ਕਠਨਾਈਆਂ ਉਤਪੰਨ ਕਰਦੀਆਂ ਹਨ। ਹੱਥ-ਲਿਖਤਾਂ ਸਾਹਿਤ ਦੇ ਹੋਰ ਖ਼ਜ਼ਾਨਿਆਂ ਵਾਂਗ ਹੀ ਇੱਕ ਅਹਿਮ ਖਜ਼ਾਨਾ ਹੈ। ਇਨ੍ਹਾਂ ਹੱਥ-ਲਿਖਤਾਂ ਦਾ ਆਪਣਾ ਵੱਖਰਾ ਇਤਿਹਾਸ ਹੈ। ਹੱਥ ਲਿੱਖਤਾਂ ਜ਼ਿੰਦਾ ਦਿਲ ਸਾਹਿਤ ਦੀ ਅਜਿਹੀ ਪੂੰਜੀ ਹੈ ਜੋ ਸਾਨੂੰ ਸਮੇਂ ਦੇ

ਸ਼ਿਲਾਲੇਖਾਂ, ਸਭਿਆਤਾਵਾਂ ਦੇ ਘੇਰੇ ਬਾਰੇ, ਇਤਿਹਾਸ, ਕਲਾ, ਲਿਖਾਈ, ਖੁਸ਼ਨਵੀਸੀ, ਭਾਸ਼ਾ, ਸਮਾਜਿਕ, ਸਿਆਸੀ ਤੇ ਆਰਥਿਕ ਸੰਕੇਤਾਂ ਦਾ ਵਿਵਰਣ ਦੱਸਦੀ ਹੈ।

ਕਈ ਹੱਥ-ਲਿਖਤਾਂ ਖੰਡਿਤ ਰੂਪ ਵਿਚ ਆਮ ਦੇਖਣ ਵਿਚ ਆਉਂਦੀਆਂ ਹਨ ਜਿਨ੍ਹਾਂ ਦੇ ਕੁੱਝ ਅੰਕ ਆਲੋਪ ਜਾਂ ਭੁਰਭੁਰੀ ਕਾਰਨ ਕਾਗਜ਼ ਜਾਂ ਭੋਜ-ਪੱਤਰ ਨਸ਼ਟ ਹੋ ਚੁੱਕਿਆ ਹੁੰਦਾ ਹੈ। ਡਾ.ਸਤਯੇਂਦਰ[6] ਅਨੁਸਾਰ ਪਾਠ ਵਿਗਾੜ ਦੇ ਕੁੱਝ ਕਾਰਨ ਨਿਸ਼ਚਿਤ ਕੀਤੇ ਹਨ ਜਿਵੇਂ ਜਾਣਬੁਝ ਕੇ, ਅਣਜਾਣੇ ਅਤੇ ਜਾਣੇ-ਅਣਜਾਣ। ਪਰ ਡਾ. ਐਮ.ਐਸ. ਕਾਤਰੇ[7] ਵਿਦਵਾਨ ਅਨੁਸਾਰ ਪਾਠ ਜਾਂ ਅਸ਼ੁਧੀਆਂ ਦੀ ਵਿਕਰਤੀ ਦੇ ਪ੍ਰਮੁੱਖ ਕਾਰਨ ਭਰਾਤੀਆਂ (Confusion), ਲੋਪ (Omissions) ਅਤੇ ਵਾਧਾ (Additions) ਮੰਨਿਆ ਜਾਂਦਾ ਹੈ। ਹੱਥ-ਲਿਖਤਾਂ ਨੂੰ ਆਮ ਵਿਅਕਤੀ ਹੱਥੋਂ ਖੁਰਦ-ਬੁਰਦ ਹੋਣ ਦਾ ਵਧੇਰੇ ਅੰਦੇਸ਼ਾ ਹੁੰਦਾ ਹੈ। ਇਸ ਲਈ ਯੋਗਤਾ, ਮਹੱਤਤਾ ਤੇ ਪਰਮਾਣਿਕਤਾ ਦੀ ਵਿਸਤਾਰਥ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਹੈ। ਗੁਰਮੁਖੀ ਹੱਥ-ਲਿਖਤਾਂ ਸਾਡੇ ਗੋਰਵਮਈ ਇਤਿਹਾਸਕ ਵਿਰਸੇ ਦਾ ਖਜ਼ਾਨਾ ਹਨ। ਇਸ ਦੇ ਆਸਰੇ ਅਸੀਂ ਧਰਮ, ਕਲਾ, ਸਾਹਿਤ ਨੂੰ ਪ੍ਰਫੁਲਿਤ ਕਰਨ ਵਿਚ ਕਾਮਯਾਬ ਹੁੰਦੇ ਹਾਂ।ਹਿਮਾਲੀਆਂ ਪਹਾੜ ਦੀਆਂ ਉੱਚੀਆਂ ਚੋਟੀਆਂ ਤੇ ਇਕ ਬਿਰਛ 'ਭੂਰਜ' ਆਮ ਹੁੰਦਾ ਹੈ ਜਿਸ ਦੀ ਛਿਲ ਨੂੰ 'ਭੋਜ ਪਤਰ'[8] ਆਖਿਆ ਜਾਂਦਾ ਹੈ। ਚੀਨ ਦਾ ਮਹਾਨ ਯਾਤਰੀ ਐਲ-ਬਰੂਨੀ (1030 ਈ.) ਨੇ ਆਪਣੇ ਸਫ਼ਰਨਾਮੇਂ ਵਿਚ ਲਿਖਿਆ ਹੈ ਕਿ ਉੱਤਰੀ ਹਿੰਦ ਦੇ ਲੋਕ ਤੂਜ਼ (ਭੋਜ) ਦੀ ਛਿੱਲ ਉੱਤੇ ਲਿਖਦੇ ਹਨ। ਇਹੋ ਕਾਰਨ ਹੈ ਕਿ ਭੋਜ-ਪਤਰਾਂ ਉੱਤੇ ਲਿਖੀਆਂ ਬਹੁਤੀਆਂ ਹੱਥ-ਲਿਖਤਾਂ ਕਸ਼ਮੀਰ ਵਿਚੋਂ ਮਿਲੀਆਂ ਹਨ। ਗੌਰੀ -ਸ਼ੰਕਰ ਹੀਰਾ ਚੰਦ ਉਝਾ' ਅਨੁਸਾਰ ਸੱਭ ਤੋਂ ਪੁਰਾਣਾ ਗ੍ਰੰਥ ਖਰੋਸ਼ਠੀ ਲਿਪੀ ਵਿਚ ਭੋਜਪੱਤਰ ਉੱਤੇ ਲਿਖੀ ਬੋਧੀ ਹੱਥ-ਲਿਖਤ 'ਗਾਧਾਰੀ ਧੰਮਪਦ' ਦਾ ਕੁੱਝ ਹਿਸ ਹੈ। ਇਹ ਖੁਤਾਨ ਤੋਂ ਮਿਲਿਆ ਸੀ ਜੋ ਸਤੂਪ ਦੇ ਪੱਥਰ ਹੇਠ ਰਹਿਣ ਕਰਕੇ ਬਚਿਆ ਰਿਹਾ। ਇਸ ਦਾ ਲਿੱਖਣਕਾਲ ਦੂਜੀ ਤੀਜੀ ਸਦੀ ਅਨੁਮਾਨਿਆ[9] ਗਿਆ ਹੈ। ਮੁਗਲਾਂ ਦੇ ਸਮੇਂ ਤੋਂ ਕਸ਼ਮੀਰ ਵਾਲੇ, ਭੁਰਜਪੱਤਰ ਦੀਆਂ ਪੁਸਤਕਾਂ ਉੱਪਰ ਵਰਤਮਾਨ ਕਿਤਾਬਾਂ ਦੀ ਤਰ੍ਹਾਂ ਚਮੜੇ ਦੀਆਂ ਜਿਲਦਾਂ ਦੀ ਬੰਨ੍ਹਣ ਲੱਗ ਪਏ ਸਨ। ਕਾਗਜ਼ ਉਪਰ ਲਿਖੀਆਂ ਹੋਈਆਂ ਪੁਸਤਕਾਂ ਵਿੱਚ, ਜਿਹੜੀਆਂ ਅਜ ਤੀਕ ਇਸ ਦੇਸ਼ ਅੰਦਰ ਮਿਲੀਆਂ ਹਨ ਸਭ ਤੋਂ ਪੁਰਾਣੀ ਈਸਵੀਂ ਸੰਨ 1223-24 [10] ਦੀਆਂ ਦੱਸੀਆਂ ਜਾਂਦੀਆਂ ਹਨ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਚੀਨੀ-ਯਾਤਰੂ ਹਿਊਨਸਾਂਗ 657 ਹੱਥ-ਲਿੱਖਤਾਂ ਖਚਰਾਂ ਉੱਤੇ ਲੱਦ ਕੇ ਚੀਨ ਲੈ ਗਿਆ ਸੀ। ਅੱਜ ਵੀ ਇਕ ਹਜ਼ਾਰ (1000) ਤੋਂ ਵਧੀਕ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿੱਖਤ ਬੀੜਾਂ ਅੰਮ੍ਰਿਤਸਰ, ਪਟਨਾ ਸਾਹਿਬ, ਦਮਦਮਾ ਸਾਹਿਬ, ਬਨਾਰਸ, ਹਜ਼ੂਰ ਸਾਹਿਬ, ਜੰਮੂ ਕਸ਼ਮੀਰ, ਲੰਡਨ, ਕਾਬਲ ਅਤੇ ਨਿੱਜੀ ਪੁਸਤਕਾਲਿਆਂ ਆਦਿ ਵਿਚ ਸੁਰਖਿੱਅਤ ਪਈਆਂ ਹਨ। ਗੁਰੂ ਨਾਨਕ ਆਸ਼ਰਮ ਚਕਾਰ (ਕਸ਼ਮੀਰ) ਵਿੱਚ ਅਕਾਲੀ ਕੌਰ ਸਿੰਘ ਜੀ ਨੇ 52 ਹੱਥ-ਲਿਖਤ ਬੀੜਾਂ ਇੱਕਤਰ ਕੀਤੀਆਂ ਹੋਈਆਂ ਸਨ ਜੋ ਸੰਨ ਸੰਤਾਲੀ ਦੇ ਘਲੂਘਾਰੇ ਵਿੱਚ ਅਗਨ ਭੇਟ ਹੋ ਗਈਆਂ ਸਨ। ਪੁਰਾਤਨ ਬੀੜਾਂ ਦੇ ਅਧਿਐਨ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ

ਪੁਰਾਤਨ ਲਿਖਾਰੀ ਬੜੇ ਸੂਝਵਾਨ, ਚੇਤਨ ਅਤੇ ਸੁਚਜੇ ਕਾਲਾਕਾਰਾਂ ਵਾਲੀਆਂ ਜੁਗਤਾਂ ਨਾਲ ਮਾਲੋਮਾਨ ਸਨ ਅਤੇ ਸ਼ਰਧਾਮੂਲਕ ਗੁੜਤੀ ਵਿਚ ਨਿਪੁੰਨ ਹੋ ਕੇ ਤਪਸਵੀਂ ਸਾਧੂਆਂ ਵਾਂਗ ਕਾਜਸ਼ੀਲ ਰਹਿੰਦੇ ਸਨ।

ਜੰਮੂ ਕਸ਼ਮੀਰ ਵਿਚ ਪੰਜਾਬੀ ਸਾਹਿਤ ਦਾ ਆਰੰਭ ਤੇਰਵੀਂ ਸਦੀਂ ਹੀ ਆਖਿਆ ਜਾ ਸਕਦਾ ਹੈ। ਇਸ ਸਦੀ ਦੇ ਕੁੱਝ ਲੋਕਗੀਤ ਅਤੇ ਕਾਵਿ ਬੰਦ, ਸੰਪੂਰਣ ਜਾਂ ਅਸੰਪੂਰਣ ਸਿੱਧ ਕਰਦੇ ਹਨ ਕਿ ਜੰਮੂ ਕਸ਼ਮੀਰ ਵਿਚ ਪੰਜਾਬੀ ਦ ਬੜਾ ਪ੍ਰਯੋਗ ਰਿਹਾ ਹੈ। ਰਾਜਾ ਭਰਥਰੀ, ਜੋ ਮਹਾਂ ਜੋਗੀ ਸੀ ਦੀ ਕਵਿਤਾ ਦਾ ਨਮੂਨਾ ਵੇਖੋ:

"ਉਤ ਘਰ ਜਾਇਓਨੀ ਨੀਂਦੜੀਏ, ਜਿਤ ਘਰ ਰਾਮ ਨਾਮ ਨਹੀਂ ਭਾਵੇ।
ਉਤ ਮਨ ਧਾਇਓ ਨੀ ਨੀਂਦੜੀਏ, ਜੋ ਨਹੀਂ ਰਾਮ ਨਾਮ ਚਿਤ ਲਾਵੇ।
ਸਦਾ ਮਗਨ ਹੂੰ ਨਾਮ ਨਿਦੜਾ, ਔਰ ਨਹੀਂ ਕਿਛੂ ਦੂਜਾ ਕਾਮ।
ਕੇਹ ਭਰਥਰੀ ਸੁਣ ਭਾਈ ਨਿੰਦਾ, ਇਥੇ ਤੇ ਨਹੀਂ ਤੇਰਾ ਬਾਸਾ ਥਾਮ।
ਉਤ ਦਰ ਜਾਇਓ ਵੇ ਨੀਂਦੜੀਏ, ਜਿਤ ਦਰ ਰਾਮ ਨਾਮ ਨਹੀਂ ਧਾਵੈ"।

ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਬੱਡਸ਼ਾਹ ਬਾਦਸ਼ਾਹ ਦੇ ਦਰਬਾਰ (1423-1470 ਈਂ) ਵਿੱਚ ਪੰਜਾਬੀ ਕਵੀ ਮੌਜੂਦ ਸਨ। ਦਾਰਾ ਸ਼ਿਕੋਅ ਦੇ ਦੌਰ (1634-1657 ਈਂ) ਸਮੇਂ ਹੀ ਬਹੁਤੇ ਪੰਜਾਬੀ ਸੂਫ਼ੀ ਕਵੀ ਕਸ਼ਮੀਰ ਦੀ ਧਰਤੀ ਵੱਲ ਆਏ ਸਨ। 1752 ਈਂ ਵਿਚ ਕਸ਼ਮੀਰ ਤੇ ਅਫ਼ਗਾਨਾਂ ਦਾ ਰਾਜ ਹੋਇਆ ਤਾਂ ਅਫ਼ਗਾਨ ਗਵਰਨਰ ਪੰਜਾਬੀ ਰਾਜਾ ਸੁਖਜੀਵਨ ਮੱਲ ਆਪਣੇ ਨਾਲ ਸੈਂਕੜੇ ਸਿੱਖ/ ਹਿੰਦੂ ਫੌਜ਼ੀ ਪੋਠੋਹਾਰ ਆਦਿ ਥਾਵਾਂ ਤੋਂ ਲੈ ਕੇ ਕਸ਼ਮੀਰ ਆਇਆ। ਇਨ੍ਹਾਂ ਪੰਜਾਬੀਆਂ ਨੇ ਬਹੁਤ ਸਾਰਾ ਹੱਥ-ਲਿਖਤ ਪੰਜਾਬੀ ਅਤੇ ਧਾਰਮਿਕ ਸਾਹਿਤ ਆਪਣੇ ਨਾਲ ਲਿਆਏ। ਅਫ਼ਗਾਨ ਦੌਰ ਸਮੇਂ ਹੀ ਸੰਤ ਦਾਸ ਛਿੱਬਰ ਅਤੇ ਕਵੀ ਸੰਤ ਰੈਣ[12] ਦੀਆਂ ਰਚਨਾਵਾਂ ਨੂੰ ਪ੍ਰਸਿੱਧੀ ਮਿਲੀ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਸੇਵਬਕਰ ਪੰਡਤ, ਦੇਵੀ ਦਾਸ ਆਦਿ ਨੇ ਅਨੁਵਾਦ ਦਾ ਸਿਲਸਿਲਾ ਸ਼ੁਰੂ ਕੀਤਾ ਸੀ।

ਗੁਰੂ ਨਾਨਕ ਸਾਹਿਬ ਨੇ ਅਪਣੀ ਤੀਜੀ ਉਦਾਸੀ ਸਮੇਂ (1515-1517 ਈਂ) ਮਟਨ (ਕਸ਼ਮੀਰ) ਵਿਚ ਵੀ ਆਏ ਸਨ। ਇਸੇ ਸਮੇਂ ਗੁਰੂ ਜੀ ਨੇ ਇਕ ਅਧਿਆਤਮਕ ਵਾਰ ਦੀ ਰਚਨਾ ਕੀਤੀ, ਜਿਸ ਨੂੰ ਹੱਥ-ਲਿਖਤ ਸਾਹਿਤ ਦਾ ਪ੍ਰਾਰੰਭਕ ਸੰਕੇਤ ਕਹਿਣਾ ਉਚਿੱਤ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ "ਰਾਗ ਆਸਾ ਮਹਲਾ ੧, ਪਟੀ ਲਿਖੀ" ਇਹ ਬਾਣੀ ਛੋਟੇ ਆਕਾਰ ਦੀ ਹੈ ਅਤੇ ਇਸ ਵਿੱਚ ਗੁਰੂ ਜੀ ਨੇ ਪੰਡਿਤ (ਪਾਂਧੇ) ਦੇ ਜੀਵਨ ਉੱਤੇ ਕਮਾਲ ਦਾ ਕਟਾਖਸ਼ ਕੀਤਾ ਹੈ। ਭਾਸ਼ਾਈ ਦ੍ਰਿਸ਼ਟੀ ਤੋਂ ਪੰਜਾਬੀ ਦੀ ਸਾਧ-ਭਾਖਾ ਹੈ। ਇਹ ਪਟੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ:

ਰਾਗ ਆਸਾ ਮਹਲਾ ੧ ਪਟੀ ਲਿਖੀ।
ੴ ਸਤਿਗੁਰ ਪ੍ਰਸਾਦਿ॥
ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ॥ ੧॥
(ਗੁਰੂ ਗ੍ਰੰਥ ਸਾਹਿਬ, ਅੰਕ 432-35)

ਪਰ ਸਾਡੀ ਬਦਕਿਸਮਤੀ ਹੈ ਕਿ ਗੁਰੂ ਸਾਹਿਬ ਦੇ ਆਪਣੇ ਹੱਥਾਂ ਦੀ ਲਿਖੀ ਪਟੀ ਮੌਜੂਦ ਨਹੀਂ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਇਸ ਪਟੀ ਵਿਚ ਗੁਰੂ ਸਾਹਿਬ ਨੇ ਪੂਰੇ 35 ਅੱਖਰ ਦਿੱਤੇ ਹਨ। ਰਿਆਸਤ ਵਿੱਚ ਜਿਨ੍ਹਾਂ ਹੱਥ-ਲਿਖਤਾਂ ਦਾ ਜ਼ਿਕਰ ਆਉਂਦਾ ਹੈ ਉਨ੍ਹਾਂ ਵਿਚ ਭਾਈ ਸੁਥਰਾ ਸ਼ਾਹ, ਕਰਮ ਸਿੰਘ ਚੌਕੀ, ਕੇਸਰ ਸਿੰਘ ਛਿਬਰ, ਸੰਤ ਦਾਸ ਛਿਬਰ, ਬਾਬਾ ਸਿੱਧ ਨਾਥ, ਸੰਤ ਰੈਣ, ਰਾਜਾ ਰਾਮ ਤੋਤਾ ਕੋਲ ਕਸ਼ਮੀਰੀ, ਗੁਲਾਮ ਨੱਬੀ ਰਸਲੀਨ, ਬਾਬ ਮੌਜ ਸਿੰਘ, ਬਾਬਾ ਬਾਘ ਸਿੰਘ, ਬਾਬਾ ਬਿਸ਼ਨ ਸਿੰਘ, ਬਾਬਾ ਗਨਪਤ ਸਿੰਘ, ਕਵੀ ਦੇਵੀ ਦਾਸ, ਪੰਡਤ ਵਾਸਦੇਵ ਕਸ਼ਮੀਰੀ, ਸੇਵਾ ਸਿੰਘ ਛਿਬਰ, ਅਕਾਲੀ ਕੌਰ ਸਿੰਘ, ਭਾਈ ਸ਼ੇਰ ਸਿੰਘ ਕਸ਼ਮੀਰ ਆਦਿ। ਰਿਆਸਤ ਵਿੱਚ ਜੋ ਹੱਥ-ਲਿੱਖਤਾਂ ਦਾ ਕੰਮ ਕਰਦੇ ਸਨ, ਉਨ੍ਹਾਂ ਨਾਲ ਸ਼ਬਦ 'ਲਿਖਾਰੀ' ਅਜੇ ਤੱਕ ਲਿਖਿਆ ਮਿਲਦਾ ਹੈ ਜਿਵੇਂ ਭਾਈ ਧਰਮ ਸਿੰਘ ਲਿਖਾਰੀ ਸ਼ਾਲਕੋਟ, ਭਾਈ ਦੀਦਾਰ ਸਿੰਘ ਲਿਖਾਰੀ, ਭਾਈ ਭੂਪ ਸਿੰਘ ਲਿਖਾਰੀ, ਪੰਡਤ ਰਾਮਾ ਲਿਖਾਰੀ ਆਦਿ। ਇਨ੍ਹਾਂ ਲਿਖਾਰੀਆਂ ਦੇ ਜ਼ੁਮਰੇ ਵਿਚ ਗ੍ਰੰਥੀ, ਉਦਾਸੀ, ਸਾਧੂ,ਨਿਰਮਲੇ, ਸੇਵਾ ਪੰਥੀ ਆਦਿ ਸ਼ਾਮਿਲ ਸਨ। ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਤੋਂ ਛੁੱਟ ਇਹ ਲਿਖਾਰੀ ਦਸਮ ਗ੍ਰੰਥ, ਦਸ ਗ੍ਰੰਥੀਆਂ, ਪੰਜ ਗ੍ਰੰਥੀਆਂ, ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਕਿੱਸੇ ਆਦਿ ਵੀ ਨਕਲ ਕਰਦੇ ਸਨ। ਭਗਤਾਂ, ਸੂਫ਼ੀਆਂ ਆਦਿ ਦੇ ਕਲਾਮ ਨੂੰ ਵੀ ਗੁਰਮੁਖੀ ਲਿਖਾਰੀ ਹੱਥ-ਲਿਖਤਾਂ ਰਾਹੀਂ ਸੰਭਾਲ ਲੈਂਦੇ ਸਨ। ਹੱਥ-ਲਿਖਤਾਂ ਨੂੰ ਇੱਕਠਾ ਕਰਨ ਦਾ ਸ਼ੌਕ ਅਨੋਖਾ ਤੇ ਕਠਨ ਸ਼ੌਕ ਹੈ ਪਰ ਇਸ ਸ਼ੌਕ ਰਾਹੀਂ ਵਿਅਕਤੀਗਤ ਯਤਨਾਂ ਸਦਕਾ ਢੇਰ ਸਾਰੇ ਨੁਸਖੇ ਵੀ ਇੱਕਠੇ ਹੋ ਜਾਂਦੇ ਹਨ।

ਜੰਮੂ ਕਸ਼ਮੀਰ ਵਿਚ ਗੁਰਮੁਖੀ ਹੱਥ-ਲਿਖਤਾਂ ਅਤੇ ਨਸਤਲੀਕ ਵਿੱਚ ਵੀ ਕਈ ਲਿੱਖਤਾਂ ਅੱਡ ਅੱਡ ਥਾਵਾਂ ਤੇ ਪਈਆਂ ਹਨ। ਉਨ੍ਹਾਂ ਬਾਰੇ ਕੁੱਝ ਦਾ ਸੰਖੇਪ ਵਿਚ ਜ਼ਿਕਰ ਅਸੀ਼ ਇਥੇ ਕਰਾਂਗੇ:-

1. **ਸ੍ਰੀ ਗੁਰੂ ਗ੍ਰੰਥ ਸਾਹਿਬ:-** ਇਹ ਬੀੜ ਸਤਾਰਵੀਂ ਸਦੀ ਦੀ ਹੈ। ਕੁੱਲ ਪੱਤਰੇ 737 ਹਨ ਅਤੇ ਆਕਾਰ 22"×14" ਹੈ। ਲਿਖਾਰੀ ਦਾ ਨਾਮ ਦਿੱਤਾ ਨਹੀਂ। ਸ਼ੁਧ ਕਸ਼ਮੀਰੀ ਕਾਗਜ਼, ਸਾਰੇ ਪਤਰਿਆਂ ਤੇ ਪੀਲੇ ਗੂੜੇ ਰੰਗ ਦੇ ਹਾਸ਼ੀਆ ਲਕੀਰਾਂ ਵਾਲਾ, ਪਹਿਲੇ ਦੋ ਪੰਨਿਆਂ ਦੀਆਂ ਕੁੱਝ, ਸਤਰਾਂ ਸੁਨਹਿਰੀ ਸਿਆਹੀ ਨਾਲ ਅੰਕਿਤ ਹਨ, ਜਿਸ ਕਾਰਨ ਇਸ ਨੂੰ 'ਸੁਨਹਿਰੀ ਬੀੜ' ਆਖਦੇ ਹਨ। ਪਹਿਲੇ ਦੋ ਪੰਨਿਆਂ ਤੇ ਕਮਾਲ ਦੀ ਚਿੱਤਰਕਾਰੀ ਕੀਤੀ ਹੋਈ ਹੈ। ਇਥੇ ਹੱਥ-ਲਿਖਤ ਬੀੜਾਂ ਛੇ ਹੋਰ ਵੀ ਸਨ। ਪਰ ਹੁਣ ਕੇਵਲ ਇਥੇ ਪੰਜ ਬੀੜਾਂ ਹਨ। ਇਹ ਤਕਰੀਬਨ 200 ਸਾਲ ਤੋਂ ਵਧੀਕ ਪੁਰਾਣੀਆਂ ਹਨ। ਇਨ੍ਹਾਂ ਦੀ ਸਿਆਹੀ ਕਾਲੀ ਗੂੜੀ ਅਤੇ ਪੰਨੇ ਚਮਕਦਾਰ ਹਨ। ਪਹਿਲੇ ਦੋ ਸਫ਼ਿਆਂ ਦੀ ਚਿੱਤਰਕਾਰੀ ਦਾ ਚਿੱਤਰਕਾਰ ਰਾਜਾ ਰਾਮ ਕੋਲ ਤੋਤਾ ਜਾਪਦਾ ਹੈ। ਇਹ ਬੀੜਾ ਗੁਰਦੁਆਰਾ ਨਾਨਕਸਰ, ਮਟਨ ਸਾਹਿਬ (ਕਸ਼ਮੀਰ) ਵਿੱਚ ਮੌਜੂਦ ਹੈ।

2. **ਗੁਰਬਾਣੀ-ਪੋਥੀ:-** ਇਸ ਪੋਥੀ ਦੇ ਲੇਖਕ ਜਾਂ ਲਿਖਾਰੀ ਦਾ ਪਤਾ ਨਹੀਂ ਚਲਦਾ। ਰਚਨਾ ਕਾਲ ਸੰਮਤ 1842 ਹੈ ਅਤੇ ਇਸ ਦੇ ਪਤਰੇ 370 ਹਨ। ਅਕਾਰ

16.8×10 ਸੈਂਟੀਮੀਟਰ ਹੈ। ਹਰ ਪਤਰੇ ਤੇ ਦੋਵਾਂ ਪਾਸਿਆਂ ਤੋਂ ਹਾਸ਼ੀਆ ਲਾਲ ਅਤੇ ਕਾਲੇ ਰੰਗ ਵਿਚ ਦਿੱਤਾ ਹੈ। ਹਰ ਪਤਰੇ ਤੇ 7(ਸਤ) ਸਤਰਾਂ ਹਨ। ਕਾਗਜ਼ ਦੇਸੀ ਲੱਗਾ ਹੈ। ਪੋਥੀ ਖੱਸਤਾ ਹਾਲਤ ਵਿਚ ਹੈ। ਇੰਦਰ ਕੁਲੈਕਸ਼ਨ ਵਿਚ ਪੋਥੀ ਸੁਰਖਿੱਅਤ ਹੈ।

3. **ਬਾਲਮੀਕੀ ਰਮਾਇਣ:-** ਇਸ ਦਾ ਲੇਖਕ ਬਾਲਮੀਕੀ ਹੈ ਅਤੇ ਲਿਖਾਰੀ ਦਾ ਪਤਾ ਨਹੀਂ ਚਲਦਾ। ਇਹ ਪੋਥੀ ਵੀ 150 ਸਾਲ ਪੁਰਾਣੀ ਹੈ। ਇਸ ਦੇ ਕੁੱਲ ਪਤਰੇ 239 ਹਨ ਅਤੇ ਆਕਾਰ 33.5×25.5 ਸੈਂਟੀਮੀਟਰ। ਹਰ ਪਤਰੇ ਤੇ 21 ਸਤਰਾਂ ਹਨ। ਕਾਗਜ਼ ਦੇਸੀ, ਕਾਲੀ ਸਿਆਹੀ, ਲਿਖਾਈ ਬਹੁਤ ਹੀ ਖ਼ੂਬਸੂਰਤ ਹੈ। ਅੰਤ ਦੀਆਂ ਤਿੰਨ ਸਤਰਾਂ ਲਾਲ ਸਿਆਹੀ ਨਾਲ ਲਿਖੀਆਂ ਹਨ। ਇੰਦਰ ਕੁਲੈਕਸ਼ਨ ਵਿੱਚ ਮੌਜੂਦ ਹੈ।

4. **ਭਗਵਤ ਮਹਾਂ ਪ੍ਰਾਣ:-** ਲੇਖਕ ਅਤੇ ਲਿਖਾਰੀ ਦਾ ਪਤਾ ਨਹੀਂ ਚੱਲਦਾ । ਇਹ ਪੋਥੀ 200 ਸਾਲ ਪੁਰਾਣੀ ਹੈ। ਕੁੱਲ ਪੱਤਰੇ 237 ਹਨ ਅਤੇ ਆਕਾਰ 18.4×13 ਸੈਂਟੀਮੀਟਰ ਹੈ। ਪਹਿਲੇ ਦੋ ਪੰਨੇ ਗਾਇਬ ਹਨ। ਹਰ ਪੱਤਰੇ ਦੀਆਂ 10 ਸਤਰਾਂ ਹਨ, ਸਿਆਹੀ ਕਾਲੀ, ਕਾਗਜ਼ ਕਸ਼ਮੀਰੀ, ਖਾਸ ਖਾਸ ਸਤਰਾਂ ਲਾਲ ਸਿਆਹੀ ਨਾਲ ਲਿਖੀਆਂ ਹਨ। ਪੋਥੀ ਨਾ-ਮੁਕੰਮਲ ਹੈ। ਇੰਦਰ ਕੁਲੈਕਸ਼ਨ ਵਿੱਚ ਮੌਜੂਦ ਹੈ।

5. **ਮੈਗ- ਵਿਲਾਸ:-** ਇਸ ਗ੍ਰੰਥ ਦਾ ਲੇਖਕ ਮੁੰਨੀ ਮੈਗ ਰਾਜ ਹੈ ਪਰ ਲਿਖਾਰੀ ਦਾ ਪਤਾ ਨਹੀਂ ਚਲਦਾ। ਪੋਥੀ 150 ਵਰ੍ਹੇ ਪੁਰਾਣੀ ਹੈ। ਕੁੱਲ ਪੱਤਰੇ 418 ਹਨ ਅਤੇ ਆਕਾਰ 32.5×17.0 ਸੈਂਟੀਮੀਟਰ ਹੈ। ਹਰ ਪੱਤਰੇ ਤੇ 10 ਤੋਂ 11 ਸਤਰਾਂ ਹਨ। ਸਿਆਹੀ ਕਾਲੀ ਗੂੜੀ ਵਰਤੀ ਗਈ ਹੈ। ਸ਼ੁਰੂ ਵਿਚ ਤੱਤਕਰਾ ਦਿੱਤਾ ਹੈ। ਇਸ ਪੋਥੀ ਵਿੱਚ ਆਯੁਰਵੇਦਿਕ ਨੁਸਖੇ ਅਤੇ ਤੰਤਰ ਮੰਤਰ ਦਿੱਤੇ ਹਨ। ਪੋਥੀ ਇੰਦਰ ਕੁਲੈਕਸ਼ਨ ਵਿੱਚ ਸੁਰਖ਼ਿੱਅਤ ਹੈ।

6. **ਪੋਥੀ:-** ਇਹ ਪੋਥੀ 100 ਵਰ੍ਹੇ ਪੁਰਾਣੀ ਅਤੇ ਆਕਾਰ ਪੱਖੋਂ 18.8×14 ਸੈਂਟੀਮੀਟਰ ਹੈ। ਕੁੱਲ ਪਤਰੇ 228 ਹਨ ਪਰ ਲੇਖਕ ਤੇ ਲਿਖਾਰੀ ਦਾ ਪਤਾ ਨਹੀਂ ਚਲਦਾ। ਕਾਗਜ਼ ਦੇਸੀ, ਪੱਤਰੇ ਬਿੱਖਰੇ ਹਨ। ਹਰ ਪੰਨੇ ਤੇ ਸਤਰਾਂ ਦਾ ਅਕਾਰ ਵਿਭਿੰਨ ਹੈ ਜਿਵੇਂ 18,19,23 ਆਦਿ। ਕਾਲੀ ਸਿਆਹੀ ਵਰਤੀ ਗਈ ਹੈ। ਕੁੱਝ ਪਤਰੇ ਗੁੰਮ ਹਨ, ਇਸ ਲਈ ਪੋਥੀ ਆਧੂਰੀ ਹੈ। ਪੋਥੀ ਇੰਦਰ ਕੂਲੈਕਸ਼ਨ ਵਿਚ ਪਈ ਹੈ।

7. **ਹਿਕਮਤ ਪੋਥੀ:-** ਇਸ ਛੋਟੀ ਜਿਹੀ ਹੱਥ-ਲਿਖਤ ਦੇ ਕੁੱਲ 31 ਪੱਤਰੇ ਹਨ ਅਤੇ ਆਕਾਰ 9×8 ਸੈਂਟੀਮੀਟਰ ਹੈ। ਹਰ ਪੱਤਰੇ ਤੇ ਸਤੁਰਾਂ ਦੀ ਗਿਣਤੀ ਇਕਸਰ ਨਹੀਂ, ਕਿਸੇ ਤੇ 6, ਕਿਸੇ ਤੇ 7 ਅਤੇ ਕਿਸੇ ਤੇ 8 ਸਤਰਾਂ ਹਨ। ਕਾਗਜ਼ ਹੱਥ ਦਾ ਬਣਿਆ ਹੈ ਅਤੇ ਪੋਥੀ ਕਿਸੇ ਹਿਕਮਤ ਗ੍ਰੰਥ ਦੀ ਨਕਲ ਜਾਪਦੀ ਹੈ। ਸਿਆਹੀ ਗੂੜੀ ਕਾਲੀ ਵਰਤੀ ਗਈ ਹੈ। ਐਕਸ਼ੈਸ਼ਨ ਨੰਬਰ 689 ਹੇਠ ਡੋਗਰਾ ਆਰਟ ਗੈਲਰੀ, ਜੰਮੂ ਵਿਚ ਪੋਥੀ ਸੁਰਖਿੱਅਤ ਹੈ। ਪੋਥੀ ਤਕਰੀਬਨ 150 ਵਰ੍ਹੇ ਪੁਰਾਣੀ ਹੈ।

8. **ਬੁਧੀ ਯੋਗ ਪ੍ਰਕਾਸ਼:-** ਇਸ ਪੋਥੀ ਦਾ ਲੇਖਕ ਭੀਮ ਸੈਨ ਹੈ। ਲਿਖਾਰੀ ਦਾ ਥੁਹ-ਪਤਾ ਨਹੀ਼ ਲੱਗਦਾ । ਇਹ ਪੋਥੀ 170 ਵਰ੍ਹੇ ਪੁਰਾਣੀ ਹੈ। ਇਸ ਦੇ ਕੁੱਲ ਪੱਤਰੇ 21 ਹਨ ਅਤੇ ਆਕਾਰ 14×9.5 ਸੈਂਟੀਮੀਟਰ ਹੈ। ਪੋਥੀ ਕਿਸੇ ਨੁੱਸਖੇ ਦਾ ਅਨੁਵਾਦ ਜਾਪਦੀ

ਹੈ। ਪਹਿਲੇ ਤੇ ਅਖ਼ੀਰਲੇ ਪੰਨੇ ਤੇ 6 ਸਤਰਾਂ ਹਨ ਪਰ ਬਾਕੀ ਸਾਰੇ ਪੰਨਿਆਂ ਤੇ 7,7 ਸਤਰਾਂ ਹਨ। ਕਾਗਜ਼ ਭੋਜ-ਪੱਤਰ ਵਾਲਾ ਹੈ ਅਤੇ ਸਿਆਹੀ ਕਾਲੀ ਹੈ। ਲਿਖਤ ਵਾਲੇ ਪਤਰਿਆਂ ਤੇ ਦੋ ਲਾਲ ਰੰਗ ਦੇ ਹਾਸ਼ੀਏ ਅਤੇ ਇਨ੍ਹਾਂ ਵਿਚਕਾਰ ਕਾਲਾ ਹਾਸ਼ੀਆ ਹੈ। ਇਸ ਦਾ ਐਕਸ਼ੈਂਸਨ ਨੰਬਰ 131 ਹੈ ਅਤੇ ਪੋਥੀ ਡੋਗਰਾ ਆਰਟ ਗੈਲਰੀ ਵਿੱਚ ਪਈ ਹੈ।

9. **ਗੁਰੂ ਮਹਿਮਾ:-** ਇਸ ਬੇਸ਼ਕੀਮਤੀ ਹੱਥ-ਲਿਖਤ ਵਿਚ 'ਗੁਰੂ' ਦੀ ਮਹਿਮਾ ਦਾ ਵਰਨਣ ਆਉਂਦਾ ਹੈ। ਇਹ ਖੂਬਸੂਰਤ ਹੱਥ-ਲਿਖਤ ਗੂੜੀ ਕਾਲੀ ਸਿਆਹੀ ਨਾਲ ਲਿਖੀ ਹੋਈ ਹੈ ਅਤੇ ਹਾਸ਼ੀਏ ਲਾਲ ਰੰਗ ਦੇ ਹਨ। ਇਸ ਦੇ ਕੁੱਲ ਪੱਤਰੇ 202 ਹਨ ਅਤੇ ਆਕਾਰ 18×11 ਸੈਂਟੀਮੀਟਰ ਹੈ। ਵੱਧੀਆਂ ਕਾਗਜ਼ ਲੱਗਾ ਹੈ ਅਤੇ ਹਰ ਪੰਨੇ ਤੇ ਕੁੱਲ 7 ਸਤਰਾਂ ਹਨ। ਐਕਸ਼ੈਂਸ਼ਨ ਨੰਬਰ 22 ਹੇਠ ਡੋਗਰਾ ਆਰਟ ਗੈਲਰੀ ਜੰਮੂ ਵਿੱਚ ਪਈ ਹੈ।

10. **ਸ੍ਰੀ ਮਦਿ ਭਗਵਤ ਗੀਤਾ:-** ਇਸ ਦੇ ਲੇਖਕ ਤੇ ਲਿਖਾਰੀ ਬਾਰੇ ਪਤਾ ਨਹੀਂ ਚਲਦਾ। ਲਿੱਖਤ 1876 ਸੰਮਤ ਦੀ ਹੈ ਕਿ ਜਿਸ ਦਾ ਆਕਾਰ 10.5×17 ਸੈਂਟੀਮੀਟਰ ਹੈ। ਕੁੱਲ ਪਤਰੇ 489 ਹਨ ਅਤੇ ਹਰ ਪੰਨੇ ਤੇ 7 ਸਤਰਾਂ ਹਨ। ਸਿਆਹੀ ਕਾਲੀ ਵਰਤੀ ਗਈ ਹੈ। ਖ਼ੂਬਸੂਰਤ ਲਿਖਾਈ ਵਾਲੀ ਇਹ ਪੋਥੀ ਇੰਦਰ ਕੁਲੈਕਸ਼ਨ ਵਿੱਚ ਸੁਰਖਿਅਤ ਹੈ।

11. **ਗੁਰਬਾਣੀ ਪੋਥੀ:-** ਲੇਖਕ ਅਤੇ ਲਿਖਾਰੀ ਦਾ ਪਤਾ ਨਹੀਂ ਲੱਗਦਾ। ਇਹ 100 ਸਾਰ ਪੁਰਾਣੀ ਪੋਥੀ ਦਾ ਆਕਾਰ 21×15.2 ਸੈਂਟੀਮੀਟਰ ਹੈ। ਇਸ ਪੋਥੀ ਦੇ ਪਹਿਲੇ ਅਤੇ ਅਖ਼ੀਰਲੇ ਬਹੁਤ ਸਾਰੇ ਪੱਤਰੇ ਗੁੰਮ ਹਨ, ਇਸ ਲਈ ਪੋਥੀ ਨਾ-ਮੁਕੰਮਲ ਹੈ। ਗੁਰਮੁਖੀ ਅੱਖਰਾਂ ਦੀ ਲਿਖਾਈ ਖੂਬਸੂਰਤ ਹੈ। ਹਰ ਪੰਨੇ ਦਾ ਚੌੜਾ ਹਾਸ਼ੀਆਂ ਕੇਸਰੀ ਰੰਗ ਦੀਆਂ ਤਿੰਨ ਲੀਕਾਂ ਨਾਲ ਉਲੀਕੀਆਂ ਗਿਆ ਹੈ। ਹਰ ਪੰਨੇ ਤੇ 7 ਸਤਰਾਂ ਹਨ। ਇਸ ਪੋਥੀ ਵਿਚ 'ਗੁਰੂ ਗ੍ਰੰਥ ਸਾਹਿਬ' ਅਤੇ 'ਦਸਮ ਗ੍ਰੰਥ' ਚੋਂ ਚੋਣਵੇਂ ਸ਼ਬਦ ਅੰਕਿਤ ਕੀਤੇ ਹਨ। ਪਉੜੀਆਂ ਕੇਸਰੀ ਰੰਗ ਨਾਲ ਲਿਖੀਆਂ ਹਨ। 'ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ॥ ਸ੍ਰੀ ਭਗੌਤੀ ਜੀ ਸਹਾਇ' ਲਾਲ ਰੰਗ ਨਾਲ ਲਿੱਖੇ ਹਨ। ਅਰਦਾਸ ਦੇ ਅਖ਼ੀਰ ਤੇ 'ਦਸਮੇ ਪਾਤਿਸ਼ਾਹ ਸਭੇ ਥਾਈ ਹੋਇ ਸਹਾਇ' ਲਿਖ ਕੇ 'ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ" ਸ਼ੁਰੂ ਕੀਤਾ ਹੈ। ਪੋਥੀ ਇੰਦਰ ਕੁਲੈਕਸ਼ਨ ਵਿਚ ਮੌਜੂਦ ਹੈ।

12. **ਭਗਵਤ ਮਹਾਂ ਪ੍ਰਾਨ:-** 125 ਵਰ੍ਹੇ ਪੁਰਾਣੀ ਪੋਥੀ ਦੇ ਲੇਖਕ ਅਤੇ ਲਿਖਾਰੀ ਮਾਲੂਮ ਨਹੀਂ। 17.2×11.5 ਸੈਂਟੀਮੀਟਰ ਵਾਲੀ ਪੋਥੀ ਦੇ 262 ਪੱਤਰੇ ਹਨ। ਪੋਥੀ ਦੇ ਆਖ਼ਰੀ ਪੰਨੇ ਗੁੰਮ ਹਨ, ਇਸ ਲਈ ਨਾ-ਮੁਕੰਮਲ ਹੈ। ਕਾਲੀ ਸਿਆਹੀ, ਅੱਖਰ ਖੂਬਸੂਰਤ ਅਤੇ ਹਰ ਪੰਨੇ ਤੇ 18 ਸਤਰਾਂ ਹਨ। ਪੋਥੀ ਇੰਦਰ ਕੁਲੈਕਸ਼ਨ ਵਿਚ ਮੌਜੂਦ ਹੈ।

13. **ਅਧਿਆਤਮਕ ਮਹਾਂ ਰਮਾਇਣ ਅਤੇ ਕ੍ਰਿਸ਼ਨ ਲੀਲਾ:-** ਇਹ ਪੋਥੀ 100 ਸਾਲ ਪੁਰਾਣੀ ਹੈ। ਆਕਾਰ 32.5×21.8 ਸੈਂਟੀਮੀਟਰ ਹੈ। ਇਸ ਦੇ ਪਤਰੇ 4+12 (16)ਹਨ।ਹਰ ਪੰਨੇ ਤੇ 13 ਸਤਰਾਂ, ਕਾਗਜ਼ ਦੇਸੀ, ਪਹਿਲਾ ਪੱਤਰਾ ਸੱਜੇ ਹੱਥ ਵਾਲਾ ਆਲੋਪ ਹੈ। ਪਹਿਲੇ ਚਾਰ ਪੱਤਰੇ ਮਹਾਂ ਰਮਾਇਣ ਦੇ ਅਤੇ 12 ਪੱਤਰੇ ਕਿਸ਼ਨ ਲੀਲਾ ਦੇ ਹਨ। ਪੋਥੀ ਨਾ-ਮੁਕੰਮਲ ਹੈ। ਸਿਆਹੀ ਲਾਲ ਅਤੇ ਕਾਲੀ ਵਰਤੀ ਗਈ ਹੈ। ਹਰ ਪੱਤਰੇ

ਤੇ ਦੋ ਕਾਲੇ ਅਤੇ ਇਕ ਹਾਸ਼ੀਆਂ ਲਾਲ ਹੈ। ਲਿਖਾਈ ਖ਼ੂਬਸੂਰਤ ਹੈ। ਪੋਥੀ ਇੰਦਰ ਕੁਲੈਕਸ਼ਨ ਵਿੱਚ ਸੁਰੱਖਿਅਤ ਹੈ।

14. **ਭਗਵਤ ਮਹਾਂ ਪ੍ਰਾਣ:-** ਇਹ ਸੰਮਤ 1839 ਦੀ ਪੋਥੀ 31.2×23.3 ਸੈਂਟੀਮੀਟਰ ਦੇ ਆਕਾਰ ਦੀ ਹੈ ਜਿਸ ਦੇ ਕੁੱਲ ਪੱਤਰੇ 466 ਹਨ। ਹਰ ਪੱਤਰੇ ਤੇ 15 ਸਤਰਾਂ ਹਨ ਜੋ ਕਾਲੀ ਸਿਆਹੀ ਨਾਲ ਲਿਖੀਆਂ ਹਨ ਅਤੇ ਚੌਪਈਆਂ ਲਾਲ ਰੰਗ ਨਾਲ ਦਿੱਤੀਆਂ ਹਨ। ਕਾਗਜ਼ ਦੇਸੀ ਵਰਤਿਆਂ ਗਿਆ ਹੈ। ਪੋਥੀ ਇੰਦਰ ਕੁਲਕੈਸ਼ਨ ਵਿਚ ਮੌਜੂਦ ਹੈ।

15. **ਗੀਤਾ ਮਹਾਤਮ :-** ਇਹ ਹੱਥ-ਲਿਖਤ ਨਾ-ਮੁਕੰਮਲ ਹੈ ਕਿਉਂਕਿ ਇਸ ਦੇ ਪੱਤਰੇ 43 ਤੋਂ 708 ਹੀ ਹਨ। ਹਰ ਪੱਤਰੇ ਤੇ 9 ਸਤਰਾਂ ਹਨ ਜੋ ਲਾਲ ਹਾਸ਼ੀਆਂ ਨਾਲ ਸੰਵਾਰੀਆਂ ਗਈਆਂ ਹਨ। ਇਸ ਦਾ ਅਕਾਰ 24×15.5 ਸੈਂਟੀਮੀਟਰ ਹੈ। ਸੁਰੇਸ਼ ਅਬਰੋਲ, ਜੰਮੂ ਦੀ ਨਿੱਜੀ ਲਾਇਬ੍ਰੇਰੀ ਵਿੱਚ ਮੌਜੂਦ ਹੈ।

16. **ਗੁਰਬਾਣੀ-ਪੋਥੀ:-** ਇਹ ਗੁਰਬਾਣੀ ਦੀ ਛੋਟੀ ਜਿਹੀ ਹੱਥ-ਲਿੱਖਤ ਹੈ। ਜੋ ਕਾਲੀ-ਸਿਆਹੀ ਨਾਲ ਲਿੱਖੀ ਹੈ। ਹਰ ਪੰਨੇ ਤੇ 10 ਸਤਰਾਂ ਹਨ। ਆਕਾਰ 6×10 ਇੰਚ ਹੈ। ਇਹ ਵੀ ਨਾ-ਮੁਕੰਮਲ ਹੈ ਕਿਉਂਕਿ ਇਸ ਦੇ ਪੱਤਰੇ 53 ਤੋਂ 186 ਹੀ ਮੌਜੂਦ ਹਨ। ਸੁਰੇਸ਼ ਅਬਰੋਲ ਪਾਸ ਹੈ।

17. **ਹਨੂਮਾਨ ਨਾਟਕ:-** ਇਸ ਹੱਥ-ਲਿੱਖਤ ਦਾ ਕਰਤਾ ਕਵੀ ਹਿਰਦ ਰਾਮ ਭਲਾ ਹੈ। ਇਸ ਦੇ ਕੁੱਲ ਪਤਰੇ 417 ਹਨ ਅਤੇ ਆਕਾਰ 4"×6" ਹੈ। ਹਰ ਪੰਨੇ ਤੇ 11 ਸਤਰਾਂ ਹਨ। ਲਾਲ ਹਾਸ਼ੀਆ ਕੇਵਲ ਦੋਵਾਂ ਪਾਸਿਆਂ ਤੋਂ ਦਿੱਤਾ ਹੈ। ਅੱਖਰ ਗੂੜੀ ਕਾਲੀ ਸਿਆਹੀ ਨਾਲ ਲਿੱਖੇ ਹਨ। ਇਹ ਵੀ ਸੁਰੇਸ਼ ਅਬਰੋਲ ਕੋਲ ਮੌਜੂਦ ਹੈ। ਸੁਰੇਸ਼ ਕੋਲ ਹੋਰ ਵੀ ਦਰਜਨ ਤੋਂ ਵਧੀਕ ਗੁਰਮੁਖੀ ਹੱਥ-ਲਿੱਖਤਾਂ ਹਨ, ਜਿਸ ਨੂੰ ਦਸਣ ਲਈ ਉਹ ਕੁਸੇਲ ਮਾਰਦਾ ਹੈ।

18. **ਮਾਧਵਾਨਲ ਕਾਮ ਕੰਦਲਾ:-** ਇਸ ਦਾ ਲੇਖਕ ਬੁੱਧ ਸਿੰਘ ਅਤੇ ਲਿਖਾਰੀ ਪੰਡਿਤ ਵਾਸਦੇਵ ਕਸ਼ਮੀਰੀ ਹੈ। ਇਸ ਦੇ ਲਿਖਣ ਦਾ ਸਮਾਂ 1839 ਈਸਵੀਂ ਹੈ। ਇਸ ਦਾ ਆਕਾਰ 5.5× 4.25 ਇੰਚ ਹੈ। ਪੱਤਰੇ 22-163 ਹਨ, ਕਈ ਪੱਤਰੇ ਗੁੰਮ ਹਨ ਜਿਸ ਲਈ ਲਿੱਖਤ ਅਧੂਰੀ ਹੈ। ਲਿੱਖਤ ਸਾਫ਼ ਤੇ ਸ਼ੁੱਧ, ਹਾਸ਼ੀਆ ਰੰਗੀਨ ਲਕੀਰਾਂ ਵਾਲਾ। ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਿੱਚ ਮੌਜੂਦ ਹੈ।

19. **ਰਾਜਨੀਤਿ:-** ਇਸ ਦਾ ਲੇਖਕ ਕਵੀ ਦੇਵੀ ਦਾਸ ਹੈ ਅਤੇ ਲਿਖਾਰੀ ਅਤਰ ਸਿੰਘ ਗਿਆਨੀ। ਇਸ ਦੇ ਕੁੱਲ ਪੱਤਰੇ 16 ਹਨ ਅਤੇ ਆਕਾਰ 6.25×9.5 ਇੰਚ ਹੈ। ਕਾਗਜ਼ ਦੇਸੀ, ਪੱਤਰੇ ਕੁੱਝ ਕਿਰਮ ਖੁਰਦਾ, ਜਿਸ ਕਾਰਨ ਕਈ ਥਾਂਈ ਛੇਕ ਪਏ ਹਨ। ਲਿੱਖਤ ਸਾਫ਼ ਤੇ ਸ਼ੁਧ ਹੈ, ਹਾਸ਼ੀਆ ਸਾਦਾ ਬਿਨ੍ਹਾਂ ਲਕੀਰਾਂ ਦੇ, ਸਿਰਲੇਖ, ਛੰਦਾਂ ਦੇ ਨਾਮ, ਵਿਸ਼ਰਾਮ-ਚਿੰਨ੍ਹ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ ਤੇ ਕੁੱਝ ਫੁੱਟ ਨੋਟ ਵੀ ਲਾਲ ਸਿਆਹੀ ਨਾਲ ਲਿਖੇ ਹੋਏ ਹਨ। ਪੱਤਰੇ 11 ਤੋਂ 14 ਤੱਕ ਰੰਗੀਨ ਲਕੀਰਾਂ ਦਾਰ ਹਾਸ਼ੀਏ ਵਾਲੇ; ਪੁਸਤਕ ਬਗੈਰ ਜਿਲਦ, ਜੋ ਚੰਗੀ ਹਾਲਤ ਵਿੱਚ ਹੈ। ਭਾਸ਼ਾ ਵਿਭਾਗ ਪੰਜਾਬ ਵਿੱਚ ਮੌਜੂਦ ਹੈ।

20. ਰਸ ਪ੍ਰਬੋਧ:- ਇਸ ਦਾ ਲੇਖਕ ਬਿਲਗ੍ਰਾਮ ਵਾਸੀ ਸ੍ਰੀ ਨਗਰ, ਕਸ਼ਮੀਰ , ਦਾ ਰਹਿਣਵਾਲਾ ਗੁਲਾਮ ਨਬੀ ਰਸਲੀਨ ਹੈ। ਇਹ 1741 ਈਂ ਦੀ ਲਿੱਖਤ ਹੈ ਜਿਸ ਦਾ ਆਕਾਰ 12×6.7 ਇੰਚ ਹੈ। ਪਤਰੇ 45 ਹਨ ਪਰ 45 ਤੋਂ ਅੱਗੇ ਇਸ ਦੇ ਕੁੱਝ ਪਤਰੇ ਗੁੰਮ ਹਨ, ਜਿਸ ਲਈ ਪੋਥੀ ਅਧੂਰੀ ਹੈ। ਇਸ ਲਿਖਤ ਵਿਚ ਕਵੀ ਗੁਲਾਮ ਨਬੀ ਰਸਲੀਨ ਨੇ ਕਵਿਤਾ ਦੇ 9 ਰਸ, ਨਾਇਕਾ ਭੇਦ, ਹਾਵ ਭਾਵ ਆਦਿ ਦਾ ਵਰਨਣ ਬੜੇ ਸੁੱਚਜੇ ਢੰਗ ਨਾਲ ਕੀਤਾ ਹੈ। ਇਹ ਲਿੱਖਤ ਇਕ ਵੇਰ ਨਾਗਰੀ ਅੱਖਰਾਂ ਵਿਚ ਛੱਪ ਚੁੱਕੀ ਹੈ। ਇਸ ਲਿੱਖਤ ਦੀਆਂ ਦੋ ਹੋਰ ਪ੍ਰਤੀਆਂ ਵੀ ਵੱਖ-ਵੱਖ ਆਕਾਰਾਂ ਵਿੱਚ ਭਾਸ਼ਾ ਵਿਭਾਗ ਪੰਜਾਬ ਵਿੱਚ ਪਈਆਂ ਹਨ।

21. ਜਨਮ ਸਾਖੀ ਗੁਰੂ ਨਾਨਕ ਸ਼ਾਹ ਕੀ (ਸੁਚਿੱਤ੍ਰ):- ਇਸ ਗ੍ਰੰਥ ਦਾ ਲੇਖਕ ਸੰਤ ਦਾਸ ਛਿੱਬਰ ਹੈ ਪਰ ਲਿਖਾਰੀ ਨਾ-ਮਾਲੂਮ ਹੈ। ਇਸ 1881 ਸੰਮਤ ਦੀ ਪੋਥੀ ਦਾ ਆਕਾਰ 10.5× 7 ਇੰਚ ਅਤੇ ਕੁੱਲ ਪਤਰੇ 254 ਹਨ। ਪੋਥੀ ਸੰਪੂਰਨ ਹੈ ਅਤੇ ਸਾਧ ਭਾਸ਼ਾ ਵਿਚ ਹੈ। ਸੰਤ ਦਾਸ ਨੇ ਜਨਮ ਸਾਖੀ ਭਾਈ ਬਾਲਾ ਨੂੰ ਆਧਾਰ ਬਣਾ ਕੇ ਕਵਿਤਾ ਵਿੱਚ ਲਿਖੀ ਹੈ। ਇਹ ਕਾਪੀ ਭਾਸ਼ਾ ਵਿਭਾਗ, ਪੰਜਾਬ ਵਿੱਚ ਮੌਜੂਦ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਛੱਪ ਚੁੱਕੀ ਹੈ।

22. ਅਨੇਕਾਰਥ ਭਾਖਾ:- ਇਸ ਦਾ ਲੇਖਕ ਮਹਾਂਕਵੀ ਨੰਦ ਦਾਸ ਅਤੇ ਲਿਖਾਰੀ ਸੇਵਾ ਸਿੰਘ ਛਿਬਰ ਹੈ। ਇਸ ਦਾ ਸਮਾਂ 15 ਸਾਵਣ 1878 ਬਿਕ੍ਰਮੀ ਹੈ। ਆਕਾਰ 6.5×3.5 ਇੰਚ ਅਤੇ ਕੁੱਲ ਪੱਤਰੇ 255 ਹਨ। ਪੱਤਰਾਂ 47 ਤੋਂ ਅੱਗੇ 49 ਤੇ ਇਕ ਛੰਦ ਸੂਚੀ ਤੇ ਫੇਰ 200-255 ਪੱਤਰੇ (56) ਕਵੀ ਪ੍ਰਿਜਾ ਸਟੀਕ (ਅਧੂਰੀ) ਦਰਜ ਹੈ। ਭਾਸ਼ਾ ਵਿਭਾਗ ਪੰਜਾਬ ਵਿੱਚ ਪਈ ਹੈ।

23. ਸੁੰਦਰ ਸ਼ਿੰਗਾਰ:- ਇਸ ਦਾ ਲੇਖਕ ਕਵੀ ਰਾਜ ਸੁੰਦਰ ਅਤੇ ਲਿਖਾਰੀ ਸੇਵਾ ਸਿੰਘ ਛਿੱਬਰ ਹੈ। ਇਹ ਸੰਮਤ 1688 ਬਿਕ੍ਰਮੀ ਦੀ ਲਿੱਖਤ ਹੈ ਅਤੇ ਕੁਲ ਪੱਤਰੇ 108 ਹਨ। ਹਰ ਪੰਨੇ ਤੇ 7 ਸਤਰਾਂ ਹਨ, ਕਾਗਜ਼ ਦੇਸੀ, ਲਿੱਖਤ ਪ੍ਰਾਚੀਨ, ਹਾਸ਼ੀਆ ਲਕੀਰਾਂਵਾਲਾ, ਸਿਰਲੇਖ ਲਾਲ ਸਿਆਹੀ ਨਾਲ ਲਿੱਖੇ, ਲਿਖੱਤ ਸਾਫ਼ ਅਤੇ ਚੰਗੀ ਤਰ੍ਹਾਂ ਪੜ੍ਹੀ ਜਾਂਦੀ ਹੈ।

ਇਨ੍ਹਾਂ ਉੱਪਰ ਦਿੱਤੀਆਂ ਹੱਥ-ਲਿਖਤਾਂ ਤੋਂ ਇਲਾਵਾਂ ਹੋਰ ਵੀ ਬਹੁਤ ਸਾਰੀ ਲਿਖਤਾਂ ਜੋ ਗੁਰਮੁਖੀ[13] ਅਤੇ ਨਸਤਲੀਕ[14] ਵਿੱਚ ਵਿਭਿੰਨ ਪੁਰਾਲੇਖ ਵਿਭਾਗਾਂ, ਵਿਸ਼ਵ-ਵਿਦਿਆਲਿਆਂ, ਪੁਸਤਕਾਲਿਆਂ, ਵਿਅਕਤੀਆਂ ਦੇ ਘਰਾਂ ਆਦਿ ਵਿੱਚ ਪਈਆਂ ਹਨ। ਉਨ੍ਹਾਂ ਸਾਰਿਆਂ ਦੀਆਂ ਸੂਚੀਆਂ ਤਿਆਰ ਕਰ ਕੇ ਚਾਨਣ ਵਿਚ ਲਿਆਉਣਾ ਸਮੇਂ ਦੀ ਪ੍ਰਮੁੱਖ ਲੋੜ ਹੈ। ਕਈ ਹੱਥ-ਲਿਖਤਾਂ ਨਸਤਲੀਕ ਵਿਚ ਪਈਆਂ ਹਨ, ਜਿਨ੍ਹਾਂ ਦੀ ਸੂਚੀ ਅੰਤਿਕਾ ਵਿੱਚ ਦਰਜ ਕਰ ਦਿੱਤੀ ਹੈ। ਇਨ੍ਹਾਂ ਸਾਰੀਆਂ ਹੱਥ-ਲਿਖਤਾਂ ਨੂੰ ਇੱਕ ਥਾਂ ਇੱਕਠਾ ਕਰਕੇ ਜਾਚਣ, ਪਰਖਣ ਦੀ ਬੜੀ ਲੋੜ ਹੈ। ਇਨ੍ਹਾਂ ਗੋਰਵਮਈ ਵਿਰਾਸਤੀ ਦੁਰਲਭ ਲਿੱਖਤਾਂ ਨੂੰ ਕੋਈ ਪ੍ਰਮੁੱਖ ਸੰਸਥਾ ਹੀ ਸਾਂਭਣ ਦਾ ਉਪਰਾਲਾ ਕਰ ਸਕਦੀ ਹੈ।

ਪਗ ਟਿੱਪਣੀਆਂ ਤੇ ਹਵਾਲੇ

1. ਪਰਮਾਣਕ ਪਾਠ ਦੀ ਵਿਗਿਆਨਕ ਵਿੱਧੀ, ਖੋਜ ਪਤ੍ਰਿਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1994, ਅੰਕ: 59
2. ਪੂਰਵ ਅੰਕਿਤ, ਅੰਕ: 67
3. ਪ੍ਰੋ. ਪਿਆਰਾ ਸਿੰਘ ਪਦਮ, ਗੁਰਮੁਖੀ ਲਿਪੀ ਦਾ ਇਤਿਹਾਸ, ਪਟਿਆਲਾ, (1953) ਛਾਪ 2000, ਅੰਕ:89
4. ਪੰਜਾਬੀ ਸਾਹਿਤ ਕੋਸ਼, ਭਾਗ ਦੂਜਾ, ਛਾਪ 2000, ਪੰਜਾਬ ਯੂਨੀ. ਚੰਡੀਗੜ੍ਹ ਅੰਕ:8
5. ਪੂਰਵ ਅੰਕਿਤ , ਅੰਕ: 9-10
6. ਪਾਂਡੂ ਲਿਪੀ ਵਿਗਿਆਨ, ਰਾਜਸਥਾਨ ਹਿੰਦੀ ਗ੍ਰੰਥ ਅਕਾਦਮੀ, ਜੈਪੁਰ, 1978, ਅੰਕ:25-26
7. ਭਾਰਤੀਯ ਪਾਠਾਲੋਚਨ ਦੀ ਭੂਮਿਕਾ, ਮੱਧ ਪਰਦੇਸ਼ ਹਿੰਦੀ ਗ੍ਰੰਥ ਅਕਾਦਮੀ, ਭੂਪਾਲ,1971, ਅੰਕ:33
8. ਇਹ ਦਰੱਖਤ ਮੈਂ ਕਈ ਵੇਰ ਉੱਚੀਆਂ ਟੀਸੀਆਂ ਕਸ਼ਮੀਰ ਦੇ ਕਾਜ਼ੀਨਾਗ ਪਹਾੜਾਂ ਅਤੇ ਕੈਰਨ ਸੈਕੱਟਰ ਵਿੱਚ ਵੇਖੇ ਸਨ।
9. ਗੌਰੀ ਸ਼ੰਕਰ ਹੀਰਾ ਚੰਦ ਉਝਾ- ਭਾਰਤੀ ਪ੍ਰਾਚੀਨ ਲਿਪੀ-ਮਾਲਾ (ਪੰਜਾਬੀ) (1962), ਭਾਸ਼ਾ ਵਿਭਾਗ ਪੰਜਾਬ, ਛਾਪ 2001, ਅੰਕ: 172-173
10. ਪੂਰਵ ਅੰਕਿਤ, ਅੰਕ: 174
11. ਜੈ ਦੇਵ ਸਿੰਘ ਦੱਤ- ਪੁਣਛ ਤੇ ਪੰਜਾਬੀ ਸਾਹਿਤ, ਪੁਣਛ (ਜੰਮੂ ਕਸ਼ਮੀਰ) 1979, ਅੰਕ: 27=28
12. Jasbir Singh Sarna, The Sikhs in Kashmir, Delhi, 1993, P:42
13. ਦੇਖੋ: ਅੰਤਿਕਾ: ੧
14. ਦੇਖੋ: ਅੰਤਿਕਾ: ੨

****

੮

ਗੁਰਮੁਖੀ ਦੀਆਂ ਪ੍ਰਾਚੀਨ ਲਿਖਤਾਂ

ਹੱਥ-ਲਿੱਖਤ ਨੰ: 1

ਸ੍ਰੀ ਗੁਰੂ ਗ੍ਰੰਥ ਸਾਹਿਬ

ਸੰਪਾਦਕ : ਗੁਰੂ ਅਰਜਨ ਦੇਵ ਜੀ

ਲਿਖਾਰੀ : ਨਾਮਾਲੂਮ

ਸਮਾਂ : ਸਤਾਰਵੀਂ ਸਦੀ

ਆਕਾਰ : 22"×14"

ਪੱਤਰੇ : 737

ਵੇਰਵਾ : ਸ਼ੁਧ ਕਸ਼ਮੀਰੀ ਕਾਗਜ਼, ਸਾਰੇ ਪਤਰਿਆਂ ਤੇ ਪੀਲੇ ਗੂੜੇ ਰੰਗ ਦੇ ਹਾਸ਼ੀਆ ਲਕੀਰਾਂ ਵਾਲਾ, ਪਹਿਲੇ ਦੋ ਪੰਨਿਆਂ ਦੀਆਂ ਕੁੱਝ ਸਤਰਾਂ ਸੁਨਹਿਰੀ ਸਿਆਹੀ ਨਾਲ ਅੰਕਿਤ ਹਨ, ਜਿਸ ਕਾਰਨ ਇਸ ਨੂੰ 'ਸੁਨਹਿਰੀ ਬੀੜ' ਆਖਦੇ ਹਨ। ਪਹਿਲੇ ਦੋ ਸਫ਼ਿਆਂ ਤੇ ਕਮਾਲ ਦੀ ਚੱਤਰਕਾਰੀ ਕੀਤੀ ਹੈ। ਇੱਥੇ ਹੱਥ-ਲਿਖਤ ਬੀੜਾਂ ਛੇ ਹੋਰ ਵੀ ਹਨ। ਇਹ ਤਕਰੀਬਨ 200 ਸਾਲ ਤੋਂ ਵਧੀਕ ਪੁਰਾਣੀਆਂ ਹਨ। ਇਹ ਬੀੜਾਂ ਗੁਰਦੁਆਰਾ ਨਾਨਕ ਸਰ, ਮਟਨ (ਕਸ਼ਮੀਰ) ਵਿੱਚ ਹਨ। ਸਿਹਾਈ ਕਾਲੀ ਗੂੜੀ ਅਤੇ ਸਫ਼ੇ ਚਮਕਦਾਰ ਹਨ।

ਆਰੰਭ:- ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੂ ॥੧॥

ਅੰਤ:- ਮੇਘ ਰਾਗ ਸਿਉ ਪਾਂਚਉ ਚੀਨੀ॥੧॥ ਬੈਰਾਸਰ ਗਜਧਰ ਕੇਦੇਰਾ॥ ਜਬਲੀਧਰ ਨਟ ਅਉ ਜਲਧਾਰਾ॥ਧੁਨਿ ਗਾਵਹਿ ਸੰਕਰ ਅਉ ਸਿਆਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ॥੧॥ ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ॥ ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੧॥

ਹੱਥ-ਲਿਖਤ ਨੰ: 2

ਗੁਰਬਾਣੀ ਪੋਥੀ

ਲੇਖਕ	:	ਨਾ- ਮਾਲੂਮ
ਲਿਖਾਰੀ	:	ਨਾ ਮਾਲੂਮ
ਸਮਾਂ	:	ਸੰਮਤ 1842
ਆਕਾਰ	:	16.8 ×10.0 ਸੈਂਮੀ
ਲਿੱਖਤ	:	11.5 ×6.5 ਸੈਂਮੀ
ਪੱਤਰੇ	:	370

ਵੇਰਵਾ : ਹਰ ਪੱਤਰੇ ਤੇ ਦੋ ਪਾਸਿਆਂ ਤੋਂ ਮਾਰਜਨ ਲਾਲ ਅਤੇ ਕਾਲੇ ਰੰਗ ਵਿੱਚ ਦਿੱਤਾ ਹੈ। ਹਰ ਪੱਤਰੇ ਦੀਆਂ 7 ਸਤਰਾਂ ਹਨ। ਕਾਗਜ਼ ਦੇਸੀ ਲੱਗਾ ਹੈ। ਪੋਥੀ ਖਸੱਤਾ ਹਾਲਤ ਵਿੱਚ ਹੈ। ਇੰਦਰ ਕੁਲੈਕਸ਼ਨ ਵਿੱਚ ਸੁਰੱਖਿਅਤ ਹੈ।

ਆਰੰਭ:- ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰਗ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

ਅੰਤ : (ਲਿਖਾਈ ਪੜ੍ਹਨ ਤੋਂ ਅਸਮਰੱਥ ਹੈ, ਬੜੀ ਮੱਧਮ ਹੈ)

ਹੱਥ ਲਿਖਤ ਨੰ: 3

ਬਾਲਮੀਕੀ ਰਮਾਇਣ

ਲੇਖਕ : ਬਾਲਮੀਕੀ

ਲਿਖਾਰੀ : ਨਾ-ਮਾਲੂਮ

ਸਮਾਂ : 150 ਸਾਲ ਪੁਰਾਣੀ

ਆਕਾਰ : 33.5×25.5 ਸੈਂਟੀਮੀਟਰ

ਲਿੱਖਤ : 25.5 ×16 ਸੈਂਟੀਮੀਟਰ

ਪੱਤਰੇ : 239

ਵੇਰਵਾ : ਹਰ ਪੱਤਰੇ ਤੇ 21 ਸਤਰਾਂ ਹਨ, ਕਾਗਜ਼ ਦੇਸੀ, ਕਾਲੀ ਸਿਆਹੀ, ਲਿਖਾਈ ਬਹੁਤ ਹੀ ਖ਼ੂਬਸੂਰਤ ਹੈ। ਅੰਤ ਦੀਆਂ ਤਿੰਨ ਸਤਰਾਂ ਲਾਲ ਸਿਆਹੀ ਨਾਲ ਲਿਖੀਆਂ ਹਨ। ਇੰਦਰ ਕੁਲੈਕਸ਼ਨ ਵਿੱਚ ਸੁਰੱਖਿਅਤ ਹੈ।

ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਸ੍ਰੀ ਪਰਮਾਤਮਨੇਨਮ: ॥ ਅਕਉਪਸਮਪ੍ਰਕਰਣੇ ਲਿਖਤੇ॥ ਬਾਲਮੀਕੋ ਵਾਚ॥ ਹੇਜਾਪੋ ਅਬਅਸਥਿਤ ਪ੍ਰਕਰਣਕੇ ਅਨੰਤਰ ਉਪਸਮਪ੍ਰਕਰਣ ਸੁ੍ਵਨਕਰੋ ॥

ਅੰਤ : ॥ ਇਤਿ ਸ੍ਰੀ ਮਹਾਰਾਮਾਇਣੇ ਮੋਛਸਾਸਤ੍ਰੇਉ ਪਸਮਪ੍ਰਕਰਣੇ ਆਰਖੇ ਦੇਵ ਦੂਤੋ ਉਕਤਸਭ ਸਹਸ੍ਰਸੰਹਿਤਾ ਯੰਬਾਲ ਕੀਡੇਮੋਖ ਉਪਾਏ ਸਮਾਪਤੰ ਨਾਮ ਨਵਾਸੀ ਮੋ ਸਰਕੀ ॥ ੮੯ ॥

ਹੱਥ-ਲਿੱਖਤ ਨੰ: 4

ਭਗਵਤ ਮਹਾਂ ਪ੍ਰਾਣ

ਲੇਖਕ : ਨਾ-ਮਾਲੂਮ

ਲਿਖਾਰੀ : ਨਾ-ਮਾਲੂਮ

ਸਮਾਂ : 200 ਸਾਲ ਪੁਰਾਣੀ

ਆਕਾਰ : 18.4×13.0 ਸੈਂਮੀ

ਲਿੱਖਤ : 12.2×8.0 ਸੈਂਮੀ

ਪੱਤਰੇ : 237

ਵੇਰਵਾ : ਪਹਿਲੇ ਦੋ ਪੰਨੇ ਗਾਇਬ ਹਨ। ਹਰ ਪੱਤਰੇ ਦੀਆਂ 10 ਸਤਰਾਂ ਹਨ। ਸਿਆਹੀ ਕਾਲੀ, ਕਾਗਜ਼ ਕਸ਼ਮੀਰੀ, ਖਾਸ ਖਾਸ ਸਤਰਾਂ ਲਾਲ ਸਿਆਹੀ ਨਾਲ ਲਿਖੀਆਂ ਹਨ। ਪੋਥੀ ਨਾ-ਮੁਕੰਮਲ ਹੈ। ਇੰਦਰ ਕੁਲੈਕਸ਼ਨ ਵਿੱਚ ਸੁਰੱਖਿਅਤ ਹੈ।

ਆਰੰਭ : ॥੧॥ ਸ੍ਰੀ ਸੁਕਉਵਾਚ॥ ਠਾਜਾਸੇ ਨਏਜਗਤ ਮੁਖੁ ਜੈਸੇ॥

ਅੰਤ : ਪਿਤਰੁਮੁਹੇ ਰਗਚਾਰਣੇ ਸਰਬ॥ ਗਰੁੜ ਲੋਕ ਪੰਛੀ ਅਰਸਿਧ॥ ਹਰਿ ਕੇ ਦਰਸ਼ਕਾ ਮਨਾਬ੍ਰਿਧ ॥ ੨॥ ਸਭ ਮਿਲਿ ਹਰਿਦਰਸਨ ਕੋ ਆਏ ॥ ਸਭ ਹਨਰਰਿ ਕੇਦਰਸ਼ਨ ਪਾਏ ॥ ਹਰਿ ਕੇ ....(ਬਾਕੀ ਪੰਨੇ ਗਾਇਬ ਹਨ)

ਹੱਥ-ਲਿਖਤ ਨੰ: 5

ਮੈਗ-ਵਿਲਾਸ

ਲੇਖਕ : ਮੁੰਨੀ ਮੈਗ ਰਾਜ

ਲਿਖਾਰੀ : ਨਾ-ਮਾਲੂਮ

ਸਮਾਂ : 150 ਵਰ੍ਹੇ ਪੁਰਾਣੀ

ਆਕਾਰ : 32.5 ×17.0 ਸੈਂਮੀ

ਲਿੱਖਤ : 21×12 ਸੈਂਮੀ

ਪੱਤਰੇ : 418

ਵੇਰਵਾ : ਹਰ ਪੱਤਰੇ ਤੇ 10-11 ਸਤਰਾਂ ਹਨ, ਸਿਆਹੀ ਕਾਲੀ ਵਰਤੀ ਗਈ ਹੈ। ਸ਼ੁਰੂ ਵਿੱਚ ਤੱਤਰਾ ਦਿੱਤਾ ਹੈ। ਇਸ ਪੋਥੀ ਵਿੱਚ ਆਯੂਰਿਵਿੱਦਕ ਨੁੱਕਸੇ ਅਤੇ ਤੰਤਰ ਮੰਤਰ ਦਿੱਤੇ ਹਨ। ਪੋਥੀ ਇੰਦਰ ਕੁਲੈਕਸ਼ਨ ਵਿੱਚ ਮੌਜੂਦ ਹੈ।

ਆਰੰਭ : ਅਥਮੇਘ। ਵਿਲਾਸ। ਲਿਖਯਤੇ। ੧ੳ ਸ੍ਰੀ ਗਣੇਸਾਨ ਮ: ॥ ਛਪੈ ॥ ਚਰਨ ਜੁਗਲਜਿਨ ਹਰਨਅ ਘਨਸਕ੍ ਕਰਨਪ੍ਰਗ ਟਜਸਮੇ ਘਸ੍ ਸਮਹਿਤ ॥

ਅੰਤ : ਚਤਰੁਰਵੈਦਾ ਅਰਣਵਜਗਤਇਸਕੋਕ੍ਰੋ ਪ੍ਰਮਾਨਾ। ਹੀਨਜ ਹਾਕ ਕਛੁ ਹੋਇ ਜੋ ਕਹਯੋ ਸੁਸਤਪ੍ਰਗਤੀਨਾ ੧੧੬॥ ਅਤਮਾਨੰਦੇਮੇ ਸੋਰਦ ਜੋ ਗ੍ਰੰਥ ਜੁਮੇਘਵਿਲੰਸਾ॥ ਮੇਘ ਨਾਮ ਅਨੁਸਾਰ ਕਰਦਿਨ ਦਿਨ ਹੋਤਿ ਵਿਲਾਸਾ ੧੧੭॥ ਇਤ ਸ੍ਰੀ ਮੇਘਵਿਲਾਸਾ ਸਮੁਨਮੇਘ ਰਾਜ ਵਿਰ ਦਤੇ ਨਾਮ ਦ੍ਵ ਦਸੋਧਯ,ਯ:

ਹੱਥ-ਲਿਖਤ ਨੰ: 6

ਪੋਥੀ

ਲੇਖਕ : ਨਾ-ਮਾਲੂਮ

ਲਿਖਾਰੀ : ਨਾ-ਮਾਲੂਮ

ਸਮਾਂ : 100 ਵਰ੍ਹੇ ਪੁਰਾਣੀ

ਆਕਾਰ : 18.8 ×14.0 ਸੈਂਮੀ

ਲਿੱਖਤ : 17.5×9.0 ਸੈਂਮੀ

ਪੱਤਰੇ : 228

ਵੇਰਵਾ : ਕਾਗਜ਼ ਦੇਸੀ, ਪੱਤਰੇ ਬਿੱਖਰੇ ਹਨ, ਸਤਰਾਂ ਦਾ ਆਕਾਰ ਵਿਭਿੰਨ ਹੈ ਜਿਵੇਂ 18,19,23 ਆਦਿ। ਕਾਲੀ ਸਿਆਹੀ ਵਰਤੀ ਗਈ ਹੈ। ਪੋਥੀ ਨਾ-ਮੁਕੰਮਲ ਹੈ। ਇੰਦਰ ਕੁਲੈਕਸ਼ਨ ਵਿੱਚ ਸੁਰਖਿੱਅਤ ਹੈ।

ਆਰੰਭ : ਸ੍ਰੀ ਗਨੇਸਾਏ ਨਹਿ॥ ਸੋਰਠਾ॥ ਜੇਹੀ ਸਮੀਰ ਤਮਿਧਿ ਹੋ ਇਗਣ ਨਾ ਇਕਕ ਰਿਵਰ ਬਦਨ॥ ਕਰ ਹੁਸਨੁ ਗ੍ਹ ਸੋਇ ਬੁਧੀ ਰਾਸ ਸੁਭਗ੍ ਨਸਦਨ॥੧॥

ਅੰਤ : ਦੋਹਾ॥ ਲਛ ਲਛ ਅਰਲ ਛਪ੍ਨੀ ਕੋਟਿ ਕੋਟਿਪ੍ ਨੀਕੋਰੀ॥ ਸੋਭਾਤ੍ਲੈਨ ਅਵਧ ਕੋਠੇ ਹਉ ਬ੍ਹੋਰੀ ਬੋਹਰੀ॥੧॥ ਸੋਰਠਾ॥ ਪਾਵਨ ਜਸੁਰਘਬੀਰ ਕਲੁ ਖਨਿ ਕੰਦਨ ਨਾਮਸੋ॥

ਹੱਥ ਲਿਖਤ ਨੰ: 7

ਹਿਕਮਤ ਪੋਥੀ

ਲੇਖਕ : ਨਾ-ਮਾਲੂਮ

ਲਿਖਾਰੀ : ਨਾ-ਮਾਲੂਮ

ਸਮਾਂ : 150 ਵਰ੍ਹੇ ਪੁਰਾਣੀ

ਆਕਾਰ : 3½" x 3"(9×8 ਸੈਂਟੀਮੀਟਰ)

ਪੱਤਰੇ : 31

ਵੇਰਵਾ : ਇਹ ਪੋਥੀ ਭੋਜ ਪੱਤਰ ਤੇ ਲਿਖੀ ਹੈ ਅਤੇ ਕਿਸੇ ਹਿਕਮਤ ਦੀ ਨਕਲ ਜਾਪਦੀ ਹੈ। ਪਹਿਲੇ, ਦੂਜੇ, ਛੇਵੇਂ ਪੱਤਰਿਆਂ ਤੇ ਸੱਤ ਸਤਰਾਂ ਹਨ ਜਦਕਿ ਤੀਜੇ ਅਤੇ ਸਤਵੇਂ ਪੱਤਰੇ ਤੇ ਛੇ ਸਤਰਾਂ ਹਨ।ਚੌਥੇ, ਪੰਜਵੇਂ ਤੇ ਅੱਠ ਸਤਰਾਂ ਹਨ। ਸਿਆਹੀ ਗੂੜੀ ਕਾਲੀ ਵਰਤੀ ਹੈ। ਇਹ ਹੱਥ ਲਿੱਖਤ ਜੰਮੂ ਪੁਰਾਤੱਤਵ ਵਿਭਾਗ ਦੇ ਨੰਬਰ 689 ਹੇਠ ਸੁਰਖਿੱਅਤ ਹੈ। ਇਹ ਲਿੱਖਤ ਹਰਵਿੰਦਰ ਸਿੰਘ ਸਪੁੱਤਰ ਧਰੂਦੇਵ ਸਿੰਘ ਨਗਰੋਟਾ (ਜੰਮੂ) ਤੋਂ ਖਰੀਦੀ ਗਈ ਹੈ।

ਆਰੰਭ : ਓਂ ਨਿਮੋ ਸ੍ਰਿਵਾਏ ਸ੍ਰਵਰਨ ਆਦੀ ਸੀ ਸ੍ਰਾਏ ਹਸੈਨ ਸਿੰਧੀ ਕੁਕੂਕ੍ਰੂ ਹ੍ਰੀਂ ਨਿਮੋ ਸ੍ਵਾਵਾ। ਦਸ ਰੋਜ ਪੈਲੇ ਦੁਰਗਾ ਦਾ ਮਹਾ ਲਖਮੀ ਜੀ ਦਾ ਅਨੁਸਠਾਨ।

ਅੰਤ : ਦਿਨਾ ਦਸਾ ਹਦਾ ਹੋਵੇ ਫਿਰ ਹਵਨ ਕਰ ਕੇ ਫਿਰ ਕੁੰਬ ਵਿਚੋਂ ਪਾਰਾ ਖਾਕ ਹੋਯਾ ਕਡ ਲੈਵੇ ਬਿਲ ਵਿਚ ਸਮਾਲ ਰੇਖੇ ਇਕ ਮਨ ਤਾਮ੍ਰ ਨੂ ਹਿਕ ਗਤੀ ਠੀਕ ਕਰੇ। ਬੂਟੀ (ਰੁਦ੍ਰਵੰਤੀ) ਵਿਚ ਰਲਾਵੇ ਇਕ ਚੀਜ ਹੋ ਜਾਸੀ ਫਿਰ ਅਗਨੀ ਦੇਵੇ ਤਾਂ ਤੋਲਦਾ ਪੂਰ ਲਿਕਲ ਸੀ ਫਿਰ ਮੋਜ ਕਰ।

ਹੱਥ ਲਿਖਤ ਨੰ: 8

ਬੁਧੀ-ਯੋਗ ਪ੍ਰਕਾਸ਼

ਲੇਖਕ : ਭੀਮ ਸੈਨ

ਲਿਖਾਰੀ : ਨਾ-ਮਾਲੂਮ

ਸਮਾਂ : 170 ਵਰ੍ਹੇ ਪੁਰਾਣੀ

ਆਕਾਰ : 5½" x 4" (14x 10 ਸੈਂਟੀਮੀਟਰ)

ਪੱਤਰੇ : 21

ਵੇਰਵਾ : ਕਾਗਜ਼ ਭੋਜ-ਪੱਤਰ, ਸਿਆਹੀ ਕਾਲੀ, ਪਹਿਲੇ ਪੰਨੇ ਦੋ ਦੋ ਪਾਸਿਆਂ ਤੋਂ ਤਿੰਨ ਲੀਕਾਂ ਦਾ ਮਾਰਜਨ ਹੈ। ਦੋ ਲੀਕਾਂ ਲਾਲ ਰੰਗ ਦੀਆਂ ਅਤੇ ਵਿੱਚਕਾਰਲੀ ਕਾਲੀ ਲੀਕ ਹੈ। ਹਰਫ਼ ਮੋਟੇ, ਪੋਥੀ ਜਿਲਦਬੰਦੀ ਹੋਈ ਹੈ। ਪੋਥੀ ਕਿਸੇ ਨੁੱਸਕੇ ਦਾ ਅਨੁਵਾਦ ਜਾਪਦੀ ਹੈ। ਪਹਿਲੇ ਤੇ ਅਖ਼ੀਰਲੇ ਪੰਨੇ ਤੇ ਛੇ ਸਤਰਾਂ ਹਨ । ਕਿਸੇ ਹਿੰਦੂ ਪੋਥੀ ਦਾ ਅਨੁਵਾਦ ਜਾਪਦੀ ਹੈ। ਜੰਮੂ ਪਰਤੱਤਵ ਵਿਭਾਗ ਵਿੱਚ ਨੂੰ 134 ਤੇ ਪਈ ਹੈ।

ਆਰੰਭ : ੧ਓਿ ਸ੍ਰੀ ਗਣੇ ਸਾਯਨਮ: ਓਕਾਰੰ ਓ ਓਕਾਰੰ ਓ ਹਰਿਦੇਵੰ ਓਂਕਾ ਰਓਜਨਾਰ ਦਨੰਾ। ਓਕਾਰੰ ਓਂਹ੍ਰਧੀ ਕੇਸੰ ਤੰਵੰ ਦੇਉ ਜਗਤ ਗੁਰੰਾ। ਸ੍ਰੀ ਵਿ ਸੰਨ ਸ੍ਰੀ ਗੋਪੀ ਨਾਥੰ ਸ੍ਰੀ ਕ੍ਰਿਸਨੰ ਸ੍ਰੀਮ ਹੀਧਰੰਾ। ਸ੍ਰੀ ਵਾਸਦੇਵੂੰ ਸ੍ਰੀ ਭ੍ਰਾਸੰਤੰਵੰ..........

ਅੰਤ : ਵਭਯਹ ਰੰ ਦੇਵੰ ਭਵਬੰਧ ਨਨਾਸਨੰਮ ਭਵਨਾਬਭਵਾਦਾਰੰਤੰ ਵੇਦ ਭਵਪਾਲਕੰ। ਭੀਮਸੇਨਾ ਗਚਿੰਤ ਦੇਵੰ ਬਪਿਦਾਨਟ ਵੰਦਿਤੀ। ਬਲਭਦ੍ਰੰ ਬਲੋਸੰ ਉਤੰਵੰਣੇ ਭਕਾਤ੍ਰਿਏਤਸੇਲੰਾ ਸ੍ਰਠਮੀ ॥

ਹੱਥ ਲਿਖਤ ਨੰ: 9

ਸ੍ਰੀ ਮਦਿ ਭਗਵਤ ਗੀਤਾ

ਲੇਖਕ : ਨਾ-ਮਾਲੂਮ

ਲਿਖਾਰੀ : ਨਾ-ਮਾਲੂਮ

ਸਮਾਂ : 1876 ਸੰਮਤ

ਆਕਾਰ : 10.5×17.0 ਸੈਂਟੀਮੀਟਰ

ਲਿਖਤ : 7.5×12.0 ਸੈਂਟੀਮੀਟਰ

ਪੱਤਰੇ : 489

ਵੇਰਵਾ : ਕਾਗਜ਼ ਦੇਸੀ, ਹਰ ਪੰਨੇ ਤੇ 7 ਸਤਰਾਂ ਹਨ, ਸਿਆਹੀ ਕਾਲੀ, ਪੋਥੀ ਮੁਕੰਮਲ ਹੈ। ਲਿਖਾਈ ਖੂਬਸੂਰਤ ਹੈ। ਪੋਥੀ ਇੰਦਰ ਕੁਲੈਕਸ਼ਨ ਵਿੱਚ ਸੁਰੱਖਿਅਤ ਹੈ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਓਅੰਸ੍ਰ ਸਤ ਸ੍ਰੀਗਣੇਸਾ ਇਨਿਮਹ॥ ਓਅੰ ਸ੍ਰੀ ਚੰਡਕ ਇਲ ਮਹਿ ॥ ਓਅੰਨਮੋਸ੍ਰੀ ਭਗਵਤੇ ਵਾਸੁਦੇਵਾਇ ॥ ਓਨਮੋ ਕ੍ਰਿਸਨਾਇ ॥ ਬਿਸਨਵੇ ਬਾਸਦੇ ਵਾਇ ॥ ਬਿਸਵੇ ਸਿ ਵਰਾਇ ॥ ਆਦਿ ਪੁਰਖਾਇ ॥ ਅਲੇਖਪੁਰਖਾਇ ॥ ਅਖਰ ਪਰਖਾਇ ॥ ਜਗਤ

ਅੰਤ : ਬਿਦਿ ਅੰਜੋਗੁਸਾਸਤ੍ਰੇ ਸ੍ਰੀ ਕ੍ਰਿਸਨਅਰਜਨ ਸੰਬਾਦੇ ਸ੍ਰੀ ਰਾਮ ਕ੍ਰਿਸ੍ਨ ਅਰਪਣ ਸਮਾਪਤੰ ॥ ਸੰਮਤ ॥ ੧੮੭੬ ॥ ਚੇਤੁ ਸੁਦੀ ॥ ਥਿਤਿ ਚਉਦੇਸੁ ਕ੍ਵਾਰਿ ਪੋਥੀ ਸੰਪੂਰਨਿ ਹੋਈ। ਭੁਲਚਕਕ ਬਸਣੀਲਗ ਕੰਨਾ ਸੋਧ ਕੋ ਪੜਣਾ॥ ਸ੍ਰੀ ਰਾਮ ਕ੍ਰਿਸ੍ਨ ਜੀ॥ ਧੰਨਿ ਗੁਰੂ ਵਾਹ ਗੁਰੂ ਜੀ ॥ ਰਾਮ ਜੀ ਕ੍ਰਿਸ਼ਨ ਜੀ॥ ਧੰਨਿ ਗੁਰੂ ਵਾਹ ਗੁਰੂ ਜੀ॥

ਹੱਥ ਲਿਖਤ ਨੰ: 10

ਗੁਰਬਾਣੀ ਪੋਥੀ

ਲੇਖਕ : ਨਾ-ਮਾਲੂਮ

ਲਿਖਾਰੀ : ਨਾ-ਮਾਲੂਮ

ਸਮਾਂ : 100 ਸਾਲ ਪੁਰਾਣੀ

ਆਕਾਰ : 21.0×15.2 ਸੈਂਟੀਮੀਟਰ

ਪੱਤਰੇ : ਇਸ ਪੋਥੀ ਦੇ ਪਹਿਲੇ ਅਤੇ ਅਖ਼ੀਰਲੇ ਬਹੁਤ ਸਾਰੇ ਪੱਤਰੇ ਗੁੰਮ ਹਨ, ਇਸ ਲਈ ਪੋਥੀ ਨਾ-ਮੁਕੰਮਲ ਹੈ। ਗੁਰਮੁਖੀ ਅੱਖਰਾਂ ਦੀ ਲਿਖਾਈ ਖ਼ੂਬਸੂਰਤ ਹੈ। ਹਰ ਪੰਨੇ ਦਾ ਚੌੜਾ ਮਾਰਜਨ ਕੇਸਰੀ ਰੰਗ ਦੀਆਂ ਤਿੰਨ ਲੀਕਾਂ ਉਲੀਕੀਆਂ ਹਨ। ਹਰ ਪੰਨੇ ਤੇ 7 ਸਤਰਾਂ ਹਨ। 'ਗੁਰੂ ਗ੍ਰੰਥ ਸਾਹਿਬ' ਅਤੇ 'ਦਸਮ ਗ੍ਰੰਥ' ਚੋਂ ਚੋਣਵੇਂ ਸ਼ਬਦ ਅੰਕਿਤ ਕੀਤੇ ਹਨ। ਪਉੜੀਆਂ ਕੇਸਰੀ ਰੰਗ ਨਾਲ ਲਿਖੀਆਂ ਹਨ। '੧ੳ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ॥ ਸ੍ਰੀ ਭਗੋਤੀ ਜੀ ਸਹਾਇ' ਲਾਲ ਰੰਗ ਨਾਲ ਲਿੱਖੇ ਹਨ।ਅਰਦਾਸ ਦੇ ਅਖ਼ੀਰ ਤੇ 'ਦਸਮਾ ਪਾਤਿਸ਼ਾਹ ਸਭ ਥਾਈਂ ਹੋਇ ਸਹਾਇ'ਲਿਖ ਕੇ 'ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ' ਸ਼ੁਰੂ ਕੀਤਾ ਹੈ। ਪੋਥੀ ਨਾ-ਮੁਕੰਮਲ ਹੈ। ਇਹ ਪੋਥੀ 'ਇੰਦਰ ਕੁਲੈਕਸ਼ਨ' ਵਿੱਚ ਸੁਰੱਖਿਅਤ ਹੈ।

ਆਰੰਭ : ਪਹਿਲੇ ਅਨੇਕਾਂ ਪੱਤਰੇ ਗੁੰਮ ਹਨ।

ਅੰਤ : ਅਖ਼ੀਰ ਦੇ ਅਨੇਕਾਂ ਪੱਤਰੇ ਗੁੰਮ ਹਨ।

ਹੱਥ ਲਿਖਤ ਨੰ: 11

ਭਗਵਤ ਮਹਾਂ ਪ੍ਰਾਨ

ਲੇਖਕ : ਨਾ-ਮਾਲੂਮ

ਲਿਖਾਰੀ : ਨਾ-ਮਾਲੂਮ

ਸਮਾਂ : 125 ਸਾਲ ਪੁਰਾਣੀ

ਆਕਾਰ : 17.2×11.5 ਸੈਂਟੀਮੀਟਰ

ਪੱਤਰੇ : 262

ਵੇਰਵਾ : ਇਹ ਗੁਰਮੁਖੀ ਲਿੱਖਤ ਦੇਸੀ ਕਾਗਜ਼ ਤੇ ਲਿਖੀ ਹੈ। ਸਿਆਹੀ ਕਾਲੀ, ਅੱਖਰ ਖ਼ੂਬਸੂਰਤ, ਹਰ ਸਫ਼ੇ ਤੇ 18 ਸਤਰਾਂ ਹਨ। ਇਸ ਗ੍ਰੰਥ ਦੇ ਆਖਰੀ ਪੰਨੇ ਗੁੰਮ ਹਨ, ਇਸ ਲਈ ਪੋਥੀ ਨਾ-ਮੁਕੰਮਲ ਹੈ। ਸਿਰਲੇਖ ਲਾਲ ਸਿਆਹੀ ਨਾਲ ਦਿਲਕਸ਼ ਲਿਖੇ ਹਨ। ਪੋਥੀ 'ਇੰਦਰ ਕੁਲੈਕਸ਼ਨ' ਕੋਲ ਸੁਰੱਖਿਅਤ ਹੈ।

ਆਰੰਭ : ਸ੍ਰੀ ਗਨੇਸਾਏ ਨਹਿ॥ ਸੋਰਠਾ॥ ਜੇਹੀ ਸ਼ਮੀਰ ਤਸਿਧਿ ਹੋਣਿ ਗਣ ਨਾਇਕ ਕਰਿ ਵਰਬਦਨਾ॥

ਅੰਤ : ਆਖ਼ਰੀ ਪੱਤਰੇ ਗੁੰਮ ਹਨ।

ਹੱਥ ਲਿਖਤ ਨੰ:12

ਅਧਿਆਤਮਕ ਮਹਾਂ ਰਮਾਇਣ+ ਕ੍ਰਿਸ਼ਨ ਲੀਲਾ

ਲੇਖਕ : ਨਾ-ਮਾਲੂਮ

ਲਿਖਾਰੀ : ਨਾ-ਮਾਲੂਮ

ਸਮਾਂ : 100 ਸਾਲ ਪੁਰਾਣੀ

ਆਕਾਰ : 32.5×21.8 ਸੈਟੀਂਮੀਟਰ

ਲਿੱਖਤ : 19.0×13.7 ਸੈਂਟੀਮੀਟਰ

ਪੱਤਰੇ : 4+12 (16)

ਵੇਰਵਾ : ਹਰ ਪੰਨੇ ਤੇ 13 ਸਤਰਾਂ, ਕਾਗਜ਼ ਦੇਸੀ, ਪਹਿਲਾ ਪੱਤਰਾਂ ਸੱਜੇ ਹੱਥ ਵੱਲ ਆਲੋਪ ਹੈ। ਪਹਿਲੇ ਚਾਰ ਪੱਤਰੇ ਅਧਿਆਤਮਕ ਮਹਾਂ ਰਮਾਇਣ ਦੇ ਹਨ ਜਦਕਿ 12 ਪੱਤਰੇ ਕ੍ਰਿਸ਼ਨ ਲੀਲਾ ਦੇ ਹਨ। ਪੋਥੀ ਨਾ ਮੁਕੰਮਲ ਹੈ। ਸਿਆਹੀ ਕਾਲੀ ਅਤੇ ਲਾਲ ਵਰਤੀ ਗਈ ਹੈ। ਹਰ ਪੱਤਰੇ ਤੇ ਦੋ ਕਾਲੇ ਅਤੇ ਇਕ ਲਾਲ ਮਾਰਜਨ (ਲੀਕਾਂ) ਹਨ। ਲਿਖਾਈ ਖੂਬਸੂਰਤ ਹੈ। ਇਹ ਪੋਥੀ ਇੰਦਰ ਕੋਲੈਕਸ਼ਨ ਵਿੱਚ ਸੁਰੱਖਿਅਤ ਹੈ।

ਆਰੰਭ : .... ਣੀਆ। ਰਾਮ ਅਵਤਾਰ ਕੀ ਉਦਾਰ ਕਥ...
ਲੋਕ ਗੁਰਸੰਭਇਹੁ ਭਾਤਿ ਹੈ ਬਖਾਣੀਆ॥ ....
ਹਾਤਮ ਸੁਸੰਭੁ ਹੀਪ ਛਾਨੇ ਮੁਨਿ ਸੁਨਤਿ ਮਿਟਾਹਿਖਾਪਪੁ.........
ਨਕੀ ਘਾਣੀਆ॥੪੫॥ਕਾਵਿਵਾਚਾ॥ ॥ ਦੋਹਰਾ॥ ॥ਮਨ ਬਾਣੀ ਪ੍ਰੇਰਕਸਦਾਰਾ ਘਵਚੇਤਰਨਧਾਮ॥ ਬਾਲਕ ਬਚਾ ਨਸੁਫੂ ਲਪਦਬਿ ਗਸੇਸੀ ਤਾਰਾ ਮਾਂ॥੪੬॥ ਛਪੈ ਛੰਦ॥ ਗਉਰੀ ਥੀ ਸੁਭ ਮਾਤ ਪਿਤਾ ਜਗਰਾਇਆ ਨਾਮਾ॥ ਗੁਲਾਬ ਸਿੰਘ ਮਤ ਮਾਨਭਯੋ ਸੁਤਿਤਾ ਕੈ ਧਾਮਾ॥ ਪੁਰਸੇਖ ਵਕੁਰਖਤੇ ਬਾਸ ਸੁਭਸੰਤਮ ਨਾਏ॥ ਪ੍ਰਾਚੀਕੂਲ ਸੁਤੀਰਥ ਨੀਰਸਰਸੁਤੀ ਛਾਏ॥

ਅੰਤ : ਨੀਲ ਅਟਾਰੀ ਛਜੇਸਿਆਮਿ॥ ਮਣਕੇ ਦੀਪਕ ਕ੍ਰੀਤਰ ਧਾਮਾ॥ ਕਿਰਤਮ ਮਧਰੇਕ ਪੋਤਬਨਾਇ॥ ਛਜਿਅਧੂ ਊਪਰਰਹੇ ਸੁਹਾਇ॥ ਤਿਨਕੇ ਪਾਸਿ ਕਬੂਤਰਿ ਬਹੈ॥ ਵਹੁ ਬੋਲਹਿ ਵਹੁ ਕਛੁ ਨ ਕਹੈ॥ ਮੰਦਰਿ ਧੁਖਤੇ ਧੂਪ ਅਪਾਰਿ॥ ਨਿਕਸੈ ਧੂਪ ਝਰੋਖੈ ਫਾਰਿਮਹ॥

ਹੱਥ ਲਿਖਤ ਨੰ: 13

ਭਗਵਤ ਮਹਾਂ ਪ੍ਰਾਣ

ਲੇਖਕ : ਨਾ-ਮਾਲੂਮ

ਲਿਖਾਰੀ : ਨਾ-ਮਾਲੂਮ

ਸਮਾਂ : ਸੰਮਤ 1839

ਆਕਾਰ : 31.2×23.3 ਸੈਂਟੀਮੀਟਰ

ਲਿਖਤ : 22.5×16.0 ਸੈਂਟੀਮੀਟਰ

ਪੱਤਰੇ : 466 (ਮੁਕੰਮਲ)

ਵੇਰਵਾ : ਹਰ ਪੱਤਰੇ ਤੇ 15 ਸਤਰਾਂ ਹਨ, ਸਿਆਹੀ ਕਾਲੀ ਵਰਤੀ ਹੈ ਪਰ ਚੌਪਈਆਂ ਆਦਿ ਲਾਲ ਰੰਗ ਦੀਆਂ ਹਨ। ਕਾਗਜ਼ ਦੇਸੀ ਵਰਤਿਆ ਹੈ। ਇੰਦਰ ਕੁਲਕੈਸ਼ਨ ਵਿਚ ਸੁਰਖਿੱਅਤ ਹੈ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥

ਸਹਣੇ ਸਾਏਨ ਮਹਾ॥ ਗਸੀ ਨੰਦ ਲਾਲੋ ਜਪਤਿ॥ ਅਬ ਅਸ੍ਰ ਮੇਧ ਭਾਖਾ ਕ੍ਰਿਤਕ ਇਦਾਕਨ ਲਿਖ॥ ਚਉਪਈ॥ ਪ੍ਰਿਥਮੇ ਪ੍ਰਣਵੋ ਗਿਰਜਾਨਦਨਾ। ਸੰਕਰਤ ਨਗਨਥਿਘਣਿ ਨਿਕਦਮ...........

ਅੰਤ : ਬੁਧਿ ਜਨਹੁ ਜਹਾਂ ਚੂਕਿ ਬਰਨਤਿ ਪਰੀ॥੬੦॥ਦੋਹਰਾ॥ ਇਤਿ ਸ੍ਰੀ ਭਾਰਥਪਰਬਣੇ ਅਸੁਮੇਧ ਬਖਿਯਾਨ॥ ਕਬਿ ਟਹਕਨਧਿਯਾ ਉਤਿਹਤਠੋ ਹਯਾ ਕ੍ਰਿਤ ਪੂਰਨ ਜਾਨਾ॥੬੧॥ ਇਤਿ ਸ੍ਰੀ ਮਹਾਂ ਭਾਰਥ ਪੁਰਾਣੇ ਧਰਮ ਜਗਿ ਬਖਿਯਾਨੇ ਕ੍ਰਿਸਨ ਚਰਿਤ੍ਰਜਗਿ ਸੰਪੂਨਸਿ ਧਿਕਾਰਜ ਧਰਮ ਸਫ਼ਲ ਨਾਮੇਤ੍ਰਿਹ ਤਰੋਧਿਯਾਇਸ ਮਾਪ ਓ ਮਸਤ ਸਭ ਮਸਤ॥੭੩॥੧੮॥੩੬॥

ਹੱਥ ਲਿਖਤ ਨੰ: 14

ਮਾਧਵਾਨਲ ਕਾਮ ਕੰਦਲਾ

ਲੇਖਕ	:	ਬੁੱਧ ਸਿੰਘ
ਲਿਖਾਰੀ	:	ਪੰਡਿਤ ਵਾਸਦੇਵ ਕਸ਼ਮੀਰੀ
ਸਮਾਂ	:	1896 ਬਿ (1839 ਈ.)
ਆਕਾਰ	:	5½x4¼ ਇੰਚ
ਲਿੱਖਤ	:	4×3 ਇੰਚ
ਪੱਤਰੇ	:	22-163

ਵੇਰਵਾ : ਕਾਗਜ਼ ਦੇਸੀ, ਲਿੱਖਤ ਸਾਫ਼ ਤੇ ਸ਼ੁੱਧ ਹਾਸ਼ੀਆ ਰੰਗੀਨ ਲਕੀਰਾਂ ਵਾਲਾ, ਮੁੱਢਲੇ ਪੱਤਰੇ ਗਵਾਚੇ ਹੋਣ ਕਰਕੇ ਪੁਸਤਕ ਨਾ-ਮੁਕੰਮਲ ਹੈ।

ਆਰੰਭ : .... ਦਤ ਛਬਿ ਦੇਤਿ।

ਹਾਵ ਭਾਵ ਕਰਿ ਮਾਦਿ ਭੁਤਨ, ਮਨੋ ਮੋਲ ਮਨ ਲੇਤ ॥ ੬੪ ॥

(ਪੱਤਰਾ:22)

ਅੰਤ : .... ਸੰਬਤ ਸੈਂ ਮਾਠ ਔ ਦਸਮੋ ਪੁਨ, ਤ੍ਰਿਸੰਤ ਊਪਰ ਦੇਹ ਮਿਲਾਈ। ਹਾੜ੍ਹ ਬਦੀ ਤਿਥਹੂੰ ਪਰਬਾ, ਬੁਧ ਸਿੰਘ ਕਵੀ ਸੁਭ ਪੂਰਨ ਗਾਈ ॥ ਪ੬੮ ॥ ਲਿਖਤਮਿੰਦ ਪੁਸਤਕੰ ਬਾਸਦੇਵ ਪੰਡਿਤ ਕਸ਼ਮੀਰੀ। ਸਾਲ ੧੮੯੬ ॥ ਰਾਮ ਜੀ ਸਹਾਇ ਜੀ। ਕ੍ਰਿਸ਼ਨ ਜੀ ਸਹਾਇ ਜੀ। ਫਗਨ ਬਦੀ ਚੌਥ ਸੰਪੂਰਨ ਲਿਖੀ। ਮਾਧਵਨਲ ਬੁਧ ਸਿੰਘ ਸੰਪੂਰਣੰ ਸਮਾਪਤੰ ॥ (ਪੱਤਰਾ:੧੬੩)

ਹੱਥ ਲਿਖਤ ਨੰ: 15

ਰਾਜਨੀਤਿ

ਲੇਖਕ : ਕਵੀ ਦੇਵੀ ਦਾਸ

ਲਿਖਾਰੀ : ਅਤਰ ਸਿੰਘ ਗਿਆਨੀ

ਸਮਾਂ : ?

ਆਕਾਰ : 6¼"x9½"

ਲਿੱਖਤ : 4¾"x 7¾"

ਪੱਤਰੇ : 16

ਵੇਰਵਾ : ਕਾਗਜ਼ ਦੇਸੀ; ਪੱਤਰੇ ਕੁੱਝ ਕਿਰਮ ਖੁਰਦਾ, ਜਿਸ ਕਰਕੇ ਕਈ ਥਾਈਂ ਛੇਕ ਪਏ ਹੋਏ; ਲਿਖਤ ਸਾਫ਼ ਤੇ ਸ਼ੁਧ, ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ, ਹਾਸ਼ੀਏ ਉੱਤੇ ਅਤੇ ਅਸਲ ਲਿਖਤ ਦੇ ਦਰਮਿਆਨ ਬਾਰੀਕ ਕਲਮ ਨਾਲ ਕੁੱਝ ਅਰਥ-ਭਾਵ ਪੈਰ-ਟੂਕਾਂ ਦੀ ਤਰ੍ਹਾਂ ਲਿਖੇ ਹੋਏ; ਸਿਰਲੇਖ, ਛੰਦਾਂ ਦੇ ਨਾਮ, ਵਿਸ਼੍ਰਾਮ -ਚਿੰਨ੍ਹ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ ਤੇ ਕੁੱਝ ਫੁੱਟ ਨੋਟ ਵੀ ਲਾਲ ਸਿਆਹੀ ਨਾਲ ਲਿਖੇ ਹੋਏ; ਪੱਤਰੇ 11 ਤੋਂ 14 ਤੱਕ ਰੰਗੀਨ ਲਕੀਰਾਂ ਦਾਰ ਹਾਸ਼ੀਏ ਵਾਲੇ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ।

ਆਰੰਭ : ੧ਓਂ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ।
ਮਾਥ ਦੇਵੀ ਦਾਸ ਕ੍ਰਿਤ ਰਾਜਨੀਤ ਲਿਖਯਤੇ॥ ਕਬਿਤੁ॥
ਨੀਤ ਹੀ ਤੈ ਧਰਮ; ਧਰਮ ਤੈ ਸਕਲ ਸਿਧ.........। (ਪਤਰਾ:1)

ਅੰਤ : ....ਪ੍ਰਹਿਲਾਦ ਹੇਤੁ ਜਾਨ ਨਾਥਨ ਕੇ ਬਾਂਧੇ ਆਪ, ਪਾਥਰ ਕੇ ਪਟ ਮੈਂ ਤੇ ਅਵਤਾਰ ਲੀਨੋ॥ ॥ ॥ ॥੭॥ ਇਤਿ ਸ੍ਰੀ ਦੇਵੀ ਦਾਸ ਕ੍ਰਿਥ ਰਾਜਨੀਤ ਸਮਾਪਤੰ ਸੁਭੰ॥ ਦੋਹਰਾ॥ ਸੰਮਤ ਮਹਿ ਦ੍ਵਿਜ ਜਨਮ ਗ੍ਰਹ, ਸਸਿ ਨ੍ਰਿਪ ਬਿਕ੍ਰਮ ਜਾਨ। ਮਾਸ ਹਾੜ੍ਹ ਪਛ ਸੁਕਲ ਕੀ, ਏਕਮ ਲਿਖਾ ਪ੍ਰਮਾਨ॥ (ਫੇਰ ਅੱਗੇ ਲਾਲ ਸਿਆਹੀ ਨਾਲ ਇਹੋ ਦੋਹਰਾ ਦੁਹਰਾ ਕੇ ਲਿਖਿਆ ਹੈ ਤੇ ਅੰਤ ਵਿਚ ਇਹ ਪਾਠ ਹੈ)
ਮੁਕਾਮ ਸੰਗਰੂਰ, ਹਸਤਾਖਰ ਅਤਰ ਸਿੰਘ ਗਯਾਨੀ, ਗੁਰੂ ਦੁਆਰੈ ਸ੍ਰੀ ਆਨੰਦਪੁਰ ਜੀ ਸਾਹਿਬ ਕੇ। (ਪੱਤਰਾ:19)

ਹੱਥ ਲਿਖਤ ਨੰ: 16

ਰਸ ਪ੍ਰਬੋਧ

ਲੇਖਕ : ਗੁਲਾਮ ਨਬੀ ਰਸਲੀਨ (ਬਿਲਗ੍ਰਾਮ, ਸ੍ਰੀ ਨਗਰ, ਕਸ਼ਮੀਰ)

ਲਿਖਾਰੀ : ਨਾ-ਮਾਲੂਮ

ਸਮਾਂ : ਚੇਤ ਸਦੀ ੬, ਦਿਨ ਬੁਧਵਾਰ, ੧੭੯੮ ਬਿ (1741ਈ.)

ਆਕਾਰ : 12"x6¾"

ਲਿੱਖਤ : 9¾"x 4¾"

ਪੱਤਰੇ : 45 (ਨਾ-ਮੁਕੰਮਲ)

ਵੇਰਵਾ : ਪੱਤਰੇ 45; ਪ੍ਰਤੀ ਸਫ਼ਾ 13 ਸਤਰਾਂ, ਕਾਗਜ਼ ਦੇਸੀ, ਲਿੱਖਤ ਸ਼ੁੱਧ ਤੇ ਸਾਫ਼, ਹਾਸ਼ੀਆ ਲਕੀਰਾਂਵਾਲਾ, ਪਤ੍ਰਾ 45 ਤੋਂ ਅੱਗੇ ਇਸ ਦਾ ਕੁੱਝ ਭਾਗ ਗੁੰਮ ਹੈ, ਇਸ ਲਈ ਅੰਤਲਾ ਪਾਠ ਨਹੀਂ ਮਿਲਦਾ। ਇਸ ਪੁਸਤਕ ਵਿਚ ਕਵੀ ਗੁਲਾਮਨਬੀ ਰਸਲੀਨ ਨੇ ਕਵਿਤਾ ਦੇ 9 ਰਸ, ਨਾਇਕਾ ਭੇਦ, ਹਾਵ-ਭਾਵ ਆਦਿ ਦਾ ਵਰਣਨ ਬੜ੍ਹੇ ਸੁੱਚਜੇ ਢੰਗ ਨਾਲ ਕੀਤਾ ਹੈ। ਸ਼ਬਦ -ਚੋਣ ਤੇ ਬੋਲੀ ਇਸ ਪੁਸਤਕ ਦੀ ਪ੍ਰਸੰਸਾ ਯੋਗ ਹੈ। ਇਹ ਪੁਸਤਕ ਇਕ ਵੇਰ ਨਾਗਰੀ ਅੱਖਰਾਂ ਵਿਚ ਛੱਪ ਚੁਕੀ ਹੈ।

ਆਰੰਭ : ੧ਓ ਸ੍ਰੀ ਗਣੇਸ਼ਾਯ ਨਮ:। ਅਥ ਰਾਸ ਪ੍ਰਬੋਧ ਲਿਖਯਤੇ॥ ਦੋਹਾ॥ ਅਲਹ ਨਾਮ ਛਬਿ ਦੇਤ ਯਹ, ਗੂੰਥਨ ਕੇ ਸਿਰ ਆਇ। ਜਯੋ ਰਾਜਨ ਕੀ ਮੁਕਟ ਤੇ, ਅਤਿ ਸੋਭਾ ਸਰਸਾਇ॥੧॥

ਹੱਥ ਲਿਖਤ ਨੰ: 17

ਰਸ ਪ੍ਰਬੋਧ

ਲੇਖਕ : ਗੁਲਾਮ ਨਬੀ ਰਸਲੀਨ

ਲਿਖਾਰੀ : ਨਾ-ਮਾਲੂਮ

ਸਮਾਂ : ਸੰਨ 1154 ਹਿੱਜਰੀ

ਆਕਾਰ : 6¾"x9½"

ਲਿੱਖਤ : 4"x 7¼"

ਪੱਤਰੇ : 122

ਵੇਰਵਾ : ਕਾਗ਼ਜ਼ ਕਸ਼ਮੀਰੀ, ਲਿੱਖਤ ਸਾਫ਼ ਤੇ ਸ਼ੁੱਧ, ਹਾਸ਼ੀਆ ਰੰਗੀਨ ਲਕੀਰਾਂ ਵਾਲਾ, ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ, ਕਈ ਥਾਵੀਂ ਪੈਰ-ਟੂਕਾਂ ਵੀ ਹਾਸ਼ੀਏ ਉੱਤੇ ਦਿੱਤੀਆਂ ਹਨ ਜੋ ਕਿਸੇ ਹੋਰ ਕਲਮ ਦੀ ਲਿੱਖਤ ਹਨ।

ਆਰੰਭ : ੧ਓ ਸਤਿਗੁਰ ਪ੍ਰਸਾਦਿ॥

ਅਥ ਰਸ ਪ੍ਰਬੋਧ ਲਿਖਯੇਤ॥ ਦੋਹਾ॥ਅਲਹ ਨਾਮ ਛਬਿ ਦੇਤ ਯਹ, ਗ੍ਰੰਥਨ ਕੇ ਸਿਰ ਆਇ।........ (ਪੱਤਰਾਂ:1)

ਅੰਤ : ਜੇ ਪਾਵਤ ਗੁਰੂ ਗਯਾਨ ਤੇ ਤਜ ਸਬ ਜਗ ਤੇ ਬਾਤ। ਨਾਰਾਇਨ ਕੋ ਨਾਮ ਲੈ ਪਾਰਾਯਨ ਵੈ ਜਾਤ॥ ॥37॥ ਭਲੇ ਬੁਰੇ ਸਭ ਤੇਰੇ ਈ, ਸੁਨ ਲੀਜੈ ਯਹ ਨਾਥ। ਰਚ ਆਪਨੇ ਹਾਥ ਸੌਂ, ਲਾਜ ਤਿਹਾਰੇ ਹਾਥ॥1138॥ ਅਥ ਗਰੰਥ ਕੀ ਪਰਿ ਪੂਰਨਤਾ ਬਰਨਨੰ। (ਪਤਰਾ:122)

ਹੱਥ ਲਿਖਤ ਨੰ: 18

ਰਸ ਪ੍ਰਬੋਧ

ਲੇਖਕ : ਕਵੀ ਗੁਲਾਮ ਨਬੀ ਰਸਲੀਨ

ਲਿਖਾਰੀ : ਲਾਲ ਚੰਦ ਕਾਨੂੰਗੋ, ਬੋਹਾ ਠਾਨਾ, ਤਹਿਸੀਲ ਭੀਖੀ, ਨਿਜਾਮਤ ਬਰਨਾਲਾ (ਰਿਆਸਤ ਪਟਿਆਲਾ)

ਸਮਾਂ : ਸੰਨ 1154 ਹਿ; ਨਕਲ-ਸੰਮਤ 1938 ਬਿ

ਆਕਾਰ : 7½"x12"

ਲਿੱਖਤ : 4¾"x 10"

ਪੱਤਰੇ : 71

ਵੇਰਵਾ : ਕਾਗ਼ਜ਼ ਪੀਲਾ ਮੋਤੀਆਂ ਸਿਆਲ ਕੋਟੀ; ਲਿਖਤ ਸਿੱਧੀ ਸਾਦੀ, ਜੋ ਬੇਪਰਵਾਹੀ ਨਾਲ ਲਿਖੀ ਹੋਣ ਕਰਕੇ ਕਿਤਨੇ ਥਾਵੀਂ ਅਸ਼ੁੱਧ ਵੀ ਹੈ ਤੇ ਸ਼ੁੱਧੀ ਦੇ ਅੱਖਰ ਜਾਂ ਸ਼ਬਦ ਥਾਉਂ ਥਾਈਂ ਨਿਸ਼ਾਨ ਲਾ ਕੇ ਹਾਸ਼ੀਏ ਉੱਤੇ ਦਿੱਤੇ ਹੋਏ ਹਨ; ਹਾਸ਼ੀਆਂ ਲਾਲ ਲਕੀਰਾਂ ਵਾਲਾ। ਪੁਸਤਕ ਦੇ ਆਦਿ-ਅੰਤ ਵਿੱਚ ਕਈ ਵਾਧੂ ਯਾਦਦਾਸ਼ਤਾਂ ਵੀ ਖਾਲੀ ਪੱਤਰਿਆਂ ਉੱਤੇ ਲਿਖੀਆਂ ਹੋਈਆਂ ਹਨ। ਹੱਥ-ਲਿੱਖਤ ਭਾਸ਼ਾ ਵਿਭਾਗ ਵਿਚ ਸੁਰੱਖਿਅਤ ਹੈ।

ਆਰੰਭ : ੧ਓ ਸਤਿਗੁਰ ਪ੍ਰਸਾਦਿ॥

ਅਥ ਰਸ ਪ੍ਰਬੋਧ ਲਿਖਤੇ॥ ਦੋਹਾ॥ ਅਲਹ ਨਾਮ ਛਬਿ ਦੇਤ ਹੈ, ਗ੍ਰੰਥਨ ਕੇ ਸਿਰ ਆਇ। ਜਿਯੋਂ ਰਾਜਨ ਕੇ ਮੁਕਟ ਤੇ, ਅਤਿ-ਸੋਭਾ ਦਰਸਾਇ॥ 1 ॥ (ਪੱਤਰਾ:1)

ਅੰਤ : ਗਯਾਰਹ ਸੈ ਚੌਵਨ ਸਕਲ, ਹਿਜਰੀ ਸੰਮਤ ਪਾਇ। ਸਬ ਗਯਾਰਾ ਸੈ ਚੌਵਨਾ ਦੋਹਾ ਰਾਖੇ ਲਯਾਇ॥ ਇਤਿ ਸ੍ਰੀ ਹੁਸੈਨ ਬਾਸਤੀ ਬਿਲਗਰਾਮੀ ਸੈਅਦ (ਸਯੱਦ) ਬਾਕਰ ਸੁਤ ਸੈਦ ਗੁਲਾਮ ਨਬੀ ਬਰਚਿਤਯਾਂ ਰਸ ਪ੍ਰਬੋਧ ਗ੍ਰੰਥ ਸਮਾਪਤੰ। ਉਨੀ ਸੈ ਚੋਤੀ ਬਿਖੇ, ਫਾਗਨ ਸੁਦਿ ਸੁਖ ਪਾਇ। ਸ਼ੁਕਰ ਵਾਰ ਦਿਨ ਜਾਨੀਏ, ਭੂਲੋ ਦੇਹ ਬਨਾਇ (ਪਤਰਾ: 71)

ਹੱਥ ਲਿਖਤ ਨੰ: 19

ਜਨਮ ਸਾਖੀ ਗੁਰੂ ਨਾਨਕ ਸ਼ਾਹ ਕੀ (ਸਚਿੱਤ੍ਰ)

ਲੇਖਕ : ਸੰਤ ਦਾਸ ਛਿੱਬਰ

ਲਿਖਾਰੀ : ਨਾ-ਮਾਲੂਮ

ਸਮਾਂ : ਸੰਮਤ 1881

ਆਕਾਰ : 10½"x7"

ਲਿੱਖਤ : 7½"x4½"

ਪੱਤਰੇ : 254

ਵੇਰਵਾ : ਗੁਰੂ ਨਾਨਕ ਦੇਵ ਜੀ ਦੀ ਜੀਵਨੀ ਜੋ ਜਨਮਸਾਖੀ ਭਾਈ ਬਾਲਾ ਨੂੰ ਆਧਾਰ ਬਣਾ ਕੇ ਕਵਿਤਾ ਵਿਚ ਲਿੱਖੀ ਗਈ ਹੈ। ਸਾਧ ਭਾਸ਼ਾ ਹੈ, ਪੋਥੀ ਸੰਪੂਰਨ ਹੈ। ਇਹ ਪੁਸਤਕ ਰੂਪ ਵਿੱਚ ਹੁਣ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਛੱਪ ਚੁੱਕੀ ਹੈ। ਹੱਥ-ਲਿੱਖਤ ਕਾਪੀ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਿੱਚ ਸੁਰਖਿੱਅਤ ਹੈ।

ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਅਗੇ ਮੂਲਮੰਤਰ॥ ਜਨਮ ਸਾਖੀ ਸ੍ਰੀ ਸਤਿਗੁਰੂ ਨਾਨਕ ਸਾਹਿਬ ਜੀ ਕੀ ਲਿਖਿਯਤੇ॥ ਪ੍ਰਭ ਅਨੰਦ ਗੁਣ ਬਹਿਰੇ ਤਿਸ ਕਿਆ ਬਰਨੋ ਨਾਮੁ॥ ਸਤਿ ਚਿਤ ਆਨੰਦ ਜੋ ਪ੍ਰਭੁ ਤਾਕੋ ਕਰੋ ਪ੍ਰਣਾਮ॥ (ਪਤਰਾਂ:1)

ਅੰਤ : ਦੋਹਰਾ॥ ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰ ਅਵਤਾਰ॥ ਜਗ ਮਗ ਜੋਤ ਬਿਰਾਜਹੀ ਸ੍ਰੀ ਅਬਚਲ ਨਗਰ ਅਪਾਰ॥

(ਪਤਰਾ:254)

ਹੱਥ ਲਿਖਤ ਨੰ: 20

ਅਨੇਕਾਰਥ ਭਾਖਾ

ਲੇਖਕ : ਮਹਾਕਵੀ ਨੰਦ ਦਾਸ

ਲਿਖਾਰੀ : ਸੇਵਾ ਸਿੰਘ ਛਿੱਬਰ

ਸਮਾਂ : 15 ਸਾਵਣ, 1878 ਬਿ

ਆਕਾਰ : 6½"x3½"

ਲਿੱਖਤ : 4¼"x 2½"

ਪੱਤਰੇ : 255

ਵੇਰਵਾ : ਪੱਤਰਾ 47 ਤੋਂ ਅੱਗੇ 49 ਤੇ ਇੱਕ ਛੰਦ ਸੂਚੀ ਤੇ ਫੇਰ 200 ਤੋਂ 255 ਪੱਤਰੇ (56) ਕਵੀ ਪ੍ਰਿਯਾ ਸਟੀਕ (ਅਧੂਰੀ) ਦਰਜ ਹੈ।

ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਅਥ ਅਨੇਕਾਰਥ ਭਾਖਾ ਲਿਖਤੇ॥ ਦੋਹਰਾ॥ ਜੋ ਪ੍ਰਭਿ ਜੋਤ ਮਯ ਜਗਤਿ ਮੈ, ਕਾਰਨ ਕਾਰਨ ਅਭੇਵ। ਬਿਘਨ ਹਰਨ ਸਭ ਸੁਖੁ ਕਰਨ, ਨਮੋ ਨਮੋ ਤਿਹ ਦੇਵ॥੧॥ ਏਕੈ ਬਸਤੁ ਅਨੇਕ ਹੈ, ਜਗਮਗਾਤ ਜਗ ਧਾਮ। ਜਿਯੋ ਕੰਚਨ ਕੇ ਕਿੰਕਣੀ, ਕੰਕਨ ਕੁੰਡਲ ਨਾਮ॥੨॥ ਉਚਰ ਸਕਤ ਨਹਿ ਸਹੰਸਕ੍ਰਿਤ, ਸਮਝਨ ਕਹ ਸਮਰੱਥ। ਤਿਨ ਹਿਤ ਨੰਦ ਸੁਮਤਿ ਜਥਾ, ਭਾਖਾ ਅਨਿਕ ਅਰਥ॥੩॥ ਸ਼ਬਦ ਏਕੇ ਨਾਨਾ ਅਰਥ, ਮੋਤਨ ਕੀ ਸੀ ਦਾਮ। ਜੇ ਨਰ ਕਰ ਹੈ ਕੰਠ ਯਹਿ, ਤੇ ਹ੍ਵੈ ਛਬਿ ਧਾਮ॥੪॥ ਸ਼ਿਵ ਸ਼ਬਦਾਰਥ। ਸ਼ਿਵ ਹਰਿ ਸ਼ਿਵ ਬਸੁ ਸੁਕ ਸੁ ਸ਼ਿਵ, ਸ਼ਿਵ ਕਹੀਏ ਕਲਯਾਨ। ਸਿਖ ਸੁਖਦਾਇਕ ਸਬਨ ਕੇ, ਹਰਿ ਈਸਰ ਭਗਵਾਨ॥੫॥

ਅੰਤ : ਸਨੇਹ ਸਬਦਾਰਥ।

ਤੇਲ ਸਨੇਹ ਘ੍ਰਿਤ, ਉਤਮ ਪਰੇਮ ਸਨੇਹੁ।
ਸੋ ਸਨੇਹੁ ਨਿਜ ਚਰਨ ਕੋ, ਨੰਦ ਦਾਸ ਕਹ ਦੇਹੁ॥੧੪੯॥ ਦੋਹਰਾ॥
ਸ਼ਬਦ ਸਮੁਦ੍ਰ ਮੈ ਸ਼ਬਦ ਗੁਨ, ਕੋ ਕਾਢਨ ਸਮਰਥ।
ਮਰਜੀਆਂ ਸਸਕੰਤ ਜਸ, ਤੈਸੇ ਆਵੈ ਹੱਥ॥੧੫੦॥
ਜੋ ਯਾ ਅਨੇਕੋ ਅਰਥ ਕੋ, ਪਢੈ ਸੁਨੈ ਨਰੁ ਕੋਇ।
ਤਾ ਕੋ ਅਰਥ ਅਨੇਕ ਹੈ, ਪੁੰਨ ਪ੍ਰਮਾਰਥ ਹੋਇ॥੧੫੧॥
ਇਤ ਅਨੇਕਾਮਰਥ ਸਮਾਪਤੰ।

ਸੰਮਤ ੧੮੭੮। ਸਾਵਣ ਦਿਨੈ ੧੫। ਪੋਥੀ ਲਿਖੀ ਨਗਰ ਗੁਜਰਾਤਿ ਵਿਚ। ਖਾਤਰ ਗੁਲਾਬ ਸਿੰਘ ਸਿਰਦਾਰ ਜੀ ਦੀ ਪੜ੍ਹਨ ਵਾਸਤੇ। ਦਸਖਤ ਸੇਵਾ ਸਿੰਘ, ਛਿੱਬਰ।

ਇਤ ਸ੍ਰੀ ਰਾਧਕਾ ਕੀ ਸਿਖ ਨਖ ਬਲਭਦ੍ਰ ਕ੍ਰਿਤ ਸੰਪੂਰਨੰ। ਸੁਭੰ ਭੂਯਾਤ॥੧॥ ਸੰਮਤ ੧੮੭੪ ਫੱਗਣ ਸੁਦੀ ਪੂਰਨਮਾਸੀ ਪੋਥੀ ਲਿਖੀ ਭਾਈ ਸਾਧੂ ਸਿੰਘ ਗ੍ਰਿੰਥੀ ਨੇ ਰਾਜਨ ਪਤਿ ਰਾਜਾ ਮਹਾਰਾਜਾ ਫਤੇ ਸਿੰਘ ਜੀ ਦੇ ਪਠਨ ।ਅਰਥ। ਸੁਭ ਮਸ੍ਤ

ਹੱਥ ਲਿਖਤ ਨੰ: 21
ਸੁੰਦਰ ਸ਼ਿੰਗਾਰ

ਲੇਖਕ : ਕਵੀ ਰਾਇ ਸੁੰਦਰ
ਲਿਖਾਰੀ : ਸੇਵਾ ਸਿੰਘ ਛਿਬਰ
ਸਮਾਂ : ਸੰਮਤ 1688 ਬਿ
ਆਕਾਰ : –
ਪੱਤਰੇ : 108
ਵੇਰਵਾ : ਹਰ ਸਫ਼ਾ 7 ਸਤਰਾਂ ਦਾ, ਕਾਗਜ਼ ਦੇਸੀ, ਲਿੱਖਤ ਪ੍ਰਾਚੀਨ, ਹਾਸ਼ੀਆ ਲਕੀਰਾਂ ਵਾਲਾ, ਸਿਰਲੇਖ ਲਾਲ ਸਿਆਹੀ ਨਾਲ ਲਿੱਖੇ ਹੋਏ, ਲਿੱਖਤ ਸਾਫ਼, ਜੋ ਚੰਗੀ ਤਰ੍ਹਾਂ ਪੜ੍ਹੀ ਜਾਂਦੀ ਹੈ।

ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਅਥ ਸੁੰਦਰ ਸ਼ਿੰਗਾਰ ਲਿਖਦੇ॥
ਦੋ ਹਰਾ॥ ਦੇਵਨ ਪੂਜਨ ਸਰਸ੍ਰਤੀ, ਪੂਜੋਂ ਹਰਿ ਕੇ ਪਾਇ।
ਨਿਮਸਕਾਰ ਕਰ ਜੋਰਿ ਕੈ, ਕਰੇ ਮਹਾ ਕਾਵਿ ਰਾਇ॥੧॥
ਨਗਰ ਆਗੋ ਬਸਤ ਹੈ, ਜਮੁਨਾ ਤਟਿ ਸੁਭ ਥਾਨ।
ਤਹਾਂ ਪਾਤਿਸ਼ਾਹੀ ਕਰੈ, ਬੈਠੋ ਸਾਹ ਜਹਾਨ॥ ॥
ਸਾਹਿ ਜਾਹਾਂ ਤਹਿ ਸੁਨਨ ਕੋ, ਦੀਨੇ ਅਗਨਤਿ ਦਾਨ।
ਤਿਨ ਮੇਂ ਸੁੰਦਰ ਸੁਕਵਿ ਕੋ, ਬਹੁਤ ਕੀਓ ਸਨਮਾਨ॥੧੦॥
ਨਗ ਭੂਖਨ ਮਨਸਬ ਦਏ, ਹੈ ਹਾਥੀ ਸਰਪਾਇ।
ਪ੍ਰਥਮ ਦੀਓ, ਕਵਿ ਰਾਇ ਪਦ, ਬਹੁਰਿ ਮਹਾ ਕਵਿ ਰਾਇ॥੧੧॥
ਬਿਪੁ ਗੁਆਰਿਟੇਰ ਨਗਰ ਕੋ, ਬਾਸੀ ਹੈ ਕਵਿਰਾਜ
ਜਾ ਸੋ ਸਾਹੁ ਮਇਆ ਕਰੈ, ਬਡਾ ਗਰੀਬ ਨਿਵਾਜ॥੧੨॥
ਜਬ ਕਵਿ ਕੋ ਮਨੁ ਯੋ ਬਢਿਯੋ, ਤਬ ਯਹਿ ਕੀਓ ਬੀਚਾਰ।
ਬਰਨਤ ਨਾਇਕ ਨਾਇਕਾ, ਰਚਯੋ ਗ੍ਰੰਥ ਬਿਸਤਾਰ॥੧੩॥
ਸੁੰਦਰ ਕ੍ਰਿਤ ਸਿੰਗਾਰ ਹੈ, ਸਗਲ ਰਸਨ ਕੋ ਸਾਰੰ
ਨਾਮੁ ਧਰਿਯੋ ਯਾ ਗ੍ਰੰਥ ਕੋ, ਯਹਿ ਸੁੰਦਰ ਸ਼ਿੰਗਾਰ॥੧੪॥
ਸੰਮਤ ਸੋਲਾ ਸੈ ਬਰਖ, ਬੀਤੇ ਅਠਾ ਸੀਤ।
ਕਾਤਕ ਮੁਦ ਖਸਟੀ ਗੁਰੋ, ਰਚਿਯੋ ਗ੍ਰੰਧੁ ਕਹਿ ਪ੍ਰੀਤ॥੧੬॥

ਅੰਤ : ਦੋਹਰਾ॥ ਨਰਬਾਨੀ ਯਾ ਕੇ ਕਰੀ, ਸੁਰਬਾਨੀ ਤੇ ਆਇ।
ਜੈਸੇ ਮਗਰ ਰਸ ਰੀਤਿਕੋ, ਨੀਕੇ ਸਮਝਿਯੋ ਜਾਇ॥੩੫੬॥
ਯਹ ਸੁੰਦਰ ਸ਼ਿੰਗਾਰ ਕੀ, ਪੋਥੀ ਰਚੀ ਬਿਚਾਰਿ।
ਚੂਕਿਯੋ ਹੋਇ ਕਹੂੰ ਜਹਾਂ, ਲੀਜੈ ਸੁਕਵਿ ਸੁਧਾਰਿ॥੩੫੬॥
ਇਤ ਸ੍ਰੀ ਸੁੰਦਰ ਸਿੰਗਾਰ ਕ੍ਰਿਤ ਕਵਿ ਰਾਇ ਸੁੰਦਰ ਸਮਾਪਤੰ॥

ਹੱਥ ਲਿਖਤ ਨੰ: 22
ਸਾਰ ਗੀਤਾ ਤੇ ਹੋਰ ਰਚਨਾਵਾਂ

ਲੇਖਕ : ਨਾ-ਮਾਲੂਮ

ਲਿਖਾਰੀ : ਨਾ-ਮਾਲੂਮ

ਸਮਾਂ : ਅੰਦਾਜ਼ਨ 200 ਸਾਲ ਪੁਰਾਣੀ

ਆਕਾਰ : 5"x3¾"

ਲਿੱਖਤ : 3½"x 2¼"

ਪੱਤਰੇ : 169

ਵੇਰਵਾ : ਇਸ ਪੋਥੀ ਵਿਚ ਸਾਰ ਗੀਤਾ, ਗਰਭ ਗੀਤਾ, ਕਰਮ ਗੀਤਾ, ਸਪਤ ਸਲੌਕੀ ਗੀਤਾ, ਚਤਰ ਸਲੋਕੀ ਭਾਗਵਤ, ਏਕ ਸਲੋਕ ਰਾਮਾਇਣ, ਚਤਰ ਸਲੋਕੀ ਮਹਾਭਾਰਤ, ਹਨੂਮਾਨ ਨਾਟਕ, ਬੀਜ ਮੰਦ੍ਰ, ਸਿੰਘ ਗਊ ਕਥਾ, ਗੋਸਟਿ ਰਾਜੇ ਜਨਕ ਕੀ, ਚੰਡੀ ਦੀ ਵਾਰ, ਬ੍ਰਿੰਦ ਸਤਸਈ ਤੇ ਚਾਣਕ ਨੀਤੀ ਭਾਖਾ। ਭਾਸ਼ਾ ਬ੍ਰਿਜ ਹੈ। ਧਾਰਮਿਕ ਤੇ ਰਾਜਨੀਤਿਕ ਵਿਸ਼ੇ ਲਏ ਹਨ।

(ੳ) ਸਿੰਘ ਗਊ ਕਥਾ

ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਓਸਵ ਸਤਿ ਸ੍ਰੀ ਗਣੇ ਸਾਇ ਨਮਹ॥ ਅਥ ਸਿੰਘ ਗਊ ਕੀ ਕਥਾ॥ ਇਤਹਾਸ ਪੁਰਾਣ ਕਾ ਮਤ। (ਪਤਰਾ:1)

ਅੰਤ : ਸਾਧ ਸੰਗਿ ਮਨੁ ਤ੍ਰਿਪਤੀਐ ਆਦਿ ਅੰਤ ਸੁਖ ਪਾਇ॥57॥ ਇਤਿ ਸ੍ਰੀ ਇਤਿਹਾਸ ਪੁਰਾਣੇ ਸਿੰਘ ਗਊ ਸੰਬਾਦੇ ਸਪਤਮੋ ਧਿਆਉ॥ (ਪਤਰਾ:169)

ਹੱਥ ਲਿਖਤ ਨੰ: 23

ਸਿੰਘ ਗਊ ਕੀ ਕਥਾ ਤੇ ਅਸਮੇਧ ਲਊ ਕੁਸੁ

ਲੇਖਕ	:	ਨਾ-ਮਾਲੂਮ
ਲਿਖਾਰੀ	:	ਨੰਦ ਸਿੰਘ
ਸਮਾਂ	:	ਅੰਦਾਜ਼ਨ 100 ਸਾਲ ਪੁਰਾਣੀ
ਆਕਾਰ	:	7"x4⅔"
ਲਿੱਖਤ	:	3⅔""x 3"
ਪੱਤਰੇ	:	86+49

ਵੇਰਵਾ : ਇਸ ਵਿਚ ਬਹੁਤ ਸਾਰੀਆਂ ਲਿੱਖਤਾਂ ਅੰਕਿਤ ਹਨ ਜਿਵੇਂ ਸਿੰਘ ਗਊ ਜੀ ਕਥਾ (1-86); ਅਸਮੇਧ ਲਊ ਕੁਸੁ (1-49); ਮੂਰਖ ਸਤਕ ਗਿਆਨ ਦਾਸ (621-623); ਸਰਬ ਰੋਗ ਕੇ ਸ਼ਬਦ (624-637), ਸਲੋਕ (637-646) ਫੁਟਕਲ ਸ਼ਬਦ (648), ਹਨੂਮਾਨ ਮਹਿਮਾ (650), ਪਰਾਰਥਨਾ ਦਸ਼ਕ (650-660), ਫੁਟਕਲ ਕਬਿਤ (650-653) ਤੇ ਹੋਰ ਬਾਣੀ, ਵਾਰ ਸੰਤ (653-654); ਫੁਟਕਲ ਸਲੋਕ ਆਦਿ (654-656); ਸਤਸਤੋਤ੍ਰ ਧਾਰ ਗ੍ਰੰਥ-ਗਿਆਨ ਦਾਸ (656-660), ਹਿੰਮਤ ਸਿੰਘ ਕੇ ਕਵਿਤ ਸਵੈਸੇ (661-672), ਸਾਸਤ੍ਰ ਭਾਖਾ ਅਮਰ ਸਿੰਘ (672)

(ੳ) ਸਿੰਘ ਗਊ ਕੀ ਕਥਾ

ਆਰੰਭ : ਸ੍ਰੀ ਗਨੇਸਾਇ ਨਮਾ॥ ਅਥ ਸਿੰਘ ਗਊ ਕੀ ਕਥਾ ਲਿਖਤੇ ਇਤਿਹਾਸ ਪੁਰਾਣ ਕਾ ਮਤੁ॥ (ਪੱਤਰਾ:1)

ਅੰਤ : ਸਾਧ ਸੰਗਿ ਮਨ ਤ੍ਰਿਪਤੀਐ ਔਦ ਯੰਤ ਸੁਖ ਪਾਇ॥ ਕਥਾ ਸਿੰਘ ਗਉ ਕੀ ਸੰਪੂਰਨ ਭਈ॥ (ਪਤਰਾ:86)

ਹੱਥ ਲਿਖਤ ਨੰ: 24

ਦ੍ਰੋਪਤੀ ਚਰਿਤ੍ਰ ਤੇ ਹੋਰ ਰਚਨਾਵਾਂ

ਲੇਖਕ : ਵਿਭਿੰਨ

ਲਿਖਾਰੀ : ਸੁਹੇਲ ਸਿੰਘ ਛੀਬਾ ਨਗਰ, ਭਟੌਜ

ਸਮਾਂ : 1844 ਈ.

ਆਕਾਰ : 6"x5"

ਲਿੱਖਤ : 4"x3½"

ਪੱਤਰੇ : 265

ਵੇਰਵਾ : ਇਸ ਹੱਥ-ਲਿਖਤ ਵਿਚ ਤਿੰਨ ਲਿੱਖਤਾਂ ਅੰਕਿਤ ਹਨ। ਦ੍ਰੋਪਤੀ ਚਰਿਤ੍ਰ ਬਾਵਾ ਰਾਮਦਾਸ (1-35), ਬੈਤਾਲ ਪਚੀਸੀ ਕ੍ਰਿਤ ਕਵੀ ਪ੍ਰਹਿਲਾਦ (35-263); ਕਬਿੱਤ (263-264)।

(ਅ) : **ਬੈਤਾਲ ਪਚੀਸੀ ਕ੍ਰਿਤ ਕਵੀ ਪ੍ਰਹਿਲਾਦ**

ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਕਥਾ ਹਰੀ ਚੰਦ ਕੀ॥ ਰਾਗ ਬਿਲਾਵਲ ਬਹੜ੍ਰਪਦੀ (ਪਤਰਾ:35)

ਅੰਤ : ਦਰਦੁ ਕਿਸਮ ਪ੍ਰਭ ਦਾਸ ਪਰਿ ਕੀਜੋ ਖਬਰ ਸਵੇਰਨ ਪਰ ਕਰੋ ਪ੍ਰਭ ਪਲਕ ਮੈ ਲਖ ਚੌਰਾਸੀ ਦੇਗਾ ਸਾਲ ਉਨੀ ਲੈ ਇਕੁ॥ ਸੁਭ ਘੜੀ ਪੋਥੀ ਪੂਰੀ ਹੋਈ॥ ਚੇਤ ਸੁਦੀ ਛਠ, ਲਿਖਤੰ ਸੁਹੇਲ ਸਿੰਘ ਛੀਬਾ ਨਗਰ ਭਦੇੜ ਮਧੇ॥ ਦਿਨ ਸੋਮਵਾਰ॥ ਰਾਮ ਰਾਮ ਹਰੇ॥ (ਪਤਰਾ: 263)

ਹੱਥ ਲਿਖਤ ਨੰ: 25

ਸਿੰਘਾਸਨ ਬਤੀਸੀ

ਲੇਖਕ	:	ਗੰਗਾ ਰਾਮ
ਲਿਖਾਰੀ	:	ਨਾ-ਮਾਲੂਮ
ਸਮਾਂ	:	150 ਵਰ੍ਹੇ ਪੁਰਾਣੀ
ਆਕਾਰ	:	10"x7"
ਲਿੱਖਤ	:	7¼"x4½"
ਪੱਤਰੇ	:	77
ਵੇਰਵਾ	:	ਇਹ ਹੱਥ -ਲਿੱਖਤ ਛਪੀ ਨਹੀਂ ਹੈ ਜਿਸ ਲਈ ਦੁਰਲਭ ਹੈ।
ਆਰੰਭ	:	....ਦੀਜੈ॥ ਮੋਹ ਨਿਅਵਨਰ ਹਾਥ ਹਮ ਦੇਵੋ॥ (ਪਤਰਾ:2)
ਅੰਤ	:	ਪੜਤ ਲਿਖਤ ਸੁਦਤ ਕਛੁ ਕਰੋ ਜਿ ਕਰਿਓ ਜਾਤਿ॥੩੬॥ ਸਪਤ ਦਸ ਕਥਾ ਸੰਪੂਰਨ॥ (ਪੱਤਰਾ: 77)

ਹੱਥ ਲਿਖਤ ਨੰ: 26

ਸਿੰਘਾਸਨ ਬਤੀਸੀ

ਲੇਖਕ : ਕਵੀ ਪ੍ਰਹਿਲਾਦ

ਲਿਖਾਰੀ : ਨਾ-ਮਾਲੂਮ

ਸਮਾਂ : 150 ਵਰ੍ਹੇ ਪੁਰਾਣੀ

ਆਕਾਰ : 7"x3¾"

ਲਿੱਖਤ : 4¾"x2½"

ਪੱਤਰੇ : 306

ਵੇਰਵਾ : ਪੱਤਰੇ 11-68, 118, 121-129, 133-138, 143-148, 153-157, 160-344, 1-7, ਕੁੱਲ ਪੱਤਰੇ 306; ਪ੍ਰਤੀ ਸਫ਼ਾ 6 ਸਤਰਾਂ; ਕਾਗਜ਼ ਦੇਸੀ, ਲਿੱਖਤ ਸਾਫ਼ ਪਰ ਕਿਤੇ ਕਿਤੇ ਅਸ਼ੁੱਧ, ਹਾਸ਼ੀਆ ਰੰਗੀਨ ਲਕੀਰਾਂ ਵਾਲਾ, ਇਸ ਹੱਥ-ਲਿੱਖਤ ਵਿਚੋਂ, ਜਿਵੇਂ ਕਿ ਉਪਰੋਕਤ ਪੱਤਰਿਆਂ ਦੇ ਵੇਰਵੇ ਤੋਂ ਪਤਾ ਲੱਗਦਾ ਹੈ, ਕਿਤਨੇ ਹੀ ਪੱਤਰੇ ਗੁੰਮ ਹਨ, ਜਿਸ ਕਰਕੇ ਪੁਸਤਕ ਨਾ-ਮੁਕੰਮਲ ਹੈ।

ਆਰੰਭ : ਖਨ ਤਿਨ ਲੈ ਆਵਹੁ॥

ਅੰਤ : ਧਰਮ ਬਿਲਾਸੀ ਪੁਰਖਿ ਹੁਇ ਪਾਪੁ ਸਰੀਰੋ ਜਾਇ॥ ਇਤਿ ਬਤੀਸੀ ਕਥਾ ਬਿਕ੍ਰਮ ਸਿੰਘਾਸਨ ਸਨਬੰਧਨੀ ਸੰਪੂਰਨ॥੩੨॥ ਪਰਮ ਅਨੰਦ ਬਿਚਾਰੁ ਸੁਭ ਕਥਾ ਕਲਮੁ ਸਿਰ ਛਤ੍ਰਧਰ॥੨੦॥

ਹੱਥ ਲਿਖਤ ਨੰ: 27

ਸਿੰਘਾਸਨ ਬਤੀਸੀ

ਲੇਖਕ : ਨਾ-ਮਾਲੂਮ

ਲਿਖਾਰੀ : (ਅਨੁਵਾਦਕ) ਲਾਲਾ ਜਮੀਅਤ ਰਾਇ, ਸੁਨਾਮੀ

ਸਮਾਂ : 19 ਵੀਂ ਸਦੀ

ਆਕਾਰ : 6½"x4½"

ਲਿੱਖਤ : 4¾"x2¾"

ਪੱਤਰੇ : 10-368 (ਨਾ-ਮੁਕੰਮਲ)

ਵੇਰਵਾ : ਪੱਤਰੇ 10-368 ਤੱਕ, ਪ੍ਰਤੀ ਸਫ਼ਾ 7 ਸਤਰਾਂ, ਕਾਗਜ਼ ਕਸ਼ਮੀਰੀ, ਲਿੱਖਤ ਸਾਫ਼ ਤੇ ਸ਼ੁੱਧ, ਹਾਸ਼ੀਆ ਰੰਗੀਨ ਲਕੀਰਾਂ ਵਾਲਾ, ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਅੰਕਿਤ ਹਨ। ਜਿੱਲਦ ਟੁੱਟੀ ਹੋਈ ਤੇ ਮੁੱਢਲੇ 9 ਪੱਤਰੇ ਗੁੰਮ ਹੋਣ ਕਰਕੇ ਪੁਸਤਕ ਅਧੂਰੀ ਹੈ।

ਆਰੰਭ : ....ਹੋਈ ਅਦਿਸਟ ਤਹਾਂ ਛਿਪ ਗਯੋ। ਤਹਾ ਬਿਪ ਇਕ ਆਵਤ ਭਯੋ ॥ 41 ॥

ਅੰਤ : ਸਾਕੇ ਸਭ ਪੂਰਨ ਭਏ, ਸ੍ਰੀ ਬਿਕ੍ਰਮਾਜੀਤ।
ਜੋ ਯਾ ਕੋ ਬਢਬੋ ਕਰੈ, ਬਢੈ ਧਰਮ ਕੀ ਰੀਤ ॥ 20 ॥
ਜਥਾ ਬੁੱਧ ਬਰਨਨ ਕੀਏ, ਸਤਿਗੁਰ ਕੈ ਪ੍ਰਸਾਦਿ ॥
ਰਟੋ ਨਾਮ ਗੁਰ ਚਿੱਤ ਮੈ, ਸਦਾ ਅੰਤ ਅਰ ਆਦਿ ॥ 21 ॥
ਦਾਸ ਜਮਈਯਤ ਰਾਇਪਰ, ਅਬ ਤੁਮ ਕਰੋ ਸਹਾਇ ॥ 22 ॥
ਨਗਰ ਬਠਿੰਡਾ ਵਤਨ ਹੈ, ਅਬ ਬਾਸੀ ਸੁ ਸੁਨਾਮ ॥
ਪੁਰੀ ਬੰਸ ਮੈਂ ਕਹਤ ਹੈਂ, ਮਮ ਅਧੀਨ ਕੋ ਨਾਮ ॥ 23 ॥
ਕਵਨ ਬੁਧ ਹਮ ਪੈ ਹੁਤੀ੍, ਜੋ ਕਛੁ ਕਰੋ ਬਿਚਾਰ ॥
ਸਭ ਔਗੁਣ ਗੁਣ ਏਕ ਨਹਿ, ਕਹਾ ਕਹੂੰ ਤੁਮਰੇ ਪਾਸ।
ਦਾਸ ਜਾਨ ਕੈ ਢਾਕੀਯੋ, ਯਹੀ ਮਾਨ ਅਰਦਾਸ ॥ 30 ॥
ਇਤਿ ਸ੍ਰੀ ਸਿੰਘਾਸਨ ਬਤੀਸੀ ਸੰਪੂਰਨੰ ਸੁੰਭ (ਮਸਤੁ)

(ਪੱਤਰੇ: 367-68)

ਹੱਥ ਲਿਖਤ ਨੰ: 28
ਕਿੱਸਾ ਸੱਸੀ-ਪੁੰਨੂ ਤੇ ਹੋਰ-ਰਚਨਾਵਾਂ

ਲੇਖਕ : ਨਾ-ਮਾਲੂਮ
ਲਿਖਾਰੀ : ਨਾ-ਮਾਲੂਮ
ਸਮਾਂ : 19ਵੀਂ ਸਦੀ
ਆਕਾਰ : 3¼"x4"
ਲਿੱਖਤ : 2¼"x3¾"
ਪੱਤਰੇ : 47
ਵੇਰਵਾ : ਪ੍ਰਤੀ ਸਫ਼ 7 ਜਾਂ 8 ਸਤਰਾਂ, ਕਾਗਜ਼ ਦੇਸੀ, ਲਿੱਖਤ ਸਾਫ਼ ਤੇ ਸ਼ੁੱਧ, ਹਾਸ਼ੀਆ ਲਾਲ ਲਕੀਰਾਂ ਵਾਲਾ, ਸਿਰਲੇਖ ਤੇ ਕੁੱਝ ਛੰਦ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੱਤਰੇ ਕਿਰਮ ਖੁਰਦਾ, ਜਿਸ ਕਰਕੇ ਛੇਕ ਪਏ ਹੋਏ ਹਨ; ਜਿਲਦ ਟੁੱਟੀ ਹੋਈ ਤੇ ਕਈ ਪੱਤਰੇ ਫਟੇ ਹੋਏ। ਇਸ ਹੱਥ-ਲਿਖਤ ਵਿਚ ਜੋ ਲਿਖਤਾਂ ਅੰਕਿਤ ਹਨ, ਉਨ੍ਹਾਂ ਵਿਚ ਸੱਸੀ-ਪੁੰਨੂ, ਹਾਸ਼ਮ, ਸੀਹਰਫ਼ੀ ਪੂਰਨ ਭਗਤ ਕੀ (ਕਾਦਰ ਯਾਰ, ਪੱਤਰੇ 66); ਸੀਹਰਫ਼ੀ, ਫ਼ਰੀਦ ਜੀ ਕੀ (ਪੀਰ ਬਖਸ਼), ਕਿਸਾ ਸੋਹਣੀ ਮਹੀਵਾਲ (ਕਾਦਰ ਯਾਰ, 50); ਸੀਹਰਫੀ ਗੋਪੀ ਚੰਦ ਦੀ (ਗੰਗਾ ਰਾਮ, 13); ਸੀਹਰਫੀ ਕਾਸ਼ੀ ਰਾਮ ਕੀ (ਕਾਸ਼ੀਰਾਮ,10), ਸੀਹਰਫ਼ੀ ਸ੍ਰੀ ਦਿਯਾਲ ਸਿੰਘ ਕੀ (ਦਿਆਲ ਸਿੰਘ, 12); ਸੀਹਰਫ਼ੀ ਮ੍ਰੀਰਨ ਕੀ (13), ਸੀਹਰਫ਼ੀ ਪੀਰ ਬਖਸ਼ ਕੀ (13)

ਸੀਹਰਫ਼ੀ ਗੋਪੀ ਚੰਦ ਦੀ (ਗੰਗਾ ਰਾਮ)

ਆਰੰਭ : .੧ਓ ਸਤਿਗੁਰ ਪ੍ਰਸਾਦਿ। ਸਿਹਰਫ਼ੀ ਗੋਪੀ ਚੰਦ ਕੀ ਲਿਖਯਤ। ਅਲਫ਼ ਆਇ ਗੋਪੀ ਚੰਦ ਨਾਉਣ ਲੱਗਾ.............(ਪੱਤਰਾ:1)
ਅੰਤ : ?

****

੯

ਪਲੇਟਾਂ

ਪਲੇਟ-1









ਪਲੇਟ-2

ਪਲੇਟ-3

ਪਲੇਟ-4







ਅੰਤਿਕਾ:੧
ਗੁਰਮੁਖੀ ਹੱਥ-ਲਿਖਤਾਂ

ਨੰਬਰ	ਹੱਥ-ਲਿਖਤ ਦਾ ਨਾਮ	ਕਰਤਾ	ਲਿਖਣ ਸੰਮਤ	ਐਕਸੈਸ਼ਨ ਨੰਬਰ	ਕਿੱਥੇ ਮੌਜੂਦ ਹੈ
1	ਫਕੜ੍ਹ ਸੁਥਰਾ ਸ਼ਾਹ	ਸੁਥਰਾ ਸ਼ਾਹ	-	-	ਗੁਰੂ ਨਾਨਕ ਦੇਵ ਯੂਨੀ.ਅੰਮ੍ਰਿਤਸਰ
2	ਸੀਹਰਫ਼ੀ	ਸੰਤ ਦਾਸ ਛਿੱਬਰ	1923 ਬਿ	44/1103	ਸਿੱਖ ਰੈਫ਼. ਲਾਇਬ੍ਰੇਰੀ, ਅੰਮ੍ਰਿਤਸਰ (1984 ਤੋਂ ਪਹਿਲਾਂ ਮੌਜੂਦ ਸੀ)
3	(a) ਜਨਮ ਸਾਖੀ ਸ੍ਰੀ ਸਤਿਗੁਰੂ ਨਾਨਕ ਜੀ ਕੀ (b) ਉਸਤਤਿ ਸ੍ਰੀ ਦੇਵੀ ਜੀ ਕੀ (c) ਭਾਈ ਸੰਤ ਸਿੰਘ ਨੂੰ ਦਸ਼ਮੇਸ਼ ਦਰਸ਼ਨ (1804 ਬਿ.) (d) ਗੋਸ਼ਟਾਂ- ਗੁਰੂ ਨਾਨਕ, ਜਨਕ ਤੇ ਕਬੀਰ, ਰਾਮਾਨੰਦ ਜੀ ਦੀਆਂ (e) ਜੁਗਾਵਲੀ	ਸੰਤ ਦਾਸ ਛਿੱਬਰ	1834 ਬਿ	91/1973	ਸਿੱਖ ਰੈਫ਼. ਲਾਇਬ੍ਰੇਰੀ, ਅੰਮ੍ਰਿਤਸਰ (1984 ਤੋਂ ਪਹਿਲਾਂ ਮੌਜੂਦ ਸੀ)
4	ਜਨਮ ਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਜੀ ਕੀ	ਸੰਤ ਦਾਸ ਛਿੱਬਰ	1834 ਬਿ	278/5075	ਸਿੱਖ ਰੈਫ਼. ਲਾਇਬ੍ਰੇਰੀ, ਅੰਮ੍ਰਿਤਸਰ (1984 ਤੋਂ ਪਹਿਲਾਂ ਮੌਜੂਦ ਸੀ)
5	ਰਾਜਨੀਤ-ਕਬਿੱਤ	ਦੇਵੀ ਦਾਸ ਕਾਵਿ	1950 ਬਿ	6/527	ਸਿੱਖ ਰੈਫ਼. ਲਾਇਬ੍ਰੇਰੀ, ਅੰਮ੍ਰਿਤਸਰ (1984 ਤੋਂ ਪਹਿਲਾਂ ਮੌਜੂਦ ਸੀ)
6	ਸਿੰਘ ਗਊ ਕੀ ਕਥਾ (ਹੰਸ ਪੁਰਾਣ)	ਦੇਵੀ ਦਾਸ ਕਾਵਿ(੨)	1826 ਬਿ	10/732	ਸਿੱਖ ਰੈਫ਼. ਲਾਇਬ੍ਰੇਰੀ, ਅੰਮ੍ਰਿਤਸਰ (1984 ਤੋਂ ਪਹਿਲਾਂ ਮੌਜੂਦ ਸੀ)
7	ਰਾਜਨੀਤ-ਕਬਿੱਤ	ਦੇਵੀ ਦਾਸ (੧)	1776 ਬਿ	28/768	ਸਿੱਖ ਰੈਫ਼. ਲਾਇਬ੍ਰੇਰੀ, ਅੰਮ੍ਰਿਤਸਰ (1984 ਤੋਂ ਪਹਿਲਾਂ ਮੌਜੂਦ ਸੀ)
8	ਇਤਿਹਾਸ ਪੁਰਾਣ ਸਿੰਘ ਗਊ ਸੰਬਾਦ (ਬ੍ਰਹਲਾਕਥਾ)	ਦੇਵੀ ਦਾਸ ਕਾਵਿ	-	30/779	ਸਿੱਖ ਰੈਫ਼. ਲਾਇਬ੍ਰੇਰੀ, ਅੰਮ੍ਰਿਤਸਰ (1984 ਤੋਂ ਪਹਿਲਾਂ ਮੌਜੂਦ ਸੀ)
9	ਏਕਾਦਸੀ ਮਹਾਤਮ	ਦੇਵੀ ਦਾਸ (ਭਾਖਾਕਾਰ)	ਸੰਮਤ 1877 ਬਿ	38/800	ਸਿੱਖ ਰੈਫ਼. ਲਾਇਬ੍ਰੇਰੀ, ਅੰਮ੍ਰਿਤਸਰ (1984 ਤੋਂ ਪਹਿਲਾਂ ਮੌਜੂਦ ਸੀ)
10	ਕਾਵਿ ਸੰਗ੍ਰਹਿ	ਦੇਵੀ ਦਾਸ	-	94/2058	ਸਿੱਖ ਰੈਫ਼. ਲਾਇਬ੍ਰੇਰੀ, ਅੰਮ੍ਰਿਤਸਰ (1984 ਤੋਂ ਪਹਿਲਾਂ ਮੌਜੂਦ ਸੀ)
11	ਸੰਤਾਂ ਦੀ ਸਾਖੀ (ਸੰਤ ਕਥਾ ਅਪੂਰਨ)	ਸੰਗਤ ਭਾਈ ਫੇਰੂ ਜੀ	-	135/2521	ਸਿੱਖ ਰੈਫ਼. ਲਾਇਬ੍ਰੇਰੀ, ਅੰਮ੍ਰਿਤਸਰ (1984 ਤੋਂ ਪਹਿਲਾਂ ਮੌਜੂਦ ਸੀ)
12	ਸ੍ਰੀ ਗੁਰੂ ਗ੍ਰੰਥ ਸਾਹਿਬ	-	-	-	ਕੁਲਦੀਪ ਖਜ਼ਾਨਚੀ ਕੋਲ ਰਾਮਨਗਰ (ਜੰਮੂ)
13	ਕੁਰਾਨ ਸ਼ਰੀਫ਼ ਦੀਆਂ ਗੁਰਬਾਣੀ ਨਾਲ ਮਿੱਲਦੀਆਂ ਆਇਤਾਂ	ਅਕਾਲੀ ਕੌਰ ਸਿੰਘ ਨਿਹੰਗ	-	-	ਮੇਰੀ ਨਿੱਜੀ ਲਾਇਬ੍ਰੇਰੀ ਵਿੱਚ
14	ਕੇਸ	ਸ਼ੇਰ ਸਿੰਘ ਕਸ਼ਮੀਰ	-	-	ਮੇਰੀ ਨਿੱਜੀ ਲਾਇਬ੍ਰੇਰੀ ਵਿੱਚ

ਅੰਤਿਕਾ:੨
(ੳ) ਗੁਰਮੁਖੀ ਹੱਥ-ਲਿਖਤਾਂ

ਨੰਬਰ	ਹੱਥ-ਲਿਖਤ ਦਾ ਨਾਮ	ਪੱਤਰੇ	ਆਕਾਰ (ਸੈਂਟੀਮੀਟਰ)	ਮੁਕੰਮਲ/ ਨਾ ਮੁਕੰਮਲ	ਐਕਸੈਸ਼ਨ ਨੰਬਰ	ਕਿੱਥੇ ਮੌਜੂਦ ਹੈ
1	ਰਹਿਰਾਸ (ਪਾਠ)	10	21×15.2	ਮੁਕੰਮਲ	166/79	ਇੰਦਰ ਕੁਲੈਕਸ਼ਨ, ਜੰਮੂ
2	ਸੁਖਮਨੀ ਸਾਹਿਬ (ਪਾਠ)	12	21×15.2	ਮੁਕੰਮਲ	167	ਇੰਦਰ ਕੁਲੈਕਸ਼ਨ, ਜੰਮੂ
3	ਆਸਾ ਦੀ ਵਾਰ (ਪਾਠ)	15	21×15.2	ਮੁਕੰਮਲ	168	ਇੰਦਰ ਕੁਲੈਕਸ਼ਨ, ਜੰਮੂ
4	ਬਚਿੱਤਰ ਨਾਟਕ	35	21×15.2	ਮੁਕੰਮਲ	169	ਇੰਦਰ ਕੁਲੈਕਸ਼ਨ, ਜੰਮੂ
5	ਜਪੁ ਜੀ ਸਾਹਿਬ	8	21×15.2	ਮੁਕੰਮਲ	170	ਇੰਦਰ ਕੁਲੈਕਸ਼ਨ, ਜੰਮੂ
6	ਅਕਾਲ ਉਸੱਤਿਤ	13	21×15.2	ਮੁਕੰਮਲ	171	ਇੰਦਰ ਕੁਲੈਕਸ਼ਨ, ਜੰਮੂ
7	ਅਕਾਲ ਉਸਤੱਤੀ ਨਾਨਕ ਜੀ	?	21×15.2	ਮੁਕੰਮਲ	172	ਇੰਦਰ ਕੁਲੈਕਸ਼ਨ, ਜੰਮੂ
8	ਗਰਭਾ ਗੀਤਾ	?	23×15.1	ਮੁਕੰਮਲ	173/80	ਇੰਦਰ ਕੁਲੈਕਸ਼ਨ, ਜੰਮੂ
9	ਪਾਠ ਗੁਰੂ ਗ੍ਰੰਥ ਸਾਹਿਬ ਜੀ	3	16.7×22.1	ਨਾ ਮੁਕੰਮਲ	188/92	ਇੰਦਰ ਕੁਲੈਕਸ਼ਨ, ਜੰਮੂ
10	ਬ੍ਰਹਿਮੰਦ ਪੁਰਾਨ	41	18.4×13	-	184/91	ਇੰਦਰ ਕੁਲੈਕਸ਼ਨ, ਜੰਮੂ
11	ਵਾਰਹਾ ਪੁਰਾਨ	-	18.4×13	-	185	ਇੰਦਰ ਕੁਲੈਕਸ਼ਨ, ਜੰਮੂ
12	ਗੀਤਾ ਸਾਰ	-	18.4×13	-	186	ਇੰਦਰ ਕੁਲੈਕਸ਼ਨ, ਜੰਮੂ
13	ਇਕਦਸ਼ਾ ਮਹਾਤਮਾ	-	18.4×13	-	187	ਇੰਦਰ ਕੁਲੈਕਸ਼ਨ, ਜੰਮੂ
14	ਨਾਮਾਵਲੀ	48	13.5×12.5	-	189/93	ਇੰਦਰ ਕੁਲੈਕਸ਼ਨ, ਜੰਮੂ
15	ਸ੍ਰੀਮਦ ਭਗਵਤ ਗੀਤਾ (ਅਮੀਰ ਦਾਸ)	18	13.1×16.1	ਨਾ ਮੁਕੰਮਲ	190/94	ਇੰਦਰ ਕੁਲੈਕਸ਼ਨ, ਜੰਮੂ
16	ਮੋਹ ਪ੍ਰਕਾਸ਼ਾ (ਅਮੀਰਦਾਸ)	117	9×16	-	191/95	ਇੰਦਰ ਕੁਲੈਕਸ਼ਨ, ਜੰਮੂ
17	ਪੂਜਨਾ ਵਿਧੀ (ਅਮੀਰਦਾਸ)	5	9×16	ਨਾ ਮੁਕੰਮਲ	192	ਇੰਦਰ ਕੁਲੈਕਸ਼ਨ, ਜੰਮੂ
18	ਅਸ਼ਟ ਵਕਾਰਾ ਪੰਚਕਨਾਮ ਸਤਵਾਂ ਪ੍ਰਕਾਰਨ (ਦਿਆਲ ਨਿਮੀ)	60	9.1×13.4	ਨਾ ਮੁਕੰਮਲ	193/96	ਇੰਦਰ ਕੁਲੈਕਸ਼ਨ, ਜੰਮੂ

(ਅ) ਪੱਥਰ ਛਾਪ ਲਿੱਖਤਾਂ

ਨੰਬਰ	ਪੱਥਰ ਛਾਪ ਲਿਖਤ ਦਾ ਨਾਮ	ਪੱਤਰੇ	ਆਕਾਰ (ਸੈਂਟੀਮੀਟਰ)	ਐਕਸੈਸ਼ਨ ਨੰਬਰ	ਕਿੱਥੇ ਮੌਜੂਦ ਹੈ
1	ਆਸਾ ਕੀ ਵਾਰ	15	20.5×17	174/81	ਇੰਦਰ ਕੁਲੈਕਸ਼ਨ
2	ਇਕਉਕਾਰ	20	20×19	175/82	ਇੰਦਰ ਕੁਲੈਕਸ਼ਨ
3	ਬਾਵਨ ਅੱਖਰੀਂ	16	20.5×16	176/83	ਇੰਦਰ ਕੁਲੈਕਸ਼ਨ
4	ਆਨੰਦ ਸਾਹਿਬ	8	21.2×15.7	177/84	ਇੰਦਰ ਕੁਲੈਕਸ਼ਨ
5	ਸਿਧ ਗੋਸਟਿ	10	20.5×17	178/85	ਇੰਦਰ ਕੁਲੈਕਸ਼ਨ
6	ਰਹਿਰਾਸ ਪਾਠ	16	14.6×13	180/87	ਇੰਦਰ ਕੁਲੈਕਸ਼ਨ
7	ਜਪੁਜੀ ਸਾਹਿਬ ਪਾਠ	10	14.6×13	181/88	ਇੰਦਰ ਕੁਲੈਕਸ਼ਨ
8	ਸੁਖਮਨੀ ਸਾਹਿਬ ਪਾਠ	40	18.4×13	182/89	ਇੰਦਰ ਕੁਲੈਕਸ਼ਨ
9	ਸ੍ਰੀ ਗੁਰ ਪ੍ਰਤਾਪ ਸੂਰਿਯਾ ਗ੍ਰੰਥ (ਕਵੀ ਸੰਤੋਖ ਸਿੰਘ)	717	24.2×16.7	183/90	ਇੰਦਰ ਕੁਲੈਕਸ਼ਨ
10	ਬਚਿੱਤਰ ਨਾਟਕ	35	21×15.2	169	ਇੰਦਰ ਕੁਲੈਕਸ਼ਨ
11	ਅਕਾਲ ਉਸਤਤਿ	13	21×15.2	171	ਇੰਦਰ ਕੁਲੈਕਸ਼ਨ
12	ਸ੍ਰੀਮਦ ਭਗਵਗੀਤਾ	115	20.5×17	115	ਇੰਦਰ ਕੁਲੈਕਸ਼ਨ

ਅੰਤਿਕਾ:੩
ਗੁਰਮੁਖੀ ਹੱਥ-ਲਿੱਖਤਾਂ ਨਸਤਲੀਕ

ਨੰਬਰ	ਹੱਥ-ਲਿਖਤ ਦਾ ਨਾਮ	ਕਰਤਾ/ਲਿਖਾਰੀ	ਪੱਤਰੇ	ਆਕਾਰ (ਸੈਂਟੀਮੀਟਰ)	ਐਕਸੈਸ਼ਨ ਨੰਬਰ	ਕਿੱਥੇ ਮੌਜੂਦ ਹੈ
1	ਸ੍ਰੀ ਜਪੁ ਜੀ ਸਾਹਿਬ ਪੰਜਾਬੀ	ਤੋਤਾ ਰਾਮ ਕੌਲ	81	15.3×25.8	131	ਕਸ਼ਮੀਰ ਯੂਨੀ. ਲਾਇਬ੍ਰੇਰੀ
2	ਕਿਸਾ ਹਜ਼ਰਤ ਯੂਸਫ਼	ਹਾਫ਼ਜ਼ ਬਰਖੁਰਦਾਰ	114	20.5×13	2321	ਕਸ਼ਮੀਰ ਯੂਨੀ. ਲਾਇਬ੍ਰੇਰੀ
3	ਤਾਰੀਖ-ਏ-ਸ਼ਾਹ-ਏ-ਜਹਾਨ	ਗੁਲਾਬ ਰਾਇ	244	34×18.3	432	ਕਸ਼ਮੀਰ ਯੂਨੀ. ਲਾਇਬ੍ਰੇਰੀ
4	ਤਰਜਮਾ ਮੀਫ਼ਤਾ-ਉ-ਤਵਾਰੀਖ਼	ਮੌਲਵੀ ਇਮਾਮ-ਉ-ਦੀਨ	423	34×18	457	ਕਸ਼ਮੀਰ ਯੂਨੀ. ਲਾਇਬ੍ਰੇਰੀ
5	ਤਰਜਮਾ ਸ਼ੁਜਾ-ਏ-ਹੈਦਰੀ	ਮੌਲਵੀ ਇਮਾਮ-ਉ-ਦੀਨ	176	32.2×17	429	ਕਸ਼ਮੀਰ ਯੂਨੀ. ਲਾਇਬ੍ਰੇਰੀ
6	ਤਰਜਮਾ ਤਾਰੀਖ ਜਹਾਨ ਖੁਸ਼ਾ-ਏ-ਨਾਦਰੀ	ਮੌਲਵੀ ਗੁਲਾਮ ਗੌਸ	364	34×24	428	ਕਸ਼ਮੀਰ ਯੂਨੀ. ਲਾਇਬ੍ਰੇਰੀ
7	ਤਰਜਮਾ ਤਾਰੀਖ-ਏ-ਫ਼ਿਰਸ਼ਤਾ	?	146	28.5×18.5	436	ਕਸ਼ਮੀਰ ਯੂਨੀ. ਲਾਇਬ੍ਰੇਰੀ
8	ਰੋਜ਼ਲ-ਉਲ-ਸ਼ੋਦਾ	?	?	?	?	ਡਾ. ਮਰਗੂਬ ਬਨਿਹਾਲੀ ਦੇ ਪੁਸਤਕਾਲੇ ਵਿੱਚ
9	ਸੁਖਨ ਸਾਂਈ ਲੋਕਾਂ ਦੇ	?	34	?	?	ਕਸ਼ਮੀਰ ਯੂਨੀ. ਲਾਇਬ੍ਰੇਰੀ

ਅੰਤਿਕਾ-੪

ਪਰਮ -ਅਖਰੀ ਕਿ ਪੈਂਤੀ ਅੱਖਰੀਂ

ਸ਼ੇਰ ਸਿੰਘ ਐਸ.ਐਸ. ਸੀ (ਕਸ਼ਮੀਰ)

੧ਓ ਸਤਿਗੁਰ ਪ੍ਰਸਾਦਿ॥

੧. (ੳ)

ਊੜਾ ਓਅੰਕਾਰ ਆਪ ਘੱਟ ਘੱਟ ਰਿਹਾ ਬਿਆਪ।
ਸਰਬ-ਭੂਤ ਉਪਾਵਨੋ, ਨਹੀ ਮਾਤ, ਨਹੀ ਬਾਪ।
ਓਅੰਕਾਰ ਕੀਆ ਸਭ ਜਗਤ ਪਸਾਰਾ।
ਓਅੰਕਾਰ ਆਪ ਉਪਾਵਨਹਾਰਾ।
ਓਅੰਕਾਰ ਤੇ ਓਪਤ ਸਭ ਹੋਈ।
ਓਅੰਕਾਰ ਸਭ ਓਤ-ਪ੍ਰੋਤੋਈ।
ਓਅੰਕਾਰ ਕਾ ਸਭ ਊਪਰ ਹਾਥ।
ਓਅੰਕਾਰ ਬਿਨਾ ਕਾਚੀ ਇਹ ਗਾਗਰ।
ਓਅੰਕਾਰ ਉਪਾਏ ਅਨੰਤ ਰਤਨਾਗਰ।
ਓਅੰਕਾਰ ਆਪ ਸੂਖਮ ਸੂਤਰਧਾਰੀ।
ਓਅੰਕਾਰ ਆਪ ਲਾਏ ਬੈਠਾ ਤਾੜੀ।
ਓਅੰਕਾਰ ਰਮਿਆ ਇਸ ਤ੍ਰੈਲੋਈ।
ਓਅੰਕਾਰ ਤੇ ਸ੍ਰਿਸ਼ਟੀ ਸਭ ਹੋਈ।
ਓਅੰਕਾਰ ਤੇਜ-ਪੁੰਜ ਤੇਜ-ਮਈ ਸਦਿ ਆਪ।
ਓਅੰਕਾਰ ਜੋਤਿ ਸਰੂਪਿ, ਨਹੀਂ ਬਿਘਨ ਸੰਤਾਪ।
ਓਅੰਕਾਰ ਨੇ ਜਬ ਜਗ ਰਚਨਾ ਠਾਨੀ।
ਓਅੰਕਾਰ ਘਟ ਉਮਡਿਓ ਇਕ "ਬਾਨੀ"।
ਓਅੰਕਾਰ 'ਬਾਨੀ' ਰੂਪ ਹੋਇ ਦਹਿ-ਦਿਸ ਅਵਤਰਿਓ।
ਓਅੰਕਾਰ-ਨਿਰਮਲ-ਨੀਰ ਸੇ ਸਭ ਜਗ ਸੁਭਰ-ਭਰਿਓ।
ਓਅੰਕਾਰ ਬੈਠਾ ਆਪ ਅਚੱਲ, ਚਲੀ ਇਹ "ਬਾਨੀ"।
ਓਅੰਕਾਰ ਕੇ ਪ੍ਰਭਾਵ ਸੇ ਵੁੜੀ, ਇਹ 'ਕਾਨੀ-ਵਿਡਾਨੀ'।
ਓਅੰਕਾਰ ਮੱਧ ਮਿਆਨ ਆਪ, 'ਬਾਣੀ' ਚਹੁ ਦਿਸ।
ਓਅੰਕਾਰ ਨਿਤ ਅਕਾਲ ਆਪ, ਚਲੀ ਇਹ ਅਹਿਨਿਸ।
ਓਅੰਕਾਰ ਪੁਰਖੋਤਮੋ, ਇਸ 'ਬਾਣੀ' ਪੁਰਖ ਉਪਾਏ।
ਓਅੰਕਾਰ ਅਜੂਨੀ ਸੰਭਉ, ਇਸ ਚੌਰਾਸੀ ਫੇਰ ਚਲਾਏ।
ਓਅੰਕਾਰ 'ਬਾਣੀ' ਭੀ ਅਗਮ ਅਗਾਥ।
ਓਅੰਕਾਰ ਅਸਥਿਤ ਰੂੜ੍ਹੀ, ਇਹ ਬਾਣੀ।

ਓਅੰਕਾਰ ਸਦ-ਸੁਖ ਆਸਨ, ਖਿੜੀ ਇਹ ਬਾਣੀ।
ਓਅੰਕਾਰ ਕੀ ਮਹਿਮਾ ਕਹੁ ਕਿਆ ਬਖਾਨੂੰ?
ਓਅੰਕਾਰ ਭੇਦ ਅਗਮ ਨਿਗਮ ਨਹੀਂ ਜਾਨੂੰ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਓਅੰਕਾਰ ਮੇਰਾ ਸਰਬ ਪ੍ਰਿਤ ਪਾਲਨ।

੨. (ਅ)

ਐੜਾ ਆਤਮ ਰੂਪ ਆਪ "ਆਤਮ ਰਾਮ" ਪਛਾਨ।
ਆਤਮ ਰਾਮ ਕੇ ਜਾਨਨੇ ਉਪਜਿਓਤੀਨ ਲੋਕ ਕਾ ਗਿਆਨ।
ਆਤਮ ਰਾਮ ਘਟ ਘਟ ਅੰਤਰ ਪੇਖ।
ਆਤਮ ਰਾਮ ਕੇ ਸਿਰ ਨਾਹੀ ਲੇਖ।
ਆਤਮ ਰਾਮ ਜੋਤ ਸਰੂਪਿ ਕੀ ਜੋਤ।
ਆਤਮ ਰਾਮ ਹਭ ਅੰਤਰ ਓਤ-ਪ੍ਰੋਤ।
ਆਤਮ ਰਾਮ ਸਭ ਦੇਸ ਦਿਸੰਤਰ।
ਆਤਮ ਰਾਮ ਨਿਕਸੇਂ ਅਭਿ-ਅੰਤਰ।
ਆਤਮ ਰਾਮ ਬਿਨ੍ਹਾਂ ਰਾਮ ਕਿਨ ਪਾਇਆ?
ਆਤਮ ਰਾਮ ਬਿਨਾਂ ਮਾਇਆ ਕਿਨ ਖਪਾਇਆ?
ਆਤਮ ਰਾਮ ਆਪਨ ਹੀ ਚਾਨਣ।
ਆਤਮ ਰਾਮ ਜੋਤ ਨਿਜ-ਗਿਆਨਣ ।
ਆਤਮ ਰਾਮ ਆਂਖ ਕੀ ਆਂਖ।
ਆਤਮ ਰਾਮ ਹਿਰਦੇ ਕੀ ਕਾਂਖ।
ਆਤਮ ਰਾਮ ਕਾ ਅਨੰਦ ਪ੍ਰਭਾਉ।
ਆਤਮ ਰਾਮ ਕਾ ਸਹਿਜ ਸੁਭਾਉ।
ਆਤਮ ਰਾਮ ਆ ਫੜੇ ਡਗੋਰੀ।
ਆਤਮ ਰਾਮ ਹਭ ਅਨਿਆਂ ਕਾ ਜੋੜੀ।
ਆਤਮ ਰਾਮ ਖੋਲੇ ਨਿਜ-ਨੈਨਾ।
ਆਤਮ ਰਾਮ ਕਿ ਮੁਖ-ਅਨਹਤ ਬੈਨਾਂ।
ਆਤਮ ਰਾਮ 'ਬਾਵਨ-ਰੂਪ' ਕਹਾਵੇ।
ਆਤਮ ਰਾਮ ਕਲੀ ਕਾਲਿ ਕੋ ਖਾਵੇ।
ਆਤਮ ਰਾਮ ਖੋਲੇ ਹਭ ਗੁੰਝਲਾਂ।
ਆਤਮ ਰਾਮ ਕੀ ਹੈਂ ਨੂਰੀ ਗੰਦਲਾਂ।
ਆਤਮ ਰਾਮ ਕੀ ਪ੍ਰਚੰਡ-ਲੋਈ।
ਆਤਮ ਰਾਮ ਕੀ ਜੋਤ ਸਰਬ ਸਮੋਈ।
ਆਤਮ ਰਾਮ ਘਟ ਘਟ ਕਾ ਵਾਸੀ।

ਆਤਮ ਰਾਮ ਸਰਬਗ ਸਰਬ-ਨਿਵਾਸੀ।
ਆਤਮ ਰਾਮ ਫੜਨੇ ਕੀ ਕਹੁ ਨਿਸ਼ਾਨੀ?
ਆਤਮ ਰਾਮ ਮੁਖ ਅਨਹਤ-'ਬਾਨੀ'
ਆਤਮ ਰਾਮ ਬਿਨ੍ਹਾ 'ਬਾਨੀ' ਨਹੀਂ ਜਾਪੇ।
ਆਤਮ ਰਾਮ ਬਿਨ ਕਹੁ ਕਾਲ ਕੈਸੇ ਖਾਪੇ?
ਆਤਮ ਰਾਮ 'ਬਾਨੀ' ਬਿਨ ਛੂਛਾ।
ਆਤਮ ਰਾਮ ਅਗਮ ਨਿਗਮੂਛਾ।
ਆਤਮ ਰਾਮ ਬਾਨੀ ਕੋ ਸਾਗਰ।
ਆਤਮ ਰਾਮ ਨਿਜ-ਜੋਤ-ਉਜਾਗਰ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਆਤਮ ਰਾਮ ਇਹ ਮੇਰੋ ਘਟ ਕੋ ਚਾਣਨ।

੩. (ੲ)

ਈੜੀ ਨਿਕੀ, ਕੀੜੀ, "ਈਸ੍ਵਰ" ਕੀ ਇਹ ਸੂਖਮ ਨਿਸ਼ਾਨੀ।
ਇਸ-ਈੜੀ ਵਿਚ ਭਰਿਆ ਕੋਈ ਗੰਗਾ-ਜਲ ਪਾਨੀ।
ਈਸ਼੍ਰਰ ਕੌਣ ਹੈ? ਈਸ਼੍ਰਰ ਕਾ ਕਿਆ ਰੂਪ?
"ਬਾਨੀ-ਸੰਜੁਗਤ"- ਓਅੰਕਾਰ, ਇਹੋ ਈਸ਼ਰ-ਸਰੂਪ।
ਈਸ਼੍ਵਰ ਕਾ ਅਖੰਡ ਅਮਿਤੋਜ ਪ੍ਰਤਾਪੁ।
ਈਸ਼੍ਰਰ ਕਾ ਕੋਈ ਮਾਈ ਨਾ ਬਾਪ।
ਈਸ਼੍ਰਰ ਸਭ ਜਗਤ ਕਾ ਕਰਤਾ।
ਈਸ਼੍ਵਰ ਕਰਤਾ ਭਰਤਾ, ਹਰਤਾ।
ਈਸ਼੍ਵਰ ਤੀਨ ਗੁਣ ਕਾ ਭੰਡਾਰਾ।
ਈਸ਼੍ਵਰ ਰਚਿਆ ਇਹਜਗ ਸਾਰਾ।
ਈਸ਼੍ਵਰ ਐਸ਼ਵਰਜ ਗੁਣ ਨਿਧਿ।
ਈਸ਼੍ਵਰ ਤੇਜ ਪੁੰਜ ਰਿਧ ਬੁਧ-ਸਿਧਿ।
ਈਸ਼੍ਰਰ ਕਾ ਪ੍ਰਤਾਪ ਹਭ ਜਗ ਠੱਲੇ।
ਈਸ਼੍ਵਰ ਕੇ ਪ੍ਰਤਾਪ ਸੇ ਕਾਲ-ਚੱਕਰ ਚਲੇ।
ਈਸ਼੍ਰ ਕੇ ਮੁਖ ਅਮਿਤ ਤੇਜ।
ਈਸ਼੍ਰਰ ਕੀ ਕੁਖ ਕਾਲ-ਕੀ-ਸੇਜ।
ਈਸ਼੍ਵਰ ਆਪ ਉਪਾਏ ਤੇ ਆਪੇ ਖਪਾਏ।
ਈਸ਼੍ਵਰ ਆਪੇ ਪੜ੍ਹਾਏ ਤੇ ਆਪੇ ਸਮਝਾਏ।
ਈਸ਼੍ਵਰ ਕੇ ਹਾਥ ਕਈ ਸੁਦਰਸ਼ਨ-ਚੱਕਰਾ।
ਈਸ਼੍ਵਰ ਫੋੜੇ ਖੰਡ ਬ੍ਰਹਮੰਡ, ਬਸ ਇਕੋ ਟੱਕਰਾ।
ਈਸ਼੍ਵਰ ਪ੍ਰਭਾਵ ਕੋਈ ਕਿਆ ਬਖਾਨੇ।

ਈਸ਼੍ਵਰ ਕਾਲ ਅਕਾਲ ਕੇ ਮਧ ਮਿਆਨੇ।
ਈਸ਼੍ਵਰ 'ਐਸ਼ਵਰਜ' ਕੋ ਨਾਉ।
ਈਸ਼੍ਵਰ ਤੇਜ ਕਾ ਅਖੰਡ-ਪ੍ਰਭਾਉ।
ਈਸ਼੍ਵਰ ਕੇ ਗਲ ਲਾਲਨ ਕੀ ਕਈ ਮਾਲਾ।
ਈਸ਼੍ਵਰ ਕੀ ਕਿਰਪਾ ਤੇ ਸਭ ਜਗਤ ਨਿਹਾਲਾ।
ਈਸ਼੍ਵਰ ਵੇਖੇ ਵਿਗਸੇ ਤੇ ਵੀਚਾਰੇ।
ਈਸ਼੍ਵਰ ਰਖੇ ਇਥੇ ਉਥੇ ਜੱਗ-ਰਖਵਾਰੇ।
ਈਸ਼੍ਵਰ ਕਾ ਕਹੁ ਕੌਣ ਕੰਮ-ਕਰਤਾ?
ਈਸ਼੍ਵਰ ਕਾ 'ਨਾਮ'-ਅਨਾਮ ਹੀ ਸਰਬੱਗਤਾ।
ਈਸ਼੍ਵਰ ਆਪ ਤਖਤ-ਨਿਵਾਸੀ, ਪਰ 'ਨਾਮ' ਵਡ-ਵਜੀਰਨ।
ਈਸ਼੍ਵਰ ਹੁਕਮ ਕਾ ਇਹੋ ਵਡ ਵਿਸਥੀਰਨ।
ਈਸ਼੍ਵਰ ਸਤ ਚਿਤ, ਪਰ ਇਹ ਅਨੰਦਾ।
ਈਸ਼੍ਵਰ ਅਵਗਤ, ਇਹ ਪਰਮਾਨੰਦਾ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਈਸ਼੍ਵਰ ਤੇਜ ਸਭ ਜਗ ਕੋ ਪਾਲਨ।

੪. (ਸ)

ਸਸਾ ਸਾਂਵਲ ਸੁੰਦਰ ਰੂਪ ਆਪ, ਤੇਜ ਪੁੰਜ ਜਗ ਜਾਨ।
ਇਸ ਸਾਂਵਲ ਸੁੰਦਰ ਸਰੂਪ ਕੀ ਛਬਿ ਕਾ ਕਹੁ ਕਿਆ ਅਨੁਮਾਨ?
ਸਾਂਵਲ ਸੁੰਦਰ ਰਾਮਈਆਂ ਤੂੰ ਸੁੰਦਰਤਾ ਕੀ ਖਾਣਿ।
ਸਾਂਵਲ ਸੁੰਦਰ ਸੋਹਣਿਆ ਤੂੰ ਸਦ ਬਸਤ ਕੀ ਜਾਨਿ।
ਸਾਂਵਲ ਸੁੰਦਰ ਆਪੇ ਰਚੇ ਤੇ ਆਪੇ ਨਚੇ।
ਸਾਂਵਲ ਸੁੰਦਰ ਆਪੇ ਜਚੇ ਤੇ ਆਪੇ ਮਚੇ।
ਸਾਂਵਲ ਸੁੰਦਰ ਸੁੰਦਰਤਾ ਕਾ ਕਰਤਾ।
ਸਾਂਵਲ ਸੁੰਦਰ ਹਭ ਛੱਬੀਅਨ ਕੀ ਸੰਪਦਾ।
ਸਾਂਵਲ ਸੁੰਦਰ ਮੇਰਾ ਸੋਹਣਾ ਮੋਹਣਾ।
ਸਾਂਵਲ ਸੁੰਦਰ ਹਭ ਜੋਗ ਦਾ ਟੋਹਣਾ।
ਸਾਂਵਲ ਸੁੰਦਰ ਕੀ ਜਗਿ-ਮਗਿ ਜੋਤੀ।
ਸਾਂਵਲ ਸੁੰਦਰ ਸਿਰ ਬਿਲ-ਮਿਲ ਮੋਤੀ।
ਸਾਂਵਲ ਸੁੰਦਰ ਹਭ ਰੂਪ ਬਣਾਏ।
ਸਾਂਵਲ ਸੁੰਦਰ ਸਭ ਚੋਪੜੇ ਤੇ ਲਿਸ਼ਕਾਏ
ਸਾਂਵਲ ਸੁੰਦਰ ਕੋ ਅਨੰਤ ਪ੍ਰਭਾਉ।
ਸਾਂਵਲ ਸੁੰਦਰ ਕਾ ਅਮਿਤ ਉਠਾਉ।
ਸਾਂਵਲ ਸੁੰਦਰ ਰਚੀ ਇਕ ਤੇਜ 'ਬਾਣੀ'।

ਸਾਂਵਲ ਸੁੰਦਰ ਕਾ ਇਹੋ ਗੰਗਾ-ਜਲ-ਪਾਣੀ।
ਸਾਂਵਲ ਸੁੰਦਰ ਕੀ ਇਹ 'ਬੇਨ' ਬਜਾਏ।
ਸਾਂਵਲ ਸੁੰਦਰ ਕੀ 'ਬੇਨ' ਧੂਮ ਮਚਾਏ।
ਸਾਂਵਲ ਸੁੰਦਰ ਕੀ ਪਾਰਸ ਪਰਸ।
ਸਾਂਵਲ ਸੁੰਦਰ ਕੀ ਆਛੋਹ ਸਪਰਸ਼।
ਸਾਂਵਲ ਸੁੰਦਰ ਕੀ ਹਰਿਆਵਲ ਵਾੜੀ।
ਸਾਂਵਲ ਸੁੰਦਰ ਕੀ ਸਦ-ਬਸੰਤੀ ਫੁਲਵਾੜੀ।
ਸਾਂਵਲ ਸੁੰਦਰ ਸੁਧ ਫੂਲਨ ਕੀ ਸੇਜਾ।
ਸਾਂਵਲ ਸੁੰਦਰ ਕਾ ਅਖੰਡ ਅਮਿਤੇਜਾ।
ਸਾਂਵਲ ਸੁੰਦਰ ਕੇ ਘਰ ਨਿਤ ਨਿਤ ਨਿਰਤਕਾਰੀ।
ਸਾਂਵਲ ਸੁੰਦਰ ਕੀ ਛੁਟੀ ਸਦ ਅਨੰਦ ਪਿਚਕਾਰੀ।
ਸਾਂਵਲ ਸੁੰਦਰ ਤੇਜ ਕੋ ਸਾਗਰ।
ਸਾਂਵਲ ਸੁੰਦਰ ਮਹਿ ਅਨੰਤ ਰਤਨਾਗਰ।
ਸਾਂਵਲ ਸੁੰਦਰ ਕੀ ਗਤਮਤਿ ਕੌਣ ਜਾਣ?
ਸਾਂਵਲ ਸੁੰਦਰ ਕਾ 'ਨਾਮ' ਨਾਮੀ ਪਛਾਣੇ?
ਸਾਂਵਲ ਸੁੰਦਰ ਕੀ ਪ੍ਰਭਾ 'ਨਾਮ' ਜਨਾਈ।
ਸਾਂਵਲ ਸੁੰਦਰ ਤੋਂ ਹਉ ਬਲਿ ਬਲਿ ਜਾਈ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਸਾਂਵਲ ਸੁੰਦਰ ਕੋ ਅਮਿਤੋਜ-ਪ੍ਰਭਾਵਨ।

੫.(ਹ)

ਹਾਹਾ ਹਰਨ-ਭਰਨ "ਹਰੀ" ਰੂਪ ਹੈ ਮਹਿਮਾ ਕਥੇ ਨਾ ਵੇਦ।
ਇਸ ਹਰਿਆਵਲ ਭੇਦ ਕਉ ਜਾਨੈ ਕੋਈ ਵੈਦ-ਸੁਵੈਦ।
ਹਰੀ ਰੂਪ ਹਰਿਆ ਹਭ ਸੰਸਾਰਾ।
ਹਰੀ ਰੂਪ ਕਾ ਅਮਿਤ ਭੰਡਾਰਾ।
ਹਰੀ ਰੂਪ ਤੇਜ ਕੋ ਸਾਬਣ।
ਹਰੀ ਰੂਪ ਕਾ ਹਭ ਛਾਦਨ ਭੋਜਨ।
ਹਰੀ ਰੂਪ ਹਰੇ ਤਿਹ ਲੋਕੀ।
ਹਰੀ ਰੂਪ ਕੀ ਮਹਿਮਾਂ ਅਮੁਕੀ।
ਹਰੀ ਰੂਪ ਦਾ ਜਗ ਵਿਗਸਾਵਾ।
ਹਰੀ ਰੂਪ ਅਦਭੁਤ ਕਹਾਵਾ।
ਹਰੀ ਰੂਪ ਕਾਗ-ਕਾਲਖ ਸਭ ਹਿਰੇ।
ਹਰੀ ਰੂਪ ਹੰਸ ਰੂਪ ਅਵਤਰੇ।
ਹਰੀ ਰੂਪ ਤਾਂ, ਨਿਰਮਲ ਹਿਰਦਾ।

ਹਰੀ ਰੂਪ, ਤਾਂ ਦੇਹਰਾ ਫਿਰਦਾ।
ਹਰੀ ਰੂਪ ਹਰ ਮੁਖ ਕੀ ਅਨੂਪਮ ਛਬੀ।
ਹਰੀ ਰੂਪ ਕੀ ਸਦ ਵਿਗਸੀ ਕਲਗੀ।
ਹਰੀ ਰੂਪ "ਹਿਰਨ-ਗਰਭ' ਉਪਾਇਆ।
ਹਰੀ ਰੂਪ ਰਚੀ ਇਹ ਸੁਵਰਨੀ ਕਾਇਆ।
ਹਰੀ ਰੂਪ ਕੀ ਸਦ-ਬਸੰਤੀ-ਰੁੱਤ।
ਹਰੀ ਰੂਪ ਕਾ ਪ੍ਰਭਾਵ ਅਮਿਤ ਅਦਭੁਤ।
ਹਰੀ ਰੂਪ ਦੁਖ ਦਰਦ ਕਾ ਡੇਰਾ ਢਾਹੇ।
ਹਰੀ ਰੂਪ ਸੁਖ ਸਾਂਤਿ ਖੇਂਚ, ਘਰ ਲਿਆਏ।
ਹਰੀ ਰੂਪ ਹਥ ਕਾਲ-ਬਹਾਰੀ ਸਦ ਫਿਰੇ।
ਹਰੀ ਰੂਪ ਕੋ ਚਾਨਣ ਚੌਰਾਸੀ ਸਭ ਹਿਰੇ।
ਹਰੀ ਰੂਪ ਕਾ ਸੂਰ ਇਕ ਦੀਪਕ।
ਹਰੀ ਰੂਪ ਲਖੇਂ ਨਾ ਮਾਇਆ ਕੀਟਕ।
ਹਰੀ ਰੂਪ ਹਭ ਕਲਿ-ਮਲਿ ਪਰ-ਹਰੇ।
ਹਰੀ ਰੂਪ ਵੱਨ ਸੁਵਰਨੀ ਦੇਹੀ ਕਰੇ।
ਹਰੀ ਰੂਪ ਸੇ ਪ੍ਰਫੜੇ ਪੋਹ-ਫੁਟਾਲਾ।
ਹਰੀ ਰੂਪ ਕਾਲ ਕੋ ਵਡ-ਕਾਲਾ।
ਹਰੀ ਰੂਪ ਕਹੁ ਕਿਵੇਂ ਹਉ ਦਿਸੇ?
ਹਰੀ ਨਾਮ ਬਿਨ ਕਿਨ ਪਾਈ ਸਿਖੇ?
ਹਰੀ ਨਾਮ ਕੀ ਮਹਿਮਾ ਹਰੀ ਬਨ ਆਈ।
ਹਰੀ ਨਾਮ ਧੁਨੀ ਹੁਣ ਸਦ ਮੈਂ ਉਠ ਗਈ।
ਜਿਤ ਵਲ ਵੇਖਾਂ ਮੇਰੋ ਲਾਲਹੀ ਲਾਲਨ।
ਹਰੀ ਨਾਮ, ਡੁਹਾਗਣ ਕੀਤੋ ਅਜ ਵਡ ਭਾਗਨ।

੬. (ਕ)

ਕਕਾ ਕਾਰਨ ਕਰਨ ਆਪ, "ਕਰਤਾ ਪੁਰਖ" ਕਈ ਲੋਕ।
ਇਸ ਆਦਿ ਪੁਰਖ 'ਕਰਤਾਰ' ਕੀ ਨਿਤ ਨਿਤ ਗਾਊਂ ਉਠ ਝੋਕ।
ਕਰਤਾ ਪੁਰਖ ਸੁਜਾਨ ਤੂੰ, ਤੂੰ ਮਾਈ ਤੂੰ ਬਾਪ।
ਤੁਧ ਬਿਨ ਕੌਣ ਜੱਗ ਜੀਵਨਾ ਇਸ ਜਗ ਕੋ ਧਰਾਪ?
ਕਰਤਾ ਪੁਰਖ ਸਭ ਜਗਤ ਉਪਾਏ।
ਕਰਤਾ ਪੁਰਖ ਰਚੀ ਸਭ ਮਾਏ।
ਕਰਤਾ ਪੁਰਖ ਸਭ ਸ੍ਰਿਸ਼ਟ ਕਾ ਕਰਤਾ।
ਕਰਤਾ ਪੁਰਖ ਬਿਨ ਕੌਣ ਦੀਪਕ ਜਲਤਾ?
ਕਰਤਾ ਪੁਰਖ ਖਿੜਾਈ ਜਗ-ਵਾੜੀ।

ਕਰਤਾ ਪੁਰਖ ਨੇ ਰਚੀ ਇਹ ਚੰਦਨ-ਵਾੜੀ।
ਕਰਤਾ ਪੁਰਖ ਰਚੀ ਇਕ 'ਬਾਣੀ'।
ਕਰਤਾ ਪੁਰਖ ਕੀ ਇਹ ਚੌਧਰਆਣੀ।
ਕਰਤਾ ਪੁਰਖ ਕੀ ਇਹ ਵਡਰਾਣੀ।
ਕਰਤਾ ਪੁਰਖ ਕੀ ਇਹ ਵਡੀ ਨਿਸ਼ਾਨੀ।
ਕਰਤਾ ਪੁਰਖ ਕੀ ਬਾਣੀ ਮਨ-ਭਾਨੀ।
ਕਰਤਾ ਪੁਰਖ ਕੀ ਬਾਣੀ ਸਭ ਮਾਂਹਿ ਸਮਾਨੀ
ਕਰਤਾ ਪੁਰਖ ਤੀਨ ਗੁਨੋਂ ਕਾ ਕਰਤਾ।
ਕਰਤਾ ਪੁਰਖ ਕਾ ਇਹ ਬਾਣੀ ਚਰਖਾ।
ਕਰਤਾ ਪੁਰਖ ਕੀ ਤਾਣੀ ਤੀਨ ਭਵਨ।
ਕਰਤਾ ਪੁਰਖ ਕੀ ਬਾਣੀ ਹਰਨ-ਭਰਨ।
ਕਰਤਾ ਪੁਰਖ ਕੀ ਨੌਂ ਨਿਧਿ ਬਾਣੀ।
ਕਰਤਾ ਪੁਰਖ ਕੀ ਇਹ ਜੁਗਤ ਵਿਡਾਣੀ।
ਕਰਤਾ ਪੁਰਖ ਕਾ ਇਹ ਨਿਰਮਲ ਅੱਖਰ।
ਕਰਤਾ ਪੁਰਖ ਕਾ ਬਸ ਇਹੋ ਸੁਧਾਖਰ।
ਕਰਤਾ ਪੁਰਖ ਕਾ ਬਸ ਇਹੋ ਦਰਸ਼ਨ।
ਕਰਤਾ ਪੁਰਖ ਕਾ ਇਹੋ ਚਕਰ-ਸੁਦਰਸ਼ਨ।
ਕਰਤਾ ਪੁਰਖ ਕਹੁ ਕਿਵ ਪਾਈਏ?
ਕਰਤਾ ਪੁਰਖ ਕੀ ਬਾਣ ਬਿਨ ਸਦਾ-ਭਰਮਾਈਏ।
ਕਰਤਾ ਪੁਰਖ ਜਬ ਭਏ ਦਿਆਲਾ।
ਕਰਤਾ ਪੁਰਖ ਬਖਸ਼ੀ ਇਕ ਰਤਨ ਮਾਲਾ।
ਕਰਤਾ ਪੁਰਖ ਕੀ ਲੀਲਾ ਕਰਤਾਰ ਆਪੇ ਜਾਣੇ।
ਕਰਤਾ ਪੁਰਖ ਕੀ ਮਹਿਮਾ ਮੇਰਾ ਸਤਿਗੁਰ ਜੋਗੀ ਵਖਾਣੇ।
ਕਰਤਾ ਪੁਰਖ ਹਉ ਬਲਿ ਬਲਿ ਤੋਹਿ ਜਾਈ।
ਕਰਤਾ ਪੁਰਖ ਤੇਰੇ 'ਨਾਮ' ਕੀ ਅਜ ਜੋਤਿ ਜਗਾਈ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਕਰਤਾ ਪੁਰਖ ਕੀ ਨਿਤ-ਜੋਤਿ-ਅਭਿਲਾਖਨਿ।

੭. (ਖ)

ਖਖਾ 'ਖਰਾ' ਖਰਾ ਆਪ ਤੂੰ, ਕਲਿ ਮਲਿ ਹਰਤਾ ਪਾਰਸ।
ਇਸ ਖਰੇ ਖਰੇ ਕੀ ਛੋਹਿ ਬਿਨ, ਕਵਨ ਪਤਿਤ ਕੋ ਢਾਰਸ।
ਖਖਾ ਖਰਾ ਸਭ ਜਗ ਤੂੰ ਕਰਤਾ।
ਖਰਾ ਰੂਪ ਤੇਰਾ ਜਗ ਕੋ ਧਰਤਾ।
ਖਰਾ ਪਰਸੇ ਬਿਨ ਕਵਨ ਮੁਕਤਾ।

ਖਰਾ ਪਾਏ ਬਿਨ ਕਵਨ ਜੁਗਤਾ।
ਖਰਾ ਪਰਸੇ ਤਾਂ ਸਭ ਜਗ ਸਰਸੇ।
ਖਰੀ ਛੋਹ ਬਿਨ ਕਿਵ ਤੋਹੇ ਦਰਸੇ?
ਖਰੇ ਖਰੇ ਕੀ ਕਵਨ ਨਿਸ਼ਾਨੀ।
ਖਰੇ ਭੰਡਾਰ ਕੀ ਖਰੀ ਨਉ-ਨਿਧਿ 'ਬਾਣੀ'।
ਖਰਾ ਖਰਾ ਤੁਧ ਆਖੇ ਲੋਕਾਈ।
ਖਰੇ ਬਿਨ ਕਹੁ ਕਿਨ ਗਤ ਪਾਈ।
ਖਰਾ ਖਜ਼ਾਨੇ ਖਿਚ ਬਹਾਵੇ।
ਖਰੇ ਬਿਨ੍ਹਾਂ ਅਗਨੀ ਤਪਤਾਵੇ;
ਖਰਾ ਕਲਿ-ਮਲਿ ਮਲ ਮਲਿ ਧੋਵੇ।
ਖਰਾ ਪੰਚ ਭੂਤ ਇਕ ਜੋਤਿ ਪ੍ਰੋਵੇ।
ਖਰਾ ਖਰਾ ਖਰਾ ਤੇਰਾ ਰੂਪ।
ਖਰੀ ਜੋਤ ਅਮਿਤੋਜ ਅਨੂਪ।
ਖਰੇ ਬਿਨ੍ਹਾਂ ਮਾਂਥੇ ਕਿਵ ਤਿਲਕ?
ਖਰੇ ਬਿਨ੍ਹਾ ਪਾਵੈ ਕੌਨ ਅਮਿਉ ਝਲਕ
ਖਰਾ ਆਪ, ਤੂੰ ਖਰਾ ਕਰਾਵੇਂ।
ਖਰਾ ਜੁਗ ਜੁਗ, ਖਰੇ ਫੁਲ ਖਿੜਾਵੇਂ।
ਖਰੇ ਕੀ ਜੁਗਤੀ, ਖਰੀ ਤੇਰੀ 'ਬਾਣੀ'।
ਖਰੇ ਕੀ ਇਹ ਪਾਰਸ ਖਾਣੀ।
ਖਰਾ ਤਾਂ ਜੇ ਨਓ ਨਿਧਿ ਖਜ਼ਾਨੇ।
ਖਰਾ ਤਾਂ ਜੇ ਉਮਡਨ 'ਨਾਮ'-ਤਰਾਨੇ।
ਖਰਾ ਤਾਂ ਜੇ ਰੋਮਿ ਰੋਮ ਤੇਰੀ ਜੋਤਿ।
ਖਰਾ ਤਾਂ ਜੇ ਚੁਗੇ ਸਦ-ਸੁਚੇ ਮੋਤਿ।
ਖਰਾ ਤਾਂ ਜੇ ਰਾਮ-ਰਸ ਪੀਵੇ।
ਖਰਾ ਤਾਂ ਜੇ ਅਮਿਓ ਰਹਸ ਲਖੀਂਵੇ।
ਖਰੇ ਖਰੇ ਖਰੇ ਤੇਰੇ ਹਭ ਗੁਣ।
ਖਰੇ ਤੂੰ ਹਿਰੇ, ਮੇਰੇ ਹਭ ਔਗੁਣ।
ਖਰੀ ਖਰੀ ਖਰੀ ਤੇਰੀ ਬਾਣੀ।
ਖਰੇ ਕੀ ਗਤਿ ਮਿਤ ਖਰੇ ਹੀ ਜਾਣੀ।
ਖਰਾ ਤਾਂ ਜਦ ਤੂੰ ਬਖਸ਼ਿੰਦਾ।
ਖਰੇ ਪ੍ਰਹਰੀ ਮੇਰੀ ਹਭ ਕਾਲਖ ਜਿੰਦਾ।
ਜਿਤ ਵਲ ਵੇਖਾਂ ਤਿਤ ਲਾਲਨ ਹੀ ਲਾਲਨ।

ਖਰੇ ਨੇ ਕੀਤੀ ਅਜ ਇਹ ਖੋਟੀ ਵਡ-ਮਾਲਨ।

੮. (ਗ)

ਗਗਾ ਆਦਿ ਜੁਗਾਦਿ ਗੁਰ ਘਟ ਘਟ ਰਹਿਓ ਸਮਾਇ।
ਸਤਿਗੁਰ ਕੇ ਅਟੱਲ ਪ੍ਰਤਾਪ ਸੇ ਛਿਨ-ਭਿਨ ਭਈ ਹਭ ਮਾਇ।
ਜੈ ਗੁਰਦੇਵ ਮੁਕਤਿ ਕੇ ਦਾਤੇ।
ਜੈ ਗੁਰਦੇਵ ਮੁਕਤਿ ਭੁਗਤਿ ਬਿਖਿਆਤੇ।
ਜੈ ਗੁਰਦੇਵ ਹਭ ਅੱਘ ਵਿਨਾਸ਼ਕ।
ਜੈ ਗੁਰਦੇਵ ਪਤਿਤ ਪ੍ਰਿਤਪਾਲਕ।
ਗੁਰਦੇਵ ਮੇਰਾ ਪਿਤਾ, ਗੁਰਦੇਵ ਮੇਰੀ ਮਾਤਾ।
ਗੁਰਦੇਵ ਮੇਰਾ ਬੰਧਪੁ, ਗੁਰਦੇਵ ਮੇਰਾ ਭਰਾਤਾ।
ਗੁਰਦੇਵ ਸਖਾ, ਗੁਰਦੇਵ ਮੇਰੀ ਸੰਗੀ।
ਗੁਰਦੇਵ ਸਹੋਦਰਾ, ਗੁਰਦੇਵ ਸਤ ਸੰਗੀ।
ਗੁਰਦੇਵ ਜੁਗ ਜੁਗ ਨਿਤ-ਚਾਨਣ।
ਗੁਰਦੇਵ ਜਗ-ਬੋਹਿਥ ਤਰਨ, ਤਾਰਨ।
ਗੁਰਦੇਵ ਤੇਜ-ਪੁੰਜ, ਸਦ-ਸੂਰਜ- ਬੰਸੀ।
ਗੁਰਦੇਵ ਸੀਤਲਿ ਖਾਣਿ, ਨਿਤ-ਚੰਦਰ-ਬੰਸੀ।
ਗੁਰਦੇਵ ਹਾਥ ਮੇਰੇ ਮਨ-ਕੀ ਡੋਰੀ।
ਗੁਰਦੇਵ ਜਿਵੇਂ ਹਿਲਾਏ, ਤਿਵੇਂ ਹੰਉ ਚਲੋ ਰੀ।
ਗੁਰਦੇਵ ਨਿਤ-ਚੈਤਨ, ਨਹੀਂ ਕਦੇ ਤੋਟਾ।
ਗੁਰਦੇਵ ਜੁਗ ਜੁਗ ਅਟਲ, ਨਹੀਂ ਕਦੇ ਤਰੋਟਾ।
ਗੁਰਦੇਵ ਜੀਅ-ਦਾਨ ਦੇਵੇ ਗਿਆਨ-ਅੰਜਨ।
ਗੁਰਦੇਵ ਸੀਖ ਸਭ ਪਾਪ ਨਿਖੰਜਨ।
ਗੁਰਦੇਵ ਬਿਨ੍ਹਾਂ ਗਿਆਨ ਕਿਨ ਪਾਇਆ ਰੰਚਕ?
ਗੁਰਦੇਵ ਬਿਨ੍ਹਾਂ ਬਾਨੀ ਬਲਵੰਚਕ।
ਗੁਰਦੇਵ ਬਿਨ੍ਹਾਂ ਗਤਿ ਪਾਈ ਕਿਮ।
ਗੁਰਦੇਵ ਬਿਨ੍ਹਾਂ ਨਹੀਂ ਉਤਰੇਂ ਥਿੰਮ।
ਗੁਰਦੇਵ ਕੀ ਮਹਿਮਾ ਕਵਨ ਬਖਾਨੇ।
ਗੁਰਦੇਵ ਰੂਪ ਗੁਰਦੇਵ ਹੀ ਜਾਨੇ।
ਗੁਰਦੇਵ ਖਿੜਾਏ ਸਚ ਖੰਡ ਫੁਲਵਾੜੀ।
ਗੁਰਦੇਵ ਜਗਾਏ ਜੋਤ-ਮਗਨਾਰੀ।
ਗੁਰਦੇਵ ਵਹਾਏ 'ਨਾਮ' ਕੀ ਗੰਗਾ।
ਗੁਰਦੇਵ ਕੋ ਆਸਨ ਮੇਰੋ ਹਿਰਦੰਗਾ।
ਗੁਰਦੇਵ ਮਹਿਮਾ ਰੋਮ ਰੋਮ ਨਿਤ ਗਾਵੇਂ।

ਗੁਰਦੇਵ ਕੀਰਤਨ ਵਣ ਤ੍ਰਿਣ ਅਲਾਵੇਂ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਗੁਰਦੇਵ ਜਗਾਇਓ ਦੀਪਕ ਤਾਂ ਚਾਨਣ ਹੀ ਚਾਨਣ।

੯. (ਘ)

ਘਘਾ ਘੱਟ ਘੱਟ ਬਿਆਪਿਓ, ਅੰਤਰਜਾਮੀ ਘਨਿਸ਼ਾਮ।
ਘਟ 'ਘੰਟਾ' ਜੁੰਹੀ ਜਾਨਿਓ, ਵਰ ਪਾਇਓ ਵਰਿਜਾਮ।
ਘਟਾਂ- ਕਾ ਮਾਲਕ ਆਪ ਤੂੰ, ਤੂੰ ਸਖਾ ਤੂੰ ਮੀਤ।
ਘਟ-ਤੱਟ ਪਾਏ ਬਿਨ੍ਹਾਂ ਕਵਨ ਕਹੇ ਜਗਜੀਤ।
ਘਟਾਂ ਕਾ ਮਾਲਕ ਨਿਤ ਕਰੇ ਹਾਕ।
ਘਟਾਂ ਕਾ ਮਾਲਕ ਜਗਮਗਾਏ ਖਾਕ।
ਘਟਾਂ ਕਾ ਮਾਲਕ ਮੇਰੋ ਅੰਤਰ-ਜਾਮੀ।
ਘਟਾਂ ਕਾ ਮਾਲਕ ਸਭ ਜਗ ਕੋ ਸਵਾਮੀ।
ਘਟਾਂ ਕਾ ਮਾਲਕ ਗਾਏ ਨਿਤ 'ਧੁਨੀ'।
ਘਟਾਂ ਕਾ ਮਾਲਕ ਕੀ ਇਏ ਅਜਬ ਗੁਨ-ਗੁਨੀ।
ਘਟਾਂ ਕਾ ਮਾਲਕ ਨਿਤ ਛੇਦੇ ਭਰਮ।
ਘਟਾਂ ਕਾ ਮਾਲਕ ਸਦ-ਸੀਤਲ, ਸਦ-ਗਰਮ।
ਘਟਾਂ ਕਾ ਮਾਲਕ ਘਟ ਕੋ ਚੰਦ।
ਘਟਾਂ ਕਾ ਮਾਲਕ ਵੰਡੇ ਨਿਜਾਨੰਦ।
ਘਟਾਂ ਕਾ ਮਾਲਕ ਘਟ ਕੋ ਤੀਰਥ।
ਘਟਾਂ ਕਾ ਮਾਲਕ ਨਿਤ-ਨਾਵਾਂ-ਭਗੀਰਥ।
ਘਟਾਂ ਕਾ ਮਾਲਕ ਨੇ ਜਦ ਖੋਲੀ ਜੁਗਤਿ।
ਘਟਾਂ ਕਾ ਮਾਲਕ ਕੋ ਦੇਖਤ ਹੀ ਜੀਵਨ-ਮੁਕਤਿ।
ਘਟਾਂ ਕਾ ਮਾਲਕ ਕੋ ਹਉਂ ਬਲਿ ਬਲਿ ਜਾਉਂ।
ਘਟਾਂ ਕਾ ਮਾਲਕ ਕੀ ਨਿਹਚਲ ਇਹ-ਛਾਓਂ।
ਘਟਾਂ ਕਾ ਮਾਲਕ ਨੇ, ਜਬ ਦੀਨੇ ਦਰਸ਼ਨ।
ਘਟਾਂ ਕਾ ਮਾਲਕ ਦੇਖਤ ਹੀ ਸਭ ਪਾਪ ਬਿਖੰਡਨ।
ਘਟਾਂ ਕਾ ਮਾਲਕ ਕੀ ਨਿਰਮਲ-ਬਾਨੀ।
ਘਟ ਘਟ ਸੁਨੀ, ਸੁਨਿ ਸ੍ਰਵਨ ਬਖਾਨੀ।
ਘਟਾਂ ਕੇ ਮਾਲਕ ਕਾ ਅਨਹਦ ਘੰਟਾ।
ਘਟਾ ਕੇ ਮਾਲਕ ਕੋ ਨਹੀਂ ਕਾਹੜਾ ਨਾ ਟੰਟਾ।
ਘਟਾਂ ਕੇ ਮਾਲਕ ਕਾ ਨਿਰਮਲ ਨੀਰ।
ਘਟਾਂ ਕਾ ਮਾਲਕ ਇਹ-ਦਾਤ ਗੰਭੀਰ।
ਘਟਾਂ ਕਾ ਮਾਲਕ ਵਡ ਤੀਰਥ, ਅਠ-ਸਠ ਇਸ਼ਨਾਨਾ।

ਘਟਾਂ ਕਾ ਮਾਲਕ ਬਿਨ ਕਿਨ ਪਾਇਆ ਪਦ-ਨਿਰਬਾਨਾ।
ਘਟਾਂ ਕਾ ਮਾਲਕ ਸਦ 'ਨਾਮ-ਨਿਵਾਸੀ'।
ਘਟ ਘਟ ਕੀ ਪਟਿ ਨਾਮਿ ਲਿਖਾਸੀ।
ਘਟਾਂ ਕਾ ਮਾਲਕ ਮੇਰਾ ਬਾਲ-ਸਖਾਈ।
ਘਟਾਂ ਕਾ ਮਾਲਕ ਮੇਰੋ ਪ੍ਰਾਨ-ਜਵਾਈ।
ਜਿਤ ਵਲ ਵੇਖਾਂ ਮੇਰਾ ਲਾਲਨ ਹੀ ਲਾਲਨ।
ਘਟਾਂ ਕੇ ਮਾਲਕ ਕੋ ਘੰਟਾ ਸੁਨਿ ਭਹੀ ਨਿਹਾਲਨ।

੧੦. (ਞ)

ਞੰਞਾ ਞਿਆਨ, ਨਿਜ ਗਿਆਨ ਆਪ, ਞਿਆਨੇਸ਼ਵਰ ਤੂੰ।
ਇਸ ਞਿਆਨ ਜੋਤ ਜਗਾਏ ਬਿਨ, ਘਟ ਘਟ ਮਹਿ ਸਦ-ਧੂੰ।
ਞਿਆਨੇਸ਼ਵਰ ਕੋ ਨਿਮਸ਼ਕਾਰ, ਸਦ ਬੰਦਨ ਬਾਰੰ-ਬਾਰ।
ਞਿਆਨੇਸ਼ਵਰ ਹੈ 'ਗਨੇਸ਼ ਜ਼ੀ', ਮਨਾਵੇ ਕਵੀ ਮੁਨੀ-ਮੁਨੀਸ਼੍ਰਰ।
ਞਿਆਨੇਸ਼ਵਰ ਜੀ ਜਬ ਮੇਰੂੰ ਘਰ ਮਹਿ ਆਇਉ।
ਞਿਆਨੇਸ਼ਵਰ ਜੀ ਨੇ ਮੋਹੇ ਤਬ ਦੀਪ ਦਿਖਾਇਓ।
ਞਿਆਨੇਸ਼ਵਰ ਜੀ ਕੋ ਅਖੰਡ ਪ੍ਰਭਾਓ।
ਞਿਆਨੇਸ਼ਵਰ ਜੀ ਕੋ ਸਹਜਿ ਸੁਭਾਉ।
ਞਿਆਨੇਸ਼ਵਰ ਜੀ ਜੋਤਿ ਕੀ ਜੋਤ।
ਞਿਆਨੇਸ਼ਵਰ ਜੀ ਜਗ-ਜੀਵਨ-ਜੋਤ।
ਞਿਆਨੇਸ਼ਵਰ ਜੀ ਕੀ ਨਿਰਮਲ ਬਾਨੀ।
ਞਿਆਨੇਸ਼ਵਰ ਜੀ ਕੀ ਜੋਤਿ-ਪਰਮ-ਨਿਧਾਨੀ।
ਞਿਆਨੇਸ਼ਵਰ ਜੀ ਞਿਆਨ ਕੇ ਦਾਤੇ।
ਞਿਆਨੇਸ਼ਵਰ ਬਿਨ ਸਭ ਭਰਮ ਭਰਮਾਤੇ।
ਞਿਆਨੇਸ਼ਵਰ ਜੀ ਕਰੇਂ ਮਸਿਆ ਮੈਂ ਪੂਰਨਮਾ।
ਞਿਆਨੇਸ਼ਵਰ ਜੀ ਪਾਰਸ ਪਰਸੇਂ, ਤਉਂ ਸੰਪੂਰਨਾ।
ਞਿਆਨੇਸ਼ਵਰ ਜੀ ਸਭ ਕਲ-ਮਲ ਪ੍ਰਹਰੇਂ।
ਞਿਆਨੇਸ਼ਵਰ ਜੀ ਞਿਆਨ ਛਤਰ-ਛਾਇਆ ਸਿਰ ਕਰੇਂ।
ਞਿਆਨੇਸ਼ਵਰ ਜੀ 'ਅਨਲ-ਮਨਲ' ਕੋ ਆਲ੍ਹਣ।
ਞਿਆਨੇਸ਼ਵਰ ਜੀ ਹੁਮਾ ਪੰਛੀ ਕੀ ਛਾਵਣਿ।
ਞਿਆਨੇਸ਼ਵਰ ਜੀ ਜਬ ਘਰ ਮਹਿ ਆਏ।
ਞਿਆਨੇਸ਼ਵਰ ਪ੍ਰਤਾਪ ਸੇ ਕਾਨੀ ਉਡੀ ਉਡਾਏ।
ਞਿਆਨੇਸ਼ਵਰ ਨਿਤ-ਸੂਰ-ਪ੍ਰਭਾਕਰ।
ਞਿਆਨੇਸ਼ਵਰ ਨੌ ਨਿਧ ਰਿਧ ਸਿਧ ਰਤਨਾਗਰ।
ਞਿਆਨੇਸ਼ਵਰ ਜਬ ਭਏ ਦਿਆਲਾ।

ਗਿਆਨੇਸ਼ਵਰ ਜੀ ਕਟੇ ਜਮ ਜਾਲਾ।
ਗਿਆਨੇਸ਼ਵਰ ਬਿਨ ਮੁਕਤੀ ਕਿਨ ਪਾਈ।
ਗਿਆਨੇਸ਼ਵਰ ਬਿਨ ਸਭ ਅੰਧੀ ਲੋਕਾਈ।
ਗਿਆਨੇਸ਼ਵਰ ਗਿਆਨ ਵਿਗਿਆਨ ਕੇ ਪੁੰਜ।
ਗਿਆਨੇਸ਼ਵਰ ਹਰਨ ਭਰਨ ਪਾਪ ਸਭ ਮੁੰਚ।
ਗਿਆਨੇਸ਼ਵਰ ਕੀ ਸਰਸਵਤੀ ਸਭ ਜਾਈ।
ਗਿਆਨੇਸ਼ਵਰ ਬਿਨ ਕਿਨ ਕਵੀ ਕਹਾਈ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਗਿਆਨੇਸ਼ਵਰ ਨੇ ਜੋਤ ਜਗਾਈ ਤਉਂ ਤੀਨ ਭਵਨ ਮਹਿ ਚਾਨਣ।

੧੧. (ਚ)

ਚਚਾ ਇਸ ਸੂਖਮ ਚਿਤ-ਚੋਰ ਕੀ ਮਹਿਮਾ ਕਿਕੂ ਬਖਾਨਉ।
ਆਇਓ ਮੋਰੇ ਦਵਾਰ ਜਬ, ਲੀਓ ਕਖ ਦੀਓ ਲਖ ਭਰਾਨਉ।
ਚਿਤ ਚੋਰ ਚੋਰੀ ਨਿਤ ਕਰੇ।
ਚਿਤ ਚੋਰ ਮੇਰੀ ਕਲਿ ਮਲ ਹਿਰੇ।
ਚਿਤ ਚੋਰ ਕੁਝ ਕੁਝ ਲੇਵੇ ਕੁਝ ਦੇਵੈ।
ਚਿਤ ਚੋਰ ਆਪ ਛੀਨ ਵਡ-ਆਪਾ ਦੇਵੈ।
ਚਿਤ ਚੋਰ ਅਤੀ ਕੋਮਲ ਅਤੀ ਸੂਖਮ।
ਚਿਤ ਚੋਰ ਪਰਸੇ ਤਉ ਕਮਲ ਵਿਗੂਸਮ।
ਚਿਤ ਚੋਰ ਮੇਰੋ ਮਨ ਕੋ ਗਾਹਕ।
ਚਿਤ ਚੋਰ ਮਾਰੇ ਮਨ ਚਾਬਕ।
ਚਿਤ ਚੋਰ ਪਵਨ ਢੰਗ ਲਾ ਮੋਹਿ ਉੜੇ।
ਚਿਤ ਚੋਰ ਕੀ ਇਹ ਚਾਲ ਮੋਹਿ ਨਿਤ ਪੁੜੇ।
ਚਿਤ ਚੋਰ ਕੇ ਚੋਜ ਅਨੂਪਮ।
ਚਿਤ ਚੋਰ ਕੀ ਮਹਿਮਾ ਸਦ ਊਤਮ।
ਚਿਤ ਚੋਰ ਸਦ ਚੋਜੀ ਸਦ ਮੌਜੀ।
ਚਿਤ ਚੋਰ ਘਟ ਘਟ ਕਾ ਖੋਜੀ।
ਚਿਤ ਚੋਰ ਚਿੰਤਾ ਸਭ ਲਾਹੇ।
ਚਿਤ ਚੋਰ ਕਲ ਮਲ ਸਭ ਖਾਏ।
ਚਿਤ ਚੋਰ ਬੌਣਾ ਤੇ ਵੌਣਾ।
ਚਿਤ ਚੋਰ ਕਾ 'ਨਾਮ' ਨਿਸ਼ੋਨਾ।
ਚਿਤ ਚੋਰ ਨਾਮ ਤੀਰ ਨਿਤ ਚਲਾਏ।
ਚਿਤ ਚੋਰ ਘਾਇਲ ਕਰੇ ਫੁਨ ਮਰਹਮ ਲਾਏ।
ਚਿਤ ਚੋਰ ਜਬ ਭਏ ਮੋਹਿ ਪਹਿ ਆਸ਼ਕ।

ਚਿਤ ਚੋਰ ਨੇ ਪਿਲਾਈ ਰਤਾਕੁ ਨਾਮ ਕੀ ਕਾਸ਼ਕ।
ਚਿਤ ਚੋਰ ਮੇਰੇ ਚੀਰ ਸਭ ਹਿਰੇ।
ਚਿਤ ਚੋਰ ਨੇ ਮੇਰੋ ਵਿਘਨ ਸਭ ਖੁਰੇ।
ਚਿਤ ਚੋਰ ਆਵੇ ਜਾਵੇ ਨਿਤ ਦਬੇ ਪੈਰੇਂ।
ਚਿਤ ਚੋਰ ਕੀ ਕੋਮਲ ਪਰਸ ਮੋਹਿ ਨਿਤ ਨਿਤ ਘੇਰੇ।
ਚਿਤ ਚੋਰ ਜੀ ਤੁਸੀਂ ਜਮ ਜਮ ਆਓ।
ਚਿਤ ਚੋਰ ਬਿਨ੍ਹਾਂ ਮੁਕਤਿ,ਕਿਮ ਪਾਊਂ?
ਚਿਤ ਚੋਰ ਕੀ ਅਨੂਪਮ ਬੀਨਾ,
ਚਿਤ ਚੋਰ ਕੀ ਬੀਨ ਨੇ ਮਨ ਮੇਰੇ ਹਰ ਲੀਨਾ।
ਚਿਤ ਚੋਰ ਨੇ ਜਬ ਮਿਰਦੰਗ ਛੇੜਾ।
ਚਿਤ ਚੋਰ ਨੇ ਲਾਇਓ ਤਬ ਸਦ-ਬਸੰਤੀ ਖੇੜਾ।
ਜਿਤਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਚਿਤ ਚੋਰ ਨੇ ਮੋਹਿ ਚੁਰਾਇਆ, ਤਉ ਲਖ-ਲਾਖ ਵਿਕਾਵਨ।

੧੨. (ਛ)

ਛਛਾ ਛੈਲ ਛਬੀਲ ਤੂੰ, ਮੋਹਨ, ਮਨਮੋਹਨ, ਜਗਮੋਹਨ।
ਛੈਲਛਬੀਲੇ ਬਾਲ-ਗੁਪਾਲ ਨੇ ਕੀਓ ਮੇਰੋ ਮਨ ਹਰਨ।
ਛੈਲਛਬੀਲੇ ਮੋਹਿਨਾ, ਸਾਂਵਲ ਸੁੰਦਰ ਤੂੰ।
ਛੈਲਛਬੀਲਾ ਤਉਂ ਸਦ, ਮਨ ਮੰਦਰ ਜਦ ਤੂੰ।
ਛੈਲਛਬੀਲਾ ਮੇਰੋ ਮਨ ਮੋਹਨ।
ਛੈਲਛਬੀਲਾ ਹਭ ਜਗ ਸੇ ਸੋਹਨ।
ਛੈਲਛਬੀਲੇ ਨੇ ਮਾਰੀ ਕਾਰੀ ਕੀ ਕਟਾਰੀ।
ਛੈਲਛਬੀਲੇ ਨੇ ਬਜਰ ਸਿਲ ਮੇਂ ਵਾਹੀ ਆਰੀ।
ਛੈਲਛਬੀਲੇ ਕੀ ਇਕ ਕਟਾਖ ਨੇ ਮੋਹਿ ਮੋਹਿਓ।
ਛੈਲਛਬੀਲੇ ਕੀ ਇਕ ਝਾਂਕੀ ਨੇ ਮਨਿ ਖੋਇਓ।
ਛੈਲਛਬੀਲੇ ਪੁਰਖੋਤਮਾ, ਸਰਬਓਤਮ ਤੂੰ।
ਛੈਲਛਬੀਲੇ ਘਟ ਘਟ ਮੇਂ ਤੇਰੀ ਖੁਸ਼ਬੂ।
ਛੈਲਛਬੀਲੇ, ਤੂੰ ਜੱਗਮੱਗ, ਤੂੰ ਝਿਲਮਿਲ।
ਛੈਲਛਬੀਲੇ, ਤੂੰ ਉਨਮਨ ਤੂੰ ਰਿਣਝਿਣ।
ਛੈਲਛਬੀਲੇ ਤੂੰ ਵਾਹ ਵਾਹ ਕੀ ਫੁਲਵਾੜੀ।
ਛੈਲਛਬੀਲੇ ਘਟ ਘਟ ਮਹਿ ਤੇਰੀ ਚੰਦਨ ਵਾੜੀ।
ਛੈਲਛਬੀਲੇ ਤੂੰ ਕੂਲਾ, ਤੂੰ ਪੱਟ, ਤੂੰ ਰੇਸ਼ਮ।
ਛੈਲਛਬੀਲੇ, ਤੇਰੀ ਪਾਰਸ ਪਰਸ, ਵਾਹ ਇਹ ਅਬਰੇਸ਼ਮ।
ਛੈਲਛਬੀਲੇ, ਤੂੰ ਪੁਖਰਾਜ, ਤੂੰ ਨੀਲਮ।

ਛੈਲਛਬੀਲੇ, ਤੂੰ ਹੀਰਾ, ਤੂੰ ਲਾਲਨ।
ਛੈਲਛਬੀਲੇ, ਨਿਰਗੁਨ ਵਿਚ ਗੰਗਾ, ਕਿਨ ਵਹਾਈ?
ਛੈਲਛਬੀਲ਼ੇ, ਤੂੰ ਆਇਆ, ਤਾਂ ਹਰਿਆਵਲ ਆਈ।
ਛੈਲਛਬੀਲੇ ਪੋਹ ਫੁਟਾਲ ਤੇਰੀ ਰਾਣੀ।
ਛੈਲਛਬੀਲੇ ਸਤ-ਰੰਗੀ-ਪੀਂਘ ਤੇਰੀ ਬਾਣੀ।
ਛੈਲਛਬੀਲੇ ਇਸ ਬਾਣੀ ਬਿਨ ਬਸੰਤ ਕਿਨ ਪਾਈ?
ਛੈਲਛਬੀਲੇ ਇਹ ਆਈ, ਤਾਂ ਤੇਰੀ ਤਾਜ਼ਗੀ ਵੀ ਆਈ।
ਛੈਲਛਬੀਲੇ ਵਾਹ ਵਾਹ ਤੇਰੀ ਗੰਧ-ਸੁਗੰਧ।
ਛੈਲਛਬੀਲੇ ਅਨੂਪਮ ਤੇਰੀ ਸੇਜਾ ਤੇ ਨੰਦ ਚੰਦ।
ਛੈਲਛਬੀਲੇ ਤੂੰ ਮੇਰੇ ਮਨ ਕੀ ਨਈਆ।
ਛੈਲਛਬੀਲੇ ਭਵਸਾਗਰ ਤੇ ਤੈਂ ਪਾਰ ਲੰਘਈਆ।
ਛੈਲ ਸਦ ਛੈਲਾ, ਨਹੀਂ ਮੈਲਾ ਤੂੰ।
ਛੈਲ ਨੇ ਰਚੀ ਛੈਲੀ ਨਾਮ-ਵਿਭੂ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਛੈਲੇ ਨੇ ਕੀਤੀ ਛੈਲੀ, ਹਭ ਮੇਰੀ ਘਾਲਨ।

੧੩. (ਜ)

ਜਜਾ ਜੋਤੀ ਜੋਤ ਤੂੰ, ਜਗ ਜੀਵਨ ਜੋਤਿ-ਸਰੂਪ।
ਇਸ ਜੋਤ ਬਿਨਾ ਕਿਹਾ ਜੀਵਨਾ, ਕੰਵਨ ਰੰਕ ਕੰਵਨ ਭੂਪ?
ਜਗਜੀਵਨ ਜੀ ਮੈਂ ਤੋਹਿ, ਬਲਿ ਬਲਿ ਸਦ ਜਾਈ।
ਜਗਜੀਵਨ ਜੀ ਤੋਰੇ ਨਾਮ ਕੀ ਜੋਤ ਜੋ ਜਗਾਈ।
ਜਗਜੀਵਨ ਤੇਰੀ ਜੋਤ ਜਗਤ ਕੋ ਸੂਰਾ।
ਜਗਜੀਵਨ ਖੰਡ ਮੰਡਲ ਬ੍ਰਹਮੰਡ ਕੋ ਨੂਰਾ।
ਜਗਜੀਵਨ ਕੀ ਜਗ ਇਹ ਕਿਰਨਾ।
ਜਗਜੀਵਨ ਕੀ ਦ੍ਰਿਸ਼ਟੀ. ਨਿਤ ਅਮਿਓ ਝਰਨਾ।
ਜਗਜੀਵਨ ਜਗ ਮਗ ਜੋਤਿ ਜਗਾਈ।
ਜਗਜੀਵਨ ਓਤ ਪੋਤ ਰਹਿਆ ਸਮਾਈ।
ਜਗਜੀਵਨ ਬਿਨਾਂ ਕੌਨ ਜੀਵਾਵੇ ਹਭ ਜੱਗ।
ਜਗਜੀਵਨ ਬਿਨਾਂ ਜਗ ਬਾਲੂ ਕੀ ਰਜ।
ਜਗਜੀਵਨ ਕੇ ਸਭ ਚਲਾਏ ਚਕਰ।
ਜਗਜੀਵਨ ਪਵਨ ਪਾਨੀ ਅਗਨੀ ਕੋ ਘੂਮਰ।
ਜਗਜੀਵਨ ਜੀਵਨ ਕੀ ਜਗਤ।
ਜਗਜੀਵਨ ਸਦ ਨਾਮ -ਸੰਜੁਗਤ।
ਜਗਜੀਵਨ ਕੀ ਕਾਲ ਇਕ ਨਦੀਆ।
ਜਗਜੀਵਨ ਕੀ ਨਈਆ "ਨਾਮ" ਲਦੀਆ।

ਜਗਜੀਵਨ ਜਾਗੇ ਜਗਾਏ, ਹਭ ਸ੍ਰਿਸ਼ਟ ਚਲਾਏ।
ਜਗਜੀਵਨ ਵਿਗਸੇ-ਬਿਗਸੇ, ਨਿਤ ਚਮਕਾਏ।
ਜਗਜੀਵਨ ਜੀਵ ਕਲਾ ਕਾ ਨਾਉਂ।
ਜਗਜੀਵਨ ਬਿਨ ਮਿਰਤਕ ਕਾ ਘਾਉ।
ਜਗਜੀਵਨ ਮੋਹਿ ਟੁੰਭ ਜਗਾਏ।
ਜਗਜੀਵਨ ਮੋਹਿ ਜੀਆ-ਦਾਨ ਦਵਾਏ।
ਜਗਜੀਵਨ ਕੀ ਸਭ ਕੋ ਨਿਤ ਆਸਾ।
ਜਗਜੀਵਨ ਇਸ ਬ੍ਰਹਮੰਡ ਕੋ ਧੂ।
ਜਗਜੀਵਨ ਬਿਨਾਂ ਕਾਲ ਕੀ ਧੂ।
ਜਗਜੀਵਨ ਹਸੇ ਜਗਜੀਵਨ ਹਸਾਏ।
ਜਗਜੀਵਨ ਬਿਨ ਜੀਵਨ ਬਿਰਥਾਏ।
ਜਗਜੀਵਨ ਰੋਮ ਰੋਮ ਕੇ ਸਦ ਵਾਸੀ।
ਜਗਜੀਵਨ ਅਣੂ ਪ੍ਰਮਾਣੂ ਨਿਤ-ਨਿਵਾਸੀ।
ਜਗਜੀਵਨ ਕੀ ਜੁਗਤ ਕਾ ਕਿਆ ਨਾਉਂ ?
ਜਗਜੀਵਨ ਕੀ ਜੋਤ "ਨਾਮ" ਜੁਗ-ਚੌਗਾਉ?
ਜਗਜੀਵਨ ਕਾਲ ਕੇ ਪ੍ਰਹਰੈ।
ਜਗਜੀਵਨ ਸਦ-ਬਸੰਤ ਪਰੁਫੜੈ।
ਜਿਤ ਵਲ, ਵੇਖਾਂ ਮੇਰੋ ਲਾਲਨ ਹੀ ਲਾਲਨ।
ਜਗਜੀਵਨ ਵਿਖਾਇਓ ਜੋਤ ਅਬਿ-ਚਾਲਨ।

੧੪.(ਝ)

ਝਝਾ ਝੁਣਤਕਾਰ ਤੂੰ, ਰੁਣ ਝੁਣ ਤੂ, ਨਿਰਤਕਾਰ ਤੇਰੋ ਸਦ ਸਾਚ
ਇਸ ਝੁਨਤਕਾਰ ਸੁਖਸਾਰਨੇ ਰਚੇਅਨੰਤ ਖੰਡਮੰਡਲ, ਨਿਤ-ਨਾਚ
ਝੁਨਤਕਾਰ ਰੁਣ ਝੁਣ ਜਦ, ਲਾਈ।
ਝੁਨਤਕਾਰ ਨੇ ਤਦ ਰਚੀ ਲੁਕਾਈ।
ਝੁਨਤਕਾਰ ਕਹੁ ਕਿਸਕਾ ਨਾਉਂ?
ਝੁਨਤਕਾਰ ਥੱਰ ਥੱਰ, ਫੱਰ ਫੱਰ, "ਨਾਮ" ਵਾਓ।
ਝੁਨਤਕਾਰ ਬਿਨ ਕਹੁ ਕੀਕਨ ਜੀਵਨ?
ਝੁਲਤਕਾਰ ਜੀਵਨ ਥਿਰ ਥੀਵਨ।
ਝੁਨਤਕਾਰ ਝੁਨ ਝੁਨੀ ਜਬ ਲਾਈ।
ਝੁਨਤਕਾਰ ਸ੍ਰਿਸ਼ਟ. ਤਬ ਸਬ ਉਪਾਈ।
ਝੁਨਤਕਾਰ ਸਲਿਲ ਮਹਿ ਸੂਲ ਉਠਾਏ।
ਝੁਨਤਕਾਰ ਪਵਨ ਮਹਿ ਵਿਰੋਲੇ ਵਹਾਏ ।
ਝੁਨਤਕਾਰ ਮਹਿ ਅਨੂਪਮ ਰੁਣਿਝੁਣ।
ਝੁਨਤਕਾਰ ਕੀ ਇਹ ਸੰਸਾਰ ਬੁਣਤਰ ।
ਝੁਨਤਕਾਰ ਕੇ ਕਹੁ ਕਿਤਨੇ ਨਾਉਂ?

ਝੁਨਤਕਾਰ ਬੀਨ, ਆਦਿ ਸਹੰਸਰ -ਚਾਉ।
ਝੁਨਤਕਾਰ ਰਣਜੀਤ ਨਗਾਰੇ ਬਾਜੈ।
ਝੁਨਤਕਾਰ ਕੈ ਨਰ-ਸਿੰਘੇ ਨਿਤ ਗਾਜੈ।
ਝੁਨਤਕਾਰ ਨੇ ਜਬ ਮ੍ਰਿਦੰਗ ਵਜਾਈ।
ਝੁਨਤਕਾਰ ਨੇ ਲੂੰ ਲੂੰ ਮੇਰੇ ਗੰਗਾ ਵਗਾਈ।
ਝੁਨਤਕਾਰ ਕੀ, ਘਨਘੋਰ ਘਟਾ, ਘੱਟ ਘੱਟ।
ਝੁਨਤਕਾਰ "ਨਾਮ" -ਤੀਰਥ ਅੱਠ-ਸੱਠ।
ਝੁਨਤਕਾਰ ਝੀਣੀ ਮਨ-ਭੀਣੀ ਬਾਣੀ।
ਝੁਨਤਕਾਰ ਨੇ ਤਾਣੀ ਤਾਣੀ ਨਿਤ-ਸਤਾਣੀ।
ਝੁਨਤਕਾਰ ਝੂਮਿ ਝੂਮਿ, ਛਤਰਨ ਕੀ ਛਾਇਆ।
ਝੁਨਤਕਾਰ ਸਦ-ਪੀਂਘ, ਸਦ-ਰੀਝ ਰੀਝਾਇਆ।
ਝੁਨਤਕਾਰ ਮੇਰੇ ਹਿਰਦੇ ਕੀ ਗੁਝੀ ਰਬਾਬਾ।
ਝੁਨਤਕਾਰ ਕੈ ਵਜੋਂ ਧੁਨਿ ਲਲਤਿ ਤਰਾਬਾ।
ਝੁਨਤਕਾਰ ਸਦ-ਸੰਖਨ ਕੀ ਗੂੰਜਾ।
ਝੁਨਤਕਾਰ ਬਿਨ ਜਗਤ ਕਾਲ-ਕੀ- ਕੂੰਜਾ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਝੁਨਤਕਾਰ ਝੁਨਿ-ਅਨਹਤ ਕੀਨੋ ਸਦ-ਸੁਹਾਗਨ।

੧੫.(ਵ)

ਵੰਵਾ ਵਾਣਹਾਰ ਤੂੰ, ਤੂੰ ਕਰਣ-ਕਾਰਣ ਸਮ੍ਰੱਥ।
ਤੁਧ ਵਾਣੇ ਵਾਣੀ ਵਾਣ ਬਿਨ, ਇਹ ਜੀਵਨ ਪੱਥ ਅਣਲੱਥ।
ਵਾਣੀਵਾਣ ਕਹੁ ਕਿਸ ਕਹੀਏ?
ਵਾਣੀਵਾਣ, ਜਾਣ ਪਛਾਣੂ, ਜਗ ਸਭੀਏ।
ਵਾਣੀਵਾਣ ਦਿਲਾਂ ਦਾ ਮੈਹਰਮ।
ਵਾਣੀਵਾਣ ਅਤੀ ਗਹਿਰ-ਗੰਭੀਰਮ।
ਵਾਣੀਵਾਣ ਘਟ ਘਟਾਂ ਕਾ ਸਾਖੀ।
ਵਾਣੀਵਾਣ ਵਾਹ ਵਾਹ ਸੋਨੇ-ਕੀ-ਆਖੀ।
ਵਾਣੀਵਾਣ ਜਾਣੇ ਬਿਨ ਬੋਲੇ।
ਵਾਣੀਵਾਣ ਬੰਦ ਬੂਹੇ ਖੋਲੇ
ਵਾਣੀਵਾਣ ਕੀ ਚਹੁਜੁਗ ਤਾਕ।
ਵਾਣੀਵਾਣ ਕੀ ਤੀਬਰ ਝਾਕ।
ਵਾਣੀਵਾਣ ਕੀ ਕੋਹਿ ਨੂਰੀ ਦਰਸ।
ਵਾਣੀਵਾਣ ਕੀ ਛਬੀ ਪਾਰਸ-ਪਰਸ਼।
ਵਾਣੀਵਾਣ ਕੀ ਇੱਲ-ਅੱਖ ਚੌ-ਮੁਖੀ।
ਵਾਣੀਵਾਣ ਕੀ ਨੀਝ ਨੌ-ਲੱਖੀ।
ਵਾਣੀਵਾਣ ਕਹੁ ਕੀਕੂੰ ਵੇਖੇ?

ਞਾਣੀਞਾਣ 'ਨਾਮ' -ਆਰਸੀ ਨਿਤ ਪੇਖੇ।
ਞਾਣੀਞਾਣ ਕਾ ਇਹ ਜਾਮਿ-ਜਹਾਂ-ਨਮਾ'।
ਞਾਣੀਞਾਣ ਕਾ ਇਹ ਸਦ-ਕ੍ਰਿਸ਼ਮਾ।
ਞਾਣੀਞਾਣ ਇਸ-ਸ਼ੀਸ਼ੇ ਮੈਂ ਆਪੇ ਵਸਿਆ।
ਞਾਣੀਞਾਣ ਰੋਮ ਰੋਮ ਮਹਿ ਧਸਿਆ।
ਞਾਣੀਞਾਣ ਹਭ ਨੀਤੀ-ਨਿਪੰਨ।
ਞਾਣੀਞਾਣ ਸਰਬ-ਗੁਨ-ਸੰਪੰਨ।
ਞਾਣੀਞਾਣ ਗਿਆਤਾ ਬਿਗਿਆਤਾ।
ਞਾਣੀਞਾਣ ਬਿਨ ਨੈਨਾਂ ਜੱਗ ਜਾਤਾ।
ਞਾਣੀਞਾਣ ਜੋਗ ਭੋਗ, ਸਮ-ਦ੍ਰਿਸ਼ਟਾ।
ਞਾਣੀਞਾਣ ਸਦ ਅਮਿਓ-ਨਿਸ਼ਟਾ।
ਞਾਣੀਞਾਣ ਵੇਖੇ ਹਭ ਲੋਈ।
ਞਾਣੀਞਾਣ ਆਪ ਅੱਖ-ਉਹਲੇ ਹੋਈ।
ਞਾਣੀਞਾਣ ਕੀ ਵਿਡਾਨੀ ਲੀਲਾ।
ਞਾਣੀਞਾਣ ਕੀ ਇਹ ਨਿਤ-ਕੇਲਾ।
ਞਾਣੀਞਾਣ ਚਹੁਜੁਗ ਜਾਗੇ।
ਞਾਣੀਞਾਣ ਵੇਖ ਕਾਲ ਉਠ ਭਾਗੇ।
ਞਾਣੀਞਾਣ ਅਣਬੋਲੀ ਬੋਲੀ ਗਾਵੇ।
ਞਾਣੀਞਾਣ ਅਣ-ਮੰਗਿਆ ਦਾਨ ਦਿਵਾਵੇ।
ਞਾਣੀਞਾਣ ਕੀ ਹਭ ਜੱਗ ਪੁਲਸ ਚੌਕੀ।
ਞਾਣੀਞਾਣ ਕੀ ਛਾਵਣਿ ਚਉਕੁੰਟੀ ਵੇਖੀ।
ਜਿਤ ਵਲ ਵੇਖਾਂ ਮੇਰੇ ਲਾਲਨ ਹੀ ਲਾਲਨ।
ਞਾਣੀਞਾਣ ਕਾ ਇਹ ਵਡ-ਵਡਾ ਉਪਕਾਰਨ।

੧੬.(ਟ)

ਟਾਇਆ ਟੂਟੀ-ਗਾਂਢਨ-ਹਾਰ ਤੰ,ਤੂੰ ਮਾਈ,ਤੂੰ ਬਾਪ।
ਤੇਰੇ 'ਨਾਮ' ਕੀ ਗੂੰਦਨੇ ਲੱਕ-ਗੰਢਿਆ, ਵਾਹ ਚਹੁਜੁਗਤੇਰੀ ਛਾਪ।
ਟੂਟੀਗਾਂਢਨਹਾਰ ਤੂੰ ਮੇਰੋ ਗੁਪਾਲ।
ਟੂਟੀਗਾਂਢਨਹਾਰ ਤੂੰ, ਮੇਰੀ ਦ੍ਰਿੜ-ਢਾਲ।
ਟੂਟੀਗਾਂਢਨਹਾਰ ਘਟ ਮੇਰੇ ਜਬ ਆਇਆ।
ਟੂਟੀਗਾਂਢਨਹਾਰ ਨੇ ਰੀੜ੍ਹ ਹੱਡਿ ਜੋੜਾਇਆ।
ਟੂਟੀਗਾਂਢਨਹਾਰ ਜਗਤ ਪ੍ਰਿਤਪਾਲਕ।
ਟੂਟੀਗਾਂਢਨਹਾਰ ਘਟ ਘਟ ਕਾ ਮਾਲਕ।
ਟੂਟੀਗਾਂਢਨਹਾਰ ਬਿਨ ਗਤ ਕਿਨ ਪਾਈ?
ਟੂਟੀਗਾਂਢਨਹਾਰ ਰੁਠੀ ਜਿੰਦ ਮੇਲ ਮਿਲਾਈ।
ਟੂਟੀਗਾਂਢਨਹਾਰ ਹਭ ਗਲ ਛਾਤੀ ਲਾਏ।

ਟੂਟੀਗਾਂਢਨਹਾਰ ਨੂਰ ਝੁਆਤੀ ਫਿਰ ਜਗਾਏ।
ਟੂਟੀਗਾਂਢਨਹਾਰ ਜਬ ਭਏ ਕਿਰਪਾਲ।
ਟੂਟੀਗਾਂਢਨਹਾਰ ਭੁਜਾ ਗਹਿ, ਕੀਨੋ ਨਿਹਾਲ।
ਟੂਟੀਗਾਂਢਣਹਾਰ ਨੇ ਅੰਗ ਅੰਗ ਲਾਈ ਥਿਗੜੀ।
ਟੀਗਾਂਢਨਹਾਰ ਨੇ ਬਨਾਈ ਬਾਤ-ਬਿਗੜੀ।
ਟੂਟੀਗਾਂਢਹਾਰ ਮਲ੍ਹਮਾਂ ਫਿਰ ਲਾਈਆਂ।
ਟੂਟੀਗਾਂਢਨਹਾਰ ਛਾਈਆਂ ਸਭ ਛਪਾਈਆਂ।
ਟੂਟੀਗਾਂਢਨਹਾਰ ਟੂਟੀ ਜੀਵਨ-ਆਰਸੀ ਗਾਂਢੇ।
ਟੂਟੀਗਾਂਢਨਹਾਰ ਲਾਏ ਘੱਟ ਪਾਵਨ ਝੰਡੇਂ।
ਟੂਟੀਗਾਂਢਨਹਾਰ ਨੇ ਕੇਹੀ ਜੀਵਨ-ਲੇਵੀ ਲਾਈ।
ਟੂਟੀਗਾਂਢਨਹਾਰ ਨੇ ਸਰਸ੍ਰਤੀ ਦੇਵੀ ਘਰ ਲਿਆਈ।
ਟੂਟੀਗਾਂਢਨਹਾਰ ਨੇ ਗਾਂਢੀ ਕੇਹੀ ਪਾਟੀ-ਜੂਤੀ।
ਟੂਟੀਗਾਂਢਨਹਾਰ ਨੇ ਲਾਈ ਕੇਹੀ ਲੂਕੀ-ਲੂਤੀ।
ਟੂਟੀਗਾਂਢਨਹਾਰ ਚੌਰਾਸੀ ਨਿਤ ਕਾਟੇ।
ਟੂਟੀਗਾਂਢਨਹਾਰ ਅਮਿਉ-ਰਸਾਇਨ ਸਦ ਬਾਂਟੇ ।
ਟੂਟੀਗਾਂਢਨਹਾਰ ਲੱਕ-ਟੁੱਟਾ ਬੰਨ੍ਹੇ।
ਟੂਟੀਗਾਂਢਨਹਾਰ ਬਿਨ ਥੰਮਾਂ ਥੰਮੇਂ।
ਟੂਟੀਗਾਂਢਨਹਾਰ ਜਬ ਗ੍ਰਿਹ ਮੇਰੇ ਆਏ।
ਟੂਟੀਗਾਂਢਨਹਾਰ 'ਨਾਮ' ਥੰਮ ਲਗਾਏ।
ਟੂਟੀਗਾਂਢਨਹਾਰ ਕੀ ਇਹ ਜੋਗਿ-ਜੁਗਤਿ।
ਟੂਟੀਗਾਂਢਹਾਰ ਕੀ ਇਹ ਮੁਕਤਿ ਭੁਗਤਿ।
ਟੂਟੀਗਾਂਢਨਹਾਰ ਬਿਰਧ ਤੇਰੋ, ਤਾਰੇ ਸਤਿਗੁਰੂ।
ਟੂਟੀਗਾਂਢਨਹਾਰ ਵਾਹ ਵਾਹ ਤੂੰ ਮੇਰੋ ਵਾਹਿਗੁਰੂ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਟੂਟੀਗਾਂਢਨਹਾਰ ਨੇ ਕੇਹੀ ਪੀਢੀ 'ਨਾਮ'-ਗੰਢ ਡਾਲਨ?

੧੭.(ਠ)

ਠਠਾ ਠਾਕਰ ਤੂੰ, ਠਕਰਾਈ ਤੇਰੀ, ਤੇਰੀ ਸਭ ਉਪਮਾ।
ਤੁਧ ਬਿਨਾਂ ਕਿਨ ਪਾਇਓ, ਤੇਜ ਅਮਿਤੋਜ ਪੁਰਖੋਤਮਾ?
ਠਾਕਰ ਤੁਮ ਸਰਨਾਈ ਜਬ ਆਇਓ।
ਜੋ ਚਾਹਤ ਸੋਈ ਫਲ ਪਾਇਓ,
ਠਾਕਰ ਮੇਰੇ ਸਰਬ ਕੋ ਨਾਇਕ।
ਠਾਕਰ ਮੇਰੋ ਸਵਰਨ ਕੋ ਦਾਤਕ।
ਠਾਕਰ ਮੇਰੋ ਘਟ ਘਟ ਮਾਲਿਕ।
ਠਾਕਰ ਮੇਰੋ ਰੰਕ ਪ੍ਰਿਤਪਾਲਕ।
ਠਾਕਰ ਮੇਰੋ, ਤੋਰੋ ਮੋਹਿ ਨਿਤ ਭਰੋਸੋ।

ਠਾਕਰ ਮੋਰੇ, ਚਹੁ ਜੁਗ ਤੇਰੀ ਮਹਿ ਆਸੋ।
ਠਾਕਰ ਮੋਰੋ ਪ੍ਰਬਤ ਕਾ ਓਲ੍ਹਾ।
ਠਾਕਰ ਮੋਰੋ ਮਜੀਠੜੋ ਚੋਲਾ।
ਠਾਕਰ ਮੋਰੋ ਕੋ ਚਹੁੰਕੰਟੀ ਆਸਨ।
ਠਾਕਰ ਮੋਰੇ ਕੇ ਅਮਿਤੇਜ-ਪ੍ਰਭਾਵਨ।
ਠਾਕਰ ਮੋਰੇ ਸੋਲਾ ਕਲਾਂ ਸੰਪੂਰਨ।
ਠਾਕਰ ਮੋਰੋ ਬੇਅੰਤ-ਕਲਾ ਭਰ-ਪੂਰਨ।
ਠਾਕਰ ਮੋਰੋ ਕੋ ਵਡ ਪ੍ਰਤਾਪ।
ਠਾਕਰ ਮੋਰੋ ਕੀ ਸਭ ਊਪਰ ਛਾਪ।
ਠਾਕਰ ਮੋਰੋ ਮੜੋਲੀ ਮੇਰੀ ਨਿਤ ਉਠਈਆ।
ਠਾਕਰ ਮੇਰੇ ਮੇਰੀ, ਡੋਲੀ ਆਪੇ ਹੀ ਚਹੀਆ।
ਠਾਕਰ ਬਿਨ ਕਹੁ ਕੌਨ ਸੁਹਾਗਨ?
ਠਾਕਰ ਬਿਨ ਕੌਨ ਵਡ-ਭਾਗਨ?
ਠਾਕਰ ਬਿਨ ਜੈਸੇ ਛਪਰੀ ਬਿਨ-ਥੰਮਾਂ ।
ਠਾਕਰ ਬਿਨ ਜਿਉਂ ਸਾਵਨ ਬਿਨ ਜਲ-ਛੰਭਾਂ।
ਠਾਕਰ ਬਿਨ ਜੀਵਨ ਸਭ ਥੋਥਾ ।
ਠਾਕਰ ਬਿਨ ਜਿਉਂ ਮਿਰਤਕ ਲੋਥਾ।
ਠਾਕਰ ਬਿਨ ਤ੍ਰਾਣ ਮਾਨ ਕਿਨ ਪਾਇਆ।
ਠਾਕਰ ਬਿਨ ਪ੍ਰਾਣ ਕਿਵੇਂ ਚਲਾਇਆ।
ਠਾਕਰ ਮੋਰੋ ਗਰਧਰ, ਮੋਰੋ ਪ੍ਰਾਣ ਨਾਥ।
ਠਾਕਰ ਜਗਜੀਵਨ, ਠਾਕਰ ਜ਼ਗਨਨਾਥ।
ਠਾਕਰ ਮੋਰੋ ਕੀ ਕਹੁ ਕੌਨ ਮਾਇਆ?
ਠਾਕਰ ਕੀ 'ਨਾਮ' ਛਤਰ -ਛਾਇਆ?
ਠਾਕਰ 'ਨਾਮ' 'ਵਡ-ਨਾਮ'ਅਗੰਮ।
ਠਾਕਰ 'ਨਾਮ' ਖੋਲੇ ਸਭ ਭਰਮ।
ਠਾਕਰ 'ਨਾਮ' ਕੀ ਚੰਨ-ਚਾਂਦਨੀ ਜਬ ਲਾਈ।
ਠਾਕਰ ਕੀ ਠਕਰਾਈ ਘਰ ਮੇਰੇ ਆਈ।
ਜਿਤ ਵਲ, ਵੇਖਾਂ ਮੋਰੋ ਲਾਲਨ ਹੀ ਲਾਲਨ।
ਠਾਕਰ ਕੀ ਠਕਰਾਈ ਕੀਨੋ ਭਾਗ-ਸੁਲਖਨਿ।

੧੮.(ਡ)

ਡਡਾ ਡਰ-ਰਹਿਤ ਇਕ ਆਪ ਤੂੰ, ਡਰ ਡਰ ਮਰੇ ਲੁਕਾਈ।
ਡਰਿਆਂ-ਨਿਘਰਿਆਂ ਨੂੰ ਨਿਤ 'ਨਾਮ' ਕੀ ਓਟ ਸਗਲਾਈ।
ਡਰ ਰਹਿਤ ਨਿਰਭਉ ਨਿਰਵੈਰਾ।
ਡਰ ਰਹਿਤ ਖਿੜਾਇਓ ਮੋਰੋ ਗੁਲ-ਖੈਰਾ।
ਡਰ ਰਹਿਤ ਕੌਨ? ਡਰ ਰਹਿਤ ਕਿਵ ਭਾਈ?

ਡਰ ਰਹਿਤ ਤਾਂ ਜਬ ਏਕੰਕਾਰ ਦ੍ਰਿਸ਼ਟਾਈ।
ਡਰ ਰਹਿਤ ਜਬ 'ਦੇਖੂੰ ਹਾਜ਼ਰ।
ਡਰ ਰਹਿਤ ਜਬ ਮਨ ਇਕਾਗਰ।
ਡਰ ਰਹਿਤ ਜਬ 'ਕਰਮ ਖੰਡ' ਕੋ ਜਾਈਏ।
ਡਰ ਰਹਿਤ ਜਬ ਅਖੰਡ ਜ਼ੋਰ ਕੇ ਪਾਈਏ।
ਡਰ ਰਹਿਤ ਜਬ ਆਪਨ ਆਸਨ।
ਡਰ ਰਹਿਤ ਜਬ ਚਹੁਕੁੰਟ ਸਿੰਘਾਸਨ।
ਡਰ ਰਹਿਤ ਜਬ ਤੂੰ ਓਤ-ਪ੍ਰੋਤਮ।
ਡਰ ਰਹਿਤ ਜਬ ਦਹਿਦਿਸ ਜੋਤ ਸਰੂਪਮ।
ਡਰ ਰਹਿਤ ਕਹੁ ਕਿਵ, ਭਾਈ?
ਡਰ ਰਹਿਤ ਜੇ 'ਨਾਮ' ਜੋਤ ਜਗਾਈ।
ਡਰ ਰਹਿਤ ਤਾਂ ਜੇ ਚਤਰੁ ਭੁਜ ਕਹਾਵੇ।
ਡਰ ਰਹਿਤ ਜੇ ਸੁਦਰਸ਼ਨ ਚਕਰ ਚਲਾਵੇਂ ।
ਡਰ ਰਹਿਤ ਅਠ-ਭੁਜੀ ਸ਼ਕਤੀ ਪਾਵੇਂ ।
ਡਰ ਰਹਿਤ ਜੇ ਅਠਸਠ ਸਤਾ 'ਨਾਮ' ਧਿਆਵੇਂ।
ਡਰ ਰਹਿਤ ਤੂੰ ਵਰਿਯਾਮ ਵਡ ਬੀਰਾ।
ਡਰ ਰਹਿਤ ਤੂੰ ਹਭ ਜਗ ਕੋ ਧੀਰਾ।
ਡਰ ਰਹਿਤ ਤਾਂ ਜੇ ਤੂੰ ਹੋਏਂ ਕਿਰਪਾਲਾ।
ਡਰ ਰਹਿਤ ਤਾਂ ਜੇ ਕਟੇ ਚੋਰਾਸੀ ਜੰਜਾਲਾ।
ਡਰ ਰਹਿਤ ਕੀ ਜੁਗਤੀ ਮੋਹਿ ਸਿਖਲਾਵੋ।
ਡਰ ਰਹਿਤ ਸਿਮਰਨ ਬਿਨ ਕਿੰਝ ਪਾਵੋ।
ਡਰ ਰਤਿ ਜੇ ਸੱਤ-ਪੌੜੀ ਚੜ੍ਹੇ।
ਡਰ ਰਹਿਤ ਜੇ ਸਚ ਖੰਡ ਨਿਤ ਖੜੇ।
ਡਰ ਰਹਿਤ ਸਚ ਖੰਡ ਕਾ ਨਾਉਂ।
ਡਰ ਰਹਿਤ ਨਾਮ ਕੀ ਸੀਤਲ ਛਾਉਂ।
ਡਰ ਰਹਿਤ ਜੇ ਨਾਮ ਕੀ ਕਲਗੀ ਲਾਈ।
ਡਰ ਰਹਿਤ ਜੇ ਨਿਹ-ਕਲੰਕੀ-ਲੋ ਪਾਈ।
ਜਿਤ ਵਲ ਵੇਖ ਮੇਰੋ ਲਾਲਨ ਹੀ ਲਾਲਨ।
ਡਰ ਰਹਿਤ ਤਾਂ, ਜਾਂ 'ਨਾਮ' ਗੁੜ੍ਹਦੀ ਹਿਰਦੇ ਭਾਲਨ।

੧੯.(ਢ)

ਢਢਾ ਤੂੰ ਢੋਲਣ ਤੂੰ ਯਾਰ ਮੈਂ, ਤੂੰ ਮਖੀਰ ਅਤਿ ਮੀਠ।
ਤੂੰ ਡਿਠਾ ਤਾਂ ਮਨ ਮਾਨਿਆਂ, ਅਮਿਓ ਵੁਠ ਤ੍ਰੁਠਾ।
ਢੋਲਨ ਮੇਰਾ ਚਾਈਆ, ਤੂੰ ਹਭ ਕੇਈਂ ਦਾ ਮਿਤ।
ਢੋਲਨ ਮੇਰਾ ਮਾਹੀਆ,ਚੁਰਾਵੇ ਹਭ ਕੇਈਂ ਦਾ ਚਿਤ।
ਢੋਲਨ ਮੇਰਾ ਮਿਠੜਾ, ਮਾਖਿਓਂ ਕਿਹੀ ਮਿਠ?

ਢੋਲਨ ਜਦ ਮੈਂ ਪਾਇਆ, ਤਾਂ ਕਿੱਕਰ ਭਇਆ ਇੱਖ!
ਢੋਲਨ ਢੋਲਾ ਗਾਊਂ ਹਉਂ ਨਿਤ ਪ੍ਰਤਿ ਉਠਮੀਤ।
ਢੋਲਨ ਤੋਂ ਚੋਖਨੀਏ, ਸੇਖੱਨੀਏ, ਵਾਹ ਤੂੰ ਮੇਰਾ ਮੀਤ।
ਢੋਲਨ ਤੋਂ ਨ ਕਦੇ ਢਾਏਂ ਚਿਤ, ਹਉਂ ਬਲਿਹਾਰੀ ਤੋਹਿ।
ਢੋਲਨ ਤੂੰ ਲਾਹੇਂ ਨਾ ਪਾੜਦੋ, ਮੈਂ ਘੁਮਵਾਰੀ ਤੋਹਿ।
ਢੋਲਨ ਤੂੰ ਪਿਆਰਾ ਮੂੰ, ਚੁੱਮਾ ਹਉਂ ਪੈਰ ਤੂੰ।
ਢੋਲਨ ਬਿਨ ਖਰੀ ਨਿਮਾਣੀ, ਖੀਵੀ ਕਿਵ ਹੋਊਂ ?
ਢੋਲਨ ਮੇਰਾ ਸਦ ਅਮਿਓ ਦ੍ਰਿਸ਼ਟਾ।
ਢੋਲਨ ਮੇਰਾ ਨਿਤ ਅੰਮ੍ਰਿਤ-ਨਿਸ਼ਟਾਂ।
ਢੋਲਨ ਯਾਰ ਮੋਰ-ਦੀਦਾਰ, ਅਨੰਦ-ਭਰਮਾਰ।
ਢੋਲਨ ਯਾਰ ਭੌਰ ਗੁੰਜਾਰ, ਸਦ-ਜੈਕਾਰ।
ਢੋਲਨ ਨੇ ਕਿਹੀ ਢੋਲਕੀ ਵਜਾਈ।
ਢੋਲਨ ਕੀ ਲੈ ਮੋਹਿ ਨਿਤ ਨਾਚਾਈ।
ਢੋਲਨ ਸੁਣ ਸਖੀ ਫਿਰ ਕਿਆ ਗੌਲਣ।
ਢੋਲਨ ਸੁਣ ਮਨ ਲਗਾ ਪੈਲਾਂ ਪਾਵਣ ਤੇ ਝੂਲੇ ਝੂਲਣ।
ਢੋਲਨ ਮੇਰਾ, ਢੋਲਣ ਤੇਰਾ, ਢੋਲਦ ਹਭਿ ਸੰਝੇਰਾ।
ਢੋਲਨ ਕੀ ਜਬ ਬਜੀ ਨਿਫੀਰੀ, ਕਿਆ ਮੇਰਾ ਕਿਆ ਤੇਰਾ।
ਢੋਲਨ ਓਤ, ਢੋਲਨ ਪਰੋਤ, ਢੋਲਨ ਜੋਗਿ ਕੀ ਜੋਤਾ,
ਢੋਲਨ ਕੀ ਜਬ ਬੀਨ ਬਜਈਆ, ਤਬ ਲੂੰ ਲੂੰ ਵਿਗ ਸੋਤਾ।
ਢੋਲਨ ਮਾਈ,ਢੋਲਨ ਬਾਪਾ, ਢੋਲਨ ਮੋਰੇ ਭਰਾਤਾ।
ਢੋਲਨ ਨੇ ਜਬ ਅੰਗ ਲਗਾਈ,ਤੱਤਖਿਨ ਮਿਲੀ ਹਭ ਜੁਗਤਾ।
ਢੋਲਨ ਕੀ ਗੂੰਜ ਜੋ ਗੂੰਜੀ, ਅਬ ਢੋਲਨ ਢੋਲਕੀ ਵਾਹੀ,
ਢੋਲਨ ਕੀ ਧੁਨਿ ਘੰਟਨ. ਕੀ ਅਨਦਿਨ ਵਜੀ ਵਧਾਈ।
ਢੋਲਨ ਮੇਰੋ ਨੇ ਮਾਰੀ 'ਨਾਮ'-ਪਿਚਕਾਰੀ,
ਢੋਲਨ ਮੇਰੇ ਨੇ ਮਰੀ ਹਉਂ-ਅੰਗੀਆ ਫਾੜੀ।
ਢੋਲਨ, ਢੋਲਨ, ਢੋਲਨ ਹੁਣ ਕੂਕ ਕੂਕਾਵਾਂ ਮੈਂ,
ਢੋਲਨ ਕੀ ਆਰਤੀ, ਨਿਤ ਨਿਤ ਉਠ ਗਾਵਾਂ ਮੈਂ ।
ਜਿਤ ਵਲ ਵੇਖਾਂ ਮੇਰੋ ਲਾਲਣ ਹੀ ਲਾਲਣ,
ਢੋਲਨ ਨੇ ਕੀਤੀ ਅਜ ਮੋਹਿ ਨਿਤ-ਨਿਹਾਲਣ।

੨੦.(ਣ)

ਣਾਣਾ, ਤੂੰ ਰਾਣਾ-ਰੱਤਿਆ, ਸੱਤ ਅੱਸਤ ਨਿਤ ਭੇੜ,
ਆਪੇ ਲੜੇ, ਆਪੇ ਭਿੜੇਂ , ਜਿਤੇ, ਖਿੜ੍ਹੇ, ਇਹ ਤੇਰੀ ਇਕ ਛੇੜ।
ਣਾਣਾ ਰਾਣਾ ਰਣ-ਰਤਿਆ, ਵਾਹ ਤੇਰੀ ਨਿਤ -ਜੰਗ।
ਣਾਣਾ ਰਾਣਾ ਮਰਾ ਮਧਾਣਾ, ਤੂੰ ਜਗਜੀਤ, ਜਬਰਜੰਗ।
ਣਾਣਾ ਰਾਣਾ ਕਰੇ ਨਿਤ ਚੋਜ ਵਡਾਣਾ।

ਣਾਣਾ ਰਾਣਾ ਨਿਹ ਬੈਠੇ ਊਚ ਮਚਾਣਾ।
ਣਾਣੇ ਰਾਣੇ ਨੇ ਇਹ ਕਹੀ ਗੋਧਮ ਮਚਾਈ।
ਣਾਣੇ ਰਾਣੇ ਨੇ ਚੂਹੇ ਪਿੱਛੇ ਬਿੱਲੀ ਲਾਈ।
ਣਾਣੇ ਰਾਣੇ ਨੇ ਪਰ ਤੀਰ ਵਿੱਚ ਪਾਈ ਖੀਰ।
ਣਾਣੇ ਰਾਣੇ ਨੇ ਅਗਨੀ ਵਿੱਚ ਪਾਇਆ ਨੀਰ।
ਣਾਣੇ ਰਾਣੇ ਨੇ ਦੋ ਦੱਲ ਬਣਾਏ।
ਣਾਣੇ ਰਾਣੇ ਨੇ ਦੋ ਟੱਲ ਖੜਕਾਏ।
ਣਾਣੇ ਰਾਣੇ ਨੇ ਇਕ ਪਿੜ ਮਚਾਇਆ।
ਣਾਣੇ ਰਾਣੇ ਨੇ ਰਚੀ ਮਾਇਆ ਛਾਇਆ।
ਣਾਣੇ ਰਾਣੇ ਨੇ ਧੁਪ ਛਾਂਵ ਬਣਾਈ।
ਣਾਣੇ ਰਾਣੇ ਨੇ ਦੋਵਾਂ ਵਿੱਚ ਰਚੀ ਲੜਾਈ।
ਣਾਣੇ ਰਾਣੇ ਨੇ ਘੱਟ ਘੱਟ ਵਿੱਚ ਲਾਈ ਛਾਵਣਿ।
ਣਾਣੇ ਰਾਣੇ ਨੇ ਅਗਨੀ ਵਿਚ ਲਾਈ ਸਾਵਣਿ।
ਣਾਣਾ ਰਾਣਾ ਰਣ ਵੇਖੇ ਤੇ ਨਿਤ ਗੱਜੇ।
ਣਾਦੇ ਰਾਣੇ ਕੇ ਹੱਥ ਸੰਸਾਰ ਕੀ ਲੱਜੇ।
ਣਾਣਾ ਰਾਣਾ ਮੇਰਾ ਕਿਹਾ ਚੋਜੀ।
ਣਾਣਾ ਰਾਣਾ ਆਪੇ ਖੋਜੀ ਆਪੇ ਮੌਜੀ।
ਣਾਣਾ ਰਾਣਾ ਕੀਟੀ ਸੇ ਹਸਤੀ ਮਰਵਾਏ।
ਣਾਣਾ ਰਾਣਾ ਬੱਕਰੀ ਸੇ ਸਿੰਘ ਚਿਰਵਾਏ।
ਣਾਣਾ ਰਾਣਾ ਸੱਤ ਕਾ ਸਾਥੀ, ਅਸੱਤ ਅਸਾਥੀ।
ਣਾਣਾ ਰਾਣਾ ਸੱਤ ਅਸੱਤ ਦੋਵਾਂ ਸਿਰ ਹਾਥਿ।
ਣਾਣਾ ਰਾਣਾ ਕੀਕਣ ਇਨਹਾਂ ਦੋਵਾਂ ਧਿਰਾਂ ਨੂੰ ਅਪਣਾਏ?
ਣਾਣਾ ਰਾਣਾ 'ਨਾਮ'-ਬੂੰਦ, ਗੁੜੀ-ਗੂੰਦ, ਨਾਲ ਦੋਏ ਜੜਾਏ।
ਣਾਣਾ ਰਾਣਾ ਇਸ ਜੱਗ ਕਾ ਅਨੂਪਮ ਮਾਲੀ।
ਣਾਣਾ ਰਾਣਾ ਲਾਏ ਅੱਕ, ਨਾਲੇ ਚਿੱਟੀ-ਚੰਬੇਲੀ।
ਣਾਣਾ ਰਾਣਾ, ਜਬ ਉੱਠ ਡੰਕ ਬਜਾਏ।
ਣਾਣਾ ਰਾਣਾ ਸੱਤ, ਅਸੱਤ ਦੋਵੇਂ ਫਿਰ ਮਿਲਏ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਣਾਣੇ ਰਾਣੇ ਨੇ ਕਾਲ ਵਡਾਰਿਓ, ਮੋਹਿ ਕੀਨੋ ਅਕਾਲਨ।

੨੧.(ਤ)

ਤਤਾ ਤਾਰਨ-ਤਰਨ ਤੂੰ, ਤੂੰ ਸਾਗਰ ਤੂੰ ਬੋਹਿਥ।
ਤੇਂ ਬਿਨ ਕਿਵ ਜੱਗ ਜੀਵਨਾ ਤਰੀਏ ਭਵਸਾਗਰ ਅੱਗਮ ਅਗੱਥ।
ਤਾਰਨ-ਤਾਰਨ ਕਹੋ ਕਿਵ ਇਵ ਨਾਏ।
ਤਾਰਨ ਤਰਨ ਹਾਥ ਲੇ ਜੋ ਪਾਰ ਕਰਾਏ।
ਤਾਰਨ-ਤਾਰਨ ਨੇ ਕਿਹੀ ਰਚੀ ਇਕ ਨਈਯਾ।

ਤਾਰਨ-ਤਾਰਨ ਨੇ 'ਨਾਮ' ਨਿਤ ਬੋਹਿਥ ਬਣਈਆ।
ਤਾਰਨ-ਤਾਰਨ ਨੇ ਤੱਟ, ਘੱਟਿ ਘੱਟਿ ਖੋਲੇ ।
ਤਾਰਨ-ਤਰਨ ਨੇ ਕਹੇ ਪਾਤਨੀ ਰਚੇ ਅਮੋਲੇ।
ਤਾਰਨ ਤਰਨ ਦੁਖ-ਦੂਰ-ਕਰਨ, ਸੁਖ ਕੇ ਵਾਸੀ,।
ਤਾਰਨ-ਤਾਰਨ ਕੀ ਗੁਣ-ਗੁਥਲੀ ਸਭ ਮਾਹਿ ਨਿਵਾਸੀ।
ਤਾਰਨ-ਤਰਨ ਗਹਿ ਭੁਜਾ, ਖੂਹੇ ਤੇ ਕਾਢੇ।
ਤਾਰਨ-ਤਰਨ ਬਿਨ ਤਰੀ ਕਿਨ ਮਾਇਆ ਖਾਈ।
ਤਾਰਨ ਤਰਨ ਨੇ 'ਨਾਮ'-ਜੁਗਤ ਆਪੇ ਚਲਾਈ।
ਤਾਰਨ ਤਰਨ ਚੌਰਾਸੀ ਕੋ ਅੰਤਾ।
ਤਾਰਨ ਤਰਨ ਗੂੜ-ਮੰਤ੍ਰ ਬੇਅੰਤਾ।
ਤਾਰਨ-ਤਰਨ ਅੰਨ੍ਹੇ-ਹੱਥ ਨਾਮ-ਡੰਗੋਰੀ।
ਤਾਰਨ ਤਰਨ ਜੀਵ-ਹੱਥ ਚੇਤਨ-ਕੀ-ਡੋਰੀ।
ਤਾਰਨ-ਤਰਨ ਲੋਕ ਪ੍ਰਲੋਕ ਕੋ ਤੋਸਾ।
ਤਾਰਨ-ਤਰਨ ਕਟੇ ਕਾਲ ਕੇ ਕੋਸਾ।
ਤਾਰਨ ਤਰਨ 'ਨਾਮ ' ਕ ਵੱਡ ਤੀਰਥ।
ਤਾਰਨ-ਤਰਨ ਹਰਿਜਸ ਹਰਿਰਸ ਹਰਿਕੀਰਰਤਿ।
ਤਾਰਨ-ਤਰਨ ਤਬ ਨਿਕਸੇ ਆਏ।
ਤਾਰਨ-ਤਰਨ ਥੰਮ ਤਤੇ ਸੀਤਲਾਏ।
ਤਾਰਨ -ਤਰਨ. ਜਬ ਨਿਕਸੇ ਆਏ।
ਤਾਰਨ-ਤਰਨ ਛਿਨ ਭਿਨ ਕੀਨੀ ਸਭ ਮਾਏ।
ਤਾਰਨ-ਤਰਨ ਬਿਨਾਂ ਜੱਗ ਅੰਨ੍ਹੀ-ਗਲੀ।
ਤਾਰਨ-ਤਰਨ ਬਿਨਾਂ ਖੀਰ ਲੂਣ-ਰਲੀ।
ਤਾਰਨ ਤਰਨ ਅੱਜ ਉਠਾਈ ਮੇਰੀ ਗਾਗਰ।
ਤਾਰਨ-ਤਰਨ ਖੋਲੇ ਸਾਗਰ ਰਤਨਾਗਰ।
ਤਾਰਨ-ਤਰਨ ਨੇ ਜਬ ਦੀਨੋ ਕਮਲ-ਕ੍ਰ।
ਤਾਰਨ ਤਰਨ ਨੇ ਤਬ ਅੰਬ ਬਨਾਏ ਕਿੱਕਰ।
ਤਾਰਨ-ਤਰਨ ਪਾਰਸ ਕੀ ਕੋਮਲ-ਪਰਸਾ।
ਤਾਰਨ ਤਰਨ, ਸਵਰਨ ਕਾਇਆਂ, ਨਿਤ-ਸਰਸਾ।
ਤਾਰਨ ਤਰਨ ਮੇਰੇ ਸਤਿਗੁਰ ਸਾਗਰ।
ਤਾਰਨ -ਤਰਨ ਬਾਣੀ -ਬੋਹਿਥ 'ਨਾਮ'-ਸੁਧਾਖਰ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਤਾਰਨ ਤਰਨ ਅਹਿਲਿਆ-ਸਿਲਾ ਨਿਸਤਾਰਨ।

੨੨.(ਥ)

ਥਥਾ ਥਿਰ ਸਦ-ਸਥਿਰ ਤੂੰ, ਤੂੰ ਜਗਤ ਕੋ ਧਰੂ।
ਤੁਧ ਬਿਨਾਂ ਕੈਸੀ ਦ੍ਰਿੜਤਾ, ਓ ਪੰਚ ਭੂਤ ਕੇ ਪ੍ਰਭੂ।

ਖਿਰ-ਸਖਿਰ ਤੂੰ ਮੇਰੋ ਓਟ ਸਤਾਨੀ।
ਖਿਰ-ਸਖਿਰ ਤੂੰ ਚੂਕਾਈ ਕਾਣ ਜਮਾਣੀ।
ਖਿਰ-ਸਖਿਰ ਤੂੰ ਅਹਿੱਲ, ਤੂੰ ਵਡ-ਗਿਰਿ ।
ਖਿਰ-ਸਖਿਰ ਮੇਰੋ ਪ੍ਰਬਤ, ਤੂੰ ਗਿਰਧਿਰ ।
ਖਿਰ-ਸਖਿਰ ਤੂੰ ਜਿਉਂ ਸਾਗਰ ਮਹਿ ਸੁਮੇਰਾ।
ਖਿਰ-ਸਖਿਰ ਤੂੰ ਜਿਉਂ ਗਗਨ ਮਧਿ ਧਰੂ ਉਚੇਰਾ।
ਖਿਰ- ਸਖਿਰ ਤੂੰ ਜਿਉਂ ਕਾਲ ਮਹਿ ਅਕਾਲਾ।
ਖਿਰ-ਸਖਿਰ ਤੂੰ ਜਿਉਂ ਪਵਨ ਪਰਮ ਪਿਆਲਾ,
ਖਿਰ-ਸਖਿਰ ਜਿਉਂ ਹਿਮਾਲਾ ਰਾਣਾ।
ਖਿਰ-ਸਖਿਰ ਤੂੰ ਜਿਉਂ ਮੇਰ ਮਧਾਣਾ।
ਖਿਰ- ਸਖਿਰ ਤੂੰ ਜਿਓਂ ਰੀੜ੍ਹ-ਕੀ ਹਡੀ।
ਖਿਰ-ਸ ਖਿਰ ਤੂੰ ਜਿਉ ਕਬੀਰ -ਕੀ-ਖਡੀ।
ਖਿਰ-ਸਖਿਰ ਤੂੰ ਜਿਉਂ ਬਾਏ-ਕੀ-ਮਿਠੀ-ਰਬਾਬਾ।
ਖਿਰ-ਸਖਿਰ ਤੂੰ ਜਿਉ ਸਾਗਰ-ਗਾਗਰ ਮਹਿ ਆਬਾ।
ਖਿਰ-ਸਖਿਰ ਤੂੰ ਜਿਉਂ ਕਵੀ ਕੀ ਵੁੜੀ -ਕਾਨੀ।
ਖਿਰ-ਸਖਿਰ ਤੂੰ ਜਿਉਂ ਗੰਗਾ ਕੇ ਨਿਰਮਲ ਪਾਨੀ।
ਖਿਰ-ਸਖਿਰ ਤੂੰ ਜਿਉਂ ਪੂਰਣਮਾਸ਼ੀ ਕੀ ਚੰਦਨ ਫੇਰੀ।
ਖਿਰ-ਸਖਿਰ ਤੂੰ ਜਿਉ ਰੁਤੇ ਕੀ ਖਟਰੰਗੀ ਰਥੇਰੀ।
ਖਿਰ-ਸਖਿਰ ਤੂੰ ਜਿਉਂ ਸਾਗਰ, ਮਹਿ ਲੰਕਾ ਟਾਪੂ।
ਖਿਰ-ਸਖਿਰ ਤੂੰ ਜਿਉਂ ਮਿਰਤਕ ਕਉ ਅਮਿਓ-ਧਰਾਪੂ।
ਖਿਰ-ਸਖਿਰ ਬਿਨਾਂ ਕਹੁ ਕਵਨ ਗਤਿ ਪਾਈ?
ਖਿਰ-ਸਖਿਰ ਬਿਨ ਕਹੁ ਚੌਰਾਸੀ ਕੀਕਣ ਮੁਕ ਜਾਈ?
ਖਿਰ-ਸਖਿਰ ਕਾ ਕਹੁ ਕਵਨ ਆਸਨ?
ਖਿਰ-ਸਖਿਰ ਤੇਰੋ 'ਨਾਮ' ਸੁਖ-ਆਸਨ।
ਖਿਰ-ਸਖਿਰ ਤਾਂ ਜਾਂ ਨਉ-ਨਿਧ ਪਾਈ।
ਖਿਰ-ਸਖਿਰ ਤਾਂ ਜਾਂ 'ਨਾਮ' ਕੀ ਵਜੀ ਵਧਾਈ।
ਖਿਰ-ਸਖਿਰ ਤਾਂ ਜਾਂ ਸਤਿਗੁਰ ਜੋਤ ਜਗਾਵੇ।
ਖਿਰ-ਸਖਿਰ ਜਾਂ ਗੁਝਾ ਮੋਤੀ ਗਲਿ ਪਾਵੇ।
ਖਿਰ ਸਖਿਰ ਤਾਂ ਜਾਂ ਅੰਮ੍ਰਿਤਸਰ ਨਹਾਵੇ।
ਖਿਰ-ਸਖਿਰ ਤਾਂ ਜਾਂ ਕਾਗ ਹੰਸ ਹੋ ਜਾਵੇ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਖਿਰ-ਸਖਿਰ ਤੈਂਡਾ ਝੰਡਾ -'ਨਾਮ' ਹਉਂ ਲਗੀ ਬੁਲਾਵਨ।

੨੩.(ਦ)

ਦਦਾ ਦੁਖ-ਦੂਰ-ਕਰਨ ਸੁਖ-ਭੂਰ ਕਰਨ ਹੋ, ਤੂੰ ਮੇਰੋ ਦੁਖਭੰਜਨ।
ਜਬੀ 'ਨਾਮ'-ਭਾਨ ਉਦਾਨ ਭਇਓ, ਤਬੀ ਸਗਲ ਗਰਬ ਗੰਜਨ

ਦੁਖਭੰਜਨ ਤੇਰੋ 'ਨਾਮੋ' ਦੁਖਭੰਜਨ ਤੇਰੋ 'ਨਾਮ'।
ਦੁਖਭੰਜਨ ਬਿਨ ਕਹੁ ਕਿਨ ਪਾਇਓ ਤੇਰੋ ਪਦ ਨਿਰਬਾਨ?
ਦੁਖਭੰਜਨ ਦੂਖ ਦਰਦ ਕਾ ਹਰਤਾ।
ਦੁਖਭੰਜਨ ਮੋਹਿ ਲੇ ਨਿਤ ਢਾਕੇ ਚਲਤਾ।
ਦਖਭੰਜਨ ਦੂਖ਼ ਦੁਰਦ ਕੋ ਡੇਰਾ ਢਾਇਆ।
ਦੁਖ ਭੰਜਨ ਤੂੰ ਮੇਰੇ ਸਿਰ ਚੌਵਰ ਕਰਾਇਆ।
ਦੁਖਭੰਜਨ ਤੂੰ ਕਟੇਂ ਕਾਲ ਕੀ ਫਾਸੀ
ਦੁਖਭੰਜਨ ਤੂੰ ਕਟੇ ਚਕਰ ਚੌਰਾਸੀ।
ਦੁਖਭੰਜਨ ਤੋਹਿ ਜਬ ਘਟ ਮਹਿ ਆਏ।
ਦੁਖਭੰਜਨ ਅਮਿਓ ਤੀਰ ਤਬ ਖੂਬ ਚਲਾਏ।
ਦੁਖਭੰਜਨ ਮੇਰੋ ਸਰੀਰ ਕੋ ਦੈਵੀ ਝਾੜਨ।
ਦੁਖਭੰਜਨ ਬਿਨਾ ਕਸ਼ਟ ਮੋਹਿ ਨਿਤ ਕਾੜਨ।
ਦੁਖਭੰਜਨ ਤੂੰ ਮੋਰੀ ਅਗਨ ਬੁਝਾਨੀ।
ਦੁਖਭੰਜਨ ਤੈਂ ਕੇਹੀ ਚੰਦਨਵਾੜੀ ਲਗਾਨੀ।
ਦੁਖਭੰਜਨ ਤੂੰ ਮੇਰੋ ਰੋਮ ਰੋਮ ਵਿਗਸਾਏ।
ਦੁਖਭੰਜਨ ਤੂੰ ਹੀਏ ਅਨੰਦ-ਗੰਗ ਵਹਾਏ।
ਦੁਖਭੰਜਨ ਭਰਮ-ਭੰਜਨ ਤੇਰੇ 'ਨਾਮਾ'।
ਦੁਖਭੰਜਨ ਬਿਨ ਕਵਨ ਪਾਵੇ ਬਿਸਰਾਮਾ?
ਦੁਖਭੰਜਨ ਜਬ ਤੂੰ ਘਰ ਆਇਓ ਮੋਰੇ।
ਦੁਖਭੰਜਨ ਤਬ ਕਾਟ ਸਿਲਕ, ਫੰਗ ਅਨੂਪਮ ਜੋੜੇ
ਦੁਖਭੰਜਨ ਦੁਖ ਦਲਿਦਰ ਕੋ ਪ੍ਰਹਰੇ।
ਦੁਖਭੰਜਨ ਮਾਇਆ ਕਾਲਖ ਸਭ ਝਰੇ।
ਦੁਖਭੰਜਨ ਕੁਸ਼ਟੀ ਕੋ ਕੁਸ਼ਟ ਹਟਾਏ।
ਦੁਖਭੰਜਨ ਪਿੰਗਲ ਪਰਬਤ ਪਾਰ ਕਰਾਏ।
ਦੁਖਭੰਜਨ ਨਿਰੰਜਨ ਪੁਰਖ ਨਿਜਗਾਮੀ।
ਦੁਖਭੰਜਨ ਕੀ ਮਰਹਮ 'ਨਾਮ' ਅਗਾਮੀ।
ਦੁਖਭੰਜਨ ਜੀ ਜਬ ਆਏ ਸਿੰਘਾਸਣ।
ਦੁਖਭੰਜਨ ਰਚਿਓ ਸਵਰਨ ਕੋ ਆਸਨ।
ਦੁਖਭੰਜਨ ਤੂੰ ਕਿਰਪਾਨਿਧ ਤੂੰ ਮੋਰੇ ਮਾਹੀ।
ਬਿਨ ਸਿਰ ਤੋਹਿ ਹਉਂ ਬਲਿ ਬਲਿ ਸਦ ਜਾਈ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਦੁਖ ਭੰਜਨ ਦੁਖ ਹਰੇ, ਤਉ ਸੂਖ-ਮਹਿਲ ਪਾਵਨ।

੨੪.(ਧ)

ਧਧਾ ਤੂੰ ਧਰਨੀਧਰ, ਤੂੰ ਚਾਈ ਢੱਕ ਸਾਗਰ-ਕੀ-ਗਾਗਰ।
ਤੁਧ ਬਿਨ, ਮੇਰੇ ਗਿਰਧਰਾ, ਕਿਵ ਪਾਵਾਂ ਅਮਿਓ ਰਤਨਾਗਰ।

ਧਰਨੀਧਰ ਤੂੰ ਖਿਚੇਂ ਸੰਸਾਰ ਕੀ ਡੋਰਾਂ।
ਧਰਨੀਧਰ ਤੂੰ ਉਡਾਏਂ ਨਿਤ 'ਨਾਮ' ਕੇ ਭੌਰਾ।
ਧਰਨੀਧਰ ਤੂੰ ਰਮਿਆਂਨਿਤ ਓਤ-ਪ੍ਰੋਤਮ।
ਧਰਨੀਧਰ ਘਟ ਘਟਿ ਕੀ ਜੋਤਿ-ਜੋਤਮ।
ਧਰਨੀਧਰ ਬਿਨ ਹੋਰ ਕਵਨ ਸੰਸਾਰ ਕੋ ਥੱਮ?
ਧਰਨੀਧਰ ਬਿਨਾਂ ਜੀਵਨ ਸਭ ਭਰਮ।
ਧਰਨੀਧਰ ਨੇ ਸ਼੍ਰਿਸ਼ਟੀ ਬਿਨ ਥੰਮਾਂ ਚਾਈ।
ਧਰਨੀਧਰ ਨੇ ਗਿਰ,ਮੇਰ ਸਭ ਆਕਰਥ ਉਠਾਈ।
ਧਰਨੀਧਰ ਮੋਹਿ ਪਵਨ ਪਰ ਆਪੇ ਲਾਏ।
ਧਰਨੀਧਰ ਬਿਨਾ 'ਹਨੂਮਾਨ' ਕੌਣ ਕਹਾਏ?
ਧਰਨੀਧਰ ਕੀ ਕਈ ਅਸ਼ਟ ਵਡ-ਭੁਜਾ।
ਧਰਨੀਧਰ ਤੂੰ ਖਿਚੇਂ ਤਾਣੇ ਹਭਿ ਪੇਟੇ।
ਧਰਨੀਧਰ ਹਉਂ ਵਾਰੀ ਤੇਰ ਤੂੰ 'ਨਾਮ'ਪਲਸੇਟੇ।
ਧਰਨੀਧਰ ਕੇਹੀ ਸੰਸਾਰ ਖੱਡੀ ਲਾਈ
ਧਰਨੀਧਰ ਤੂੰ ਰਚੀ ਇਹ ਮਾਟੀ ਛਾਈ।
ਧਰਨੀਧਰ ਤੂੰ ਹਭ ਸ੍ਰਿਸ਼ਟ-ਕੋ ਮੂੜਾ।
ਧਰਨੀਧਰ ਤੂੰ ਇਸਥਿਤ, ਤੂੰ ਸਦ-ਅਰੂੜਾ।
ਧਰਨੀਧਰ ਤੂੰ ਆਪੇ ਉਠਾਏਂ, ਆਪੇ ਬਹਾਏਂ।
ਧਰਨੀਧਰ ਤੂੰ ਕੀੜੇ ਜਾ ਸਮੇਰ ਚੜ੍ਹਾਏਂ।
ਧਰਨੀਧਰ ਤੇਰੀ ਮੰਜੀ ਕੀ 'ਨਾਮ'- ਦਾਵਣ।
ਧਰਨੀਧਰ ਤੇਰੀ ਇਹ ਜੋਤ ਜਿੰਦ-ਜਾਨਣ।
ਧਰਨੀਧਰ ਤੇਰੇ ਤ੍ਰਾਣ ਚਲੇਂ ਸਭ ਨਦੀਆਂ।
ਧਰਨੀਧਰ ਤੈਂ ਰਚੀਂ ਕਈ ਕਾਲ-ਸਦੀਆਂ।
ਧਰਨੀਧਰ ਤੈਂ ਆਕਰਖੇ ਅਨੰਤ ਨਖਤਰ।
ਧਰਨੀਧਰ ਤੇਰੇ ਅਨੂਪਮ ਅਸਤਰ-ਸ਼ਸਤਰ।
ਧਰਨੀਧਰ ਤੇਰੇ ਕਹੁ ਕੌਣ ਅਚੁਕ ਤੀਰ ਕਾਮਨਾ?
ਧਰਨੀਧਰ ਤੇਰੋ 'ਨਾਮੁ' ਛੇਦੇ ਸਗਲ ਗਰਬ-ਗੁਮਾਨਾ।
ਧਰਨੀਧਰ ਬਿਨਾਂ ਜਗ-ਬਿਜਲੀ ਛੂਛੀ।
ਧਰਨੀਧਰ ਬਿਨਾਂ ਸੰਸਾਰ ਲੋਥਿ-ਰੂਖੀ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਧਰਨੀਧਰ ਤੇਰੀ ਭੁਜਾ ਗਹੀ, ਤਾਂ ਭਇਓ ਤਾਨ-ਸਤਾਨਣ।

੨੫.(ਨ)

ਨਨਾ ਤੂੰ ਨਿਰਗੁਨ, ਤੂੰ ਸਰਗੁਨ, ਫੁਨ ਨਿਰੰਕਾਰ-ਨਿਰਬਾਨ।
ਤੇਰੇ 'ਨਾਮ'- ਅਨਾਮ ਨੇ ਰਚੇ ਅਨੰਤ ਵੇਦ, ਕੁਰਾਨ, ਪੁਰਾਨ।
ਨਿਰੰਕਾਰ ਕਹੋ ਕਿਸ ਕੋ ਨਾਉਂ?

ਨਿਰੰਕਾਰ ਅਟੱਲ, ਅਚੱਲ, ਆਦਿ-ਸਤਾਓ।
ਨਿਰੰਕਾਰ ਇਹ ਆਕਾਰ ਤੇਰੋ ਇਕ-ਕਿਰਨਾ।
ਨਿਰੰਕਾਰ ਤੂੰ ਅਲੱਖ, ਤੂੰ ਸਦਾ-ਅਲਿਪਨਾ।
ਨਿਰੰਕਾਰ ਰੂਪ, ਰੇਖ, ਵਰਨ ਤੇਰੋ ਨਹੀਂ ਕੋਈ।
ਨਿਰੰਕਾਰ ਤੇਰੋ 'ਨਾਮ'-ਆਸਨ ਹਭਨੀਂ ਲੋਈ।
ਨਿਰੰਕਾਰ ਤੀਨ-ਭਵਨ, ਜੁਗਚਾਰੇ ਤੇਰੋ ਆਸਨ।
ਨਿਰੰਕਾਰ ਲਿਵ-ਲੀਨ ਤੂੰ ਸਦਾ ਸੁਖਆਸਨ।
ਨਿਰੰਕਾਰ ਤਾਂ ਜਦ ਅਰਬਦ-ਨਰਬਦ ਧੁੰਧੂਕਾਰਾ।
ਨਿਰੰਕਾਰ ਤਾਂ ਜਦ ਨਹੀਂ ਰਚਿਆ ਖੇਲ-ਕਰਾਰਾ।
ਨਿਰੰਕਾਰ ਤਾਂ ਜਦ ਨਹੀਂ ਓਪਤ-ਖਪਤਾ।
ਨਿਰੰਕਾਰ ਤਾਂ ਜਾਂ ਨਹੀਂ ਪਰਲੋ ਉਤਪਤਾ।
ਨਿਰੰਕਾਰ ਤਾਂ ਜਾਂ ਨਹੀਂ ਸਪਤ ਆਕਾਸ਼ ਧਾਰ ਦੀਪਾ।
ਨਿਰੰਕਾਰ ਤਾਂ ਜਾਂ ਨਹੀਂ ਪੂਤ ਨਾਂ ਮਾਈ-ਬਾਪਾ।
ਨਿਰੰਕਾਰ ਤਾਂ ਜਾਂ ਨਹੀਂ ਕੋਈ ਗਗਨ ਮੰਡਲ।
ਨਿਰੰਕਾਰ ਤਾਂ ਜਾਂ ਨਹੀਂ ਖੰਡ ਬ੍ਰਹਮੰਡਲ।
ਨਿਰੰਕਾਰ ਤਾਂ ਜਾਂ ਨਹੀਂ ਦੀਸੇ ਆਕਾਰਾ।
ਨਿਰੰਕਾਰ ਤਾਂ ਜਾਂ ਨਹੀਂ ਦੀਸੇ ਆਰ-ਪਾਰਾ।
ਨਿਰੰਕਾਰ ਤਾਂ ਜਾਂ ਆਪ ਆਪਸ ਮਾਹਿ ਸਮਾਏ।
ਨਿਰੰਕਾਰ ਤਾਂ ਜਾਂ ਤੀਨ ਗੁਨ ਨਹੀਂ ਜਾਏ ਮਾਏ।
ਨਿਰੰਕਾਰ ਤਾਂ ਜਾਂ ਰਤਾ ਲੇਪ ਨਿਹੀਂ ਛੇਪਾ।
ਨਿਰੰਕਾਰ ਤਾਂ ਜਾਂ ਨਹੀਂ ਲਦਿਓ ਬਿਖ-ਖੇਪਾ।
ਨਿਰੰਕਾਰ ਤਾਂ ਜਾਂ ਨਹੀਂ ਜਮ-ਜਾਲਾ।
ਨਿਰੰਕਾਰ ਤਾਂ ਜਾਂ ਨਹੀਂ ਕਾਲ ਗ੍ਰਸਿਓ ਵਡ-ਕਾਲਾ।
ਨਿਰੰਕਾਰ ਤਾਂ ਜਾਂ ਬੀਜ ਨਹੀਂ ਬਿੰਦੂ।
ਨਿਰੰਕਾਰ ਤਾਂ ਜਾਂ ਇੰਦ ਨਹੀਂ ਚੰਦੂ।
ਨਿਰੰਕਾਰ ਤਾਂ ਜਦ ਲਿਵ 'ਲਿਵੇ' ਸਮਾਈ।
ਨਿਰੰਕਾਰ ਤਾਂ ਜਦ ਤਤ-ਬਿਰਤੀ ਉਲਟਾਈ।
ਨਿਰੰਕਾਰ ਤਾਂ ਜਦ ਭਰਮ, ਭਉ, ਖੰਡਨ।
ਨਿਰੰਕਾਰ ਤਾਂ ਜਾਂ ਸਿਰਮਨ-ਅਖੰਡਨ।
ਨਿਰੰਕਾਰ ਤਾਂ ਜਾਂ ਸਦ ਸਹਿਜ-ਸੁਭਾਓ।
ਨਿਰੰਕਾਰ ਤਾਂ ਜੇ ਨਿਸ਼ੰਗ ਆਉ ਜਾਉ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਨਿਰੰਕਾਰ ਸਿਮਰਿ ਉਪਜਿਓ 'ਆਪ' ਤਤ-ਸਾਰਨ।

੨੬.(ਪ)

ਪਪਾ ਪਤਿਤਪਾਵਨ ਤੂੰ, ਤੂੰ ਪਾਰਸ, ਪਰਸਨਹਾਰ।
ਤੇਰੀ ਛੋਹ-ਅਛੋਹ ਨੇ ਹਰਿਓ ਹਭਿ ਕਲ ਮਲਿ ਝਰਿ।
ਪਤਿਤਪਾਵਨ ਕਹੁ ਕੌਨ ਰੇ ਭਾਈ?
ਪਤਿਤਪਾਵਨ ਤੇਰੋ 'ਨਾਮ' ਗੁਸਾਈ।
ਪਤਿਤਪਾਵਨ ਤੇਰੋ 'ਨਾਮ' ਵਡ-ਤੀਰਥ।
ਪਤਿਤਪਾਵਨ ਤੇਰੀ ਬਨ ਖੰਡ ਨਿਤ-ਕੀਰਤ।
ਪਤਿਤਪਾਵਨ ਤੂੰ ਮੇਰੀ ਕਲਮਲਿ ਹਿਰੇ।
ਪਤਿਤਪਾਵਨ ਤੇਰੀ ਸਰਨ ਦੇਹੁਰਾ ਫਿਰੇ।
ਪਤਿਤਪਾਵਨ ਤੁਧ ਦੀਓ ਮੋਹਿ ਸੁਧਾ ਰਸ।
ਪਤਿਤਪਾਵਨ ਦੇਵੈ ਅਹਿਲਯਾ ਮੁੜ ਜੀਵਨ ਰਸ।
ਪਤਿਤਪਾਵਨ ਜੀ ਜਬ ਘਰ ਮਾਂਹਿ ਬੈਠੇ।
ਪਤਿਤਪਾਵਨ ਤੂੰ ਕੀਨੇ ਰੇਠੇ ਸਭ ਮੀਠੇ।
ਪਤਿਤਪਾਵਨ ਬਿਨ ਮਾਇਆ-ਜਲ ਖਾਰੀ।
ਪਤਿਤਪਾਵਨ ਖਾਰ ਕੋ ਖੀਰ ਕਰ ਡਾਰੀ।
ਪਤਿਤਪਾਵਨ ਲੂਨ ਮਹਿ ਅਮਿਓ ਵਾੜੀ ਲਾਏ।
ਪਤਿਤਪਾਵਨ ਪਤਿਤ ਕੋ ਪਾਵਨ ਖਿਨ ਏਕ ਕਰਾਏ।
ਪਤਿਤਪਾਵਨ ਮੇਰੋ ਸਤਿਗੁਰ ਪੂਰਾ।
ਪਤਿਤਪਾਵਨ ਹੂੰਝੇ ਹਭ ਕਾਲ-ਕੂੜਾ।
ਪਤਿਤਪਾਵਨ ਹੂੰਝੇ ਕੇਹੀ ਛਹਬਰ ਲਾਈ?
ਪਤਿਤਪਾਵਨ ਤੇਰੀ ਝੜੀ ਤੀਨ-ਲੋਕ ਮਹਿ ਛਾਈ।
ਪਤਿਤਪਾਵਨ ਪਪੀਹੇ-ਮੁਖ ਸ੍ਵਾਂਤਿ-ਬੂੰਦ ਪਾਏ।
ਪਤਿਤਪਾਵਨ ਸਾਗਰ ਮਹਿ ਸਿਲਾ ਤਰਾਏ।
ਪਤਿਤਪਾਵਨ ਤੇਰੀ ਡੀਠੀ ਅੰਬੀ-ਛਾਇਆ।
ਪਤਿਤਪਾਵਨ ਤੈਂ ਬਿਨ ਪਾਰਜਾਤ ਕਿਨ ਪਾਇਆ।
ਪਤਿਤਪਾਵਨ ਤੂੰ ਮੋਹਿ ਕਾਮਧੇਨ-ਖੀਰ ਪਿਲਾਵੇਂ।
ਪਤਿਤਪਾਵਨ ਤੂੰ ਮੋਹਿ 'ਨਾਮ'-ਨਿਧਾਨ ਲਭਾਵੇਂ।
ਪਤਿਤਪਾਵਨ ਤਪਤ-ਖਪਤ ਤੇਰੋ ਨਾਉਂ।
ਪਤਿਤਪਾਵਨ ਤੇਰੋ ਤਖਤ ਨਿਵਾਸੀ ਅਹਿਲਾਉ।
ਪਤਿਤਪਾਵਨ ਤੇਰੀ ਮਹਿਮਾ ਮੋਹਿ ਪਤਿਤ ਬਨ ਆਈ।
ਪਤਿਤਪਾਵਨ ਤੋਹੇ ਬਲਬਲਿ ਹਉਂ ਨਿਤ ਜਾਈ।
ਪਤਿਤਪਾਵਨ ਤੈਂ ਕਈ ਬਾਲਮੀਕ-ਬਟਵਾਰੇ ਸਾਧੇ।
ਪਤਿਤਪਾਵਨ ਤੂੰ ਫਿਰ ਮੋਹੇ ਕਿਉਂ ਨਾ ਲਾਧੇ?
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।

ਪਤਿਤਪਾਵਨ ਦੀਨੋ ਮੋਹਿ ਚੰਦਨ-ਸੇਜ ਬਿਛਾਵਨ।

२२.(ਫ)

ਫਫਾ ਫਲਦਾਤਾ ਤੂੰ, ਧਰਮਰਾਜ ਤੋਲੇ ਦਿਵ ਤ੍ਰਕੜ।
ਤੁਧ ਬਿਨ ਅਮਰ-ਫਲ ਕਿਵ ਪਾਈਏ ਇਸ ਚੌਰਾਸੀ ਚੱਕਰ।
ਫਲਦਾਤਾ ਤੋਹਿ ਕਿਵੇਂ ਰੀਝਾਈਏ?
ਫਲਦਾਤਾ ਜਬ ਤੇਰੋ 'ਨਾਮ'-ਭੋਜਨ ਪਾਈਏ।
ਫਲਦਾਤਾ ਕਰਮ ਬਿਧਾਤਾ ਤੂੰ ਜੀਵਨ-ਦਾਤਾ।
ਫਲਦਾਤਾ ਤੈਂ ਬਿਨ ਕਿਨ ਕਰਮ-ਗਤਿ ਜਾਤਾ?
ਫਲਦਾਤਾ ਤੋਲੇਂ ਖਿੱਚ-ਪਾਵਨ ਤੱਕੜੀ।
ਫਲਦਾਤਾ ਤੇਰੀ ਕੇਹੀ ਮਿਠੀ ਅਮਿਓ ਖਖੜੀ।
ਫਲਦਾਤਾ ਵਾਹ ਹਭ ਫੱਲ ਤੂੰ ਚਾਖੇਂ।
ਫਲਦਾਤਾ ਕੱਖ ਬਦਲੇ ਤੂੰ ਦੇਏਂ ਬਿਜੂਰੀ-ਦਾਖੇ।
ਫਲਦਾਤਾ ਤੂੰ ਬਿਖ ਪੈਹਲੇ ਆਪੇ ਪੀਵੇਂ।
ਫਲਦਾਤਾ ਤਾਂਹੀ ਤੂੰ ਨੀਲ-ਕੰਠ ਥੀਵੇਂ।
ਫਲਦਾਤਾ ਤੂੰ ਹਭ ਗਲ ਪਾਏਂ ਫੂਲ-ਮਾਲਾ।
ਫਲਦਾਤਾ ਤੈਂ ਬਿਨ ਕਵਨ ਥੀਵੇ ਨਿਹਾਲਾ?
ਫਲਦਾਤਾ ਸੋਦਰ ਕਾਰ ਨਾ ਜਾਏ ਅੰਞਾਈ।
ਫਲਦਾਤਾ ਸੋਘਰ ਘਾਲ ਬਿਰਥਾ ਨਹੀਂ ਜਾਈ।
ਫਲਦਾਤਾ ਕਾਲੇ ਕੋ ਕਾਲਾ, ਗੋਰੇ ਕੋ ਗੋਰਾ
ਫਲਦਾਤਾ ਆਪੇ ਜੱਮ, ਆਪੇ ਧਰਮੀ ਨਬੇੜਾ।
ਫਲਦਾਤਾ ਕੇਹੀ ਸੁੰਦਰ ਤੈਂ ਕਰਮ-ਵਾੜੀ ਲਾਈ।
ਫਲਦਾਤਾ ਤੈਂ ਚੌਰਾਸੀ ਅਜਬ ਰਚਾਈ।
ਫਲਦਾਤਾ ਤੈਂ ਅਕਾਸ਼ ਪਉੜੀ ਲਾਈ।
ਫਲਦਾਤਾ ਤੈਂ ਜੀਵਣ-ਖੇਡ ਮਿਠੜੀ ਰਚਾਈ।
ਫਲਦਾਤਾ ਤੈਂ ਆਗੇਰ ਪਿਛੇਰ ਬਣਾਏ।
ਫਲਦਾਤਾ ਤੈਂ ਅਦਭੁਤ ਦਰਜੇ ਰਚਾਏ।
ਫਲਦਾਤਾ ਤੂੰ ਬਿਧ ਮਾਤਾ ਅਖਵਾਵੇਂ।
ਫਲਦਾਤਾ, ਸੰਜੋਗ-ਵਿਜੋਗ, ਦੋ-ਰਾਹ ਚਲਾਵੇਂ।
ਫਲਦਾਤਾ ਹੋ ਬੈਠਾ ਤੂੰ ਮੇਰੋ ਅੱਜ ਸੰਗੀ।
ਫਲਦਾਤਾ ਤੂੰ ਚਿਤਰ-ਗੁਪਤ ਮੇਰੋ ਅਰਧੰਗੀ।
ਫਲਦਾਤਾ ਕਰਮ ਫਲ ਤੇਰੋ ਹੈ ਨਾਉ।
ਫਲਦਾਤਾ ਕਾਲ-ਚਕਰ ਤੇਰੋ ਸਹਜ-ਸੁਭਾਉ।
ਫਲਦਾਤਾ ਕੋ ਕਹੁ ਕਿਵੇਂ ਹਉ ਟਪਾਇਆ?
ਫਲਦਾਤਾ 'ਨਾਮ' ਵੇਖ ਆਪੇ ਹਟ ਜਾਇਆ।
ਫਲਦਾਤਾ ਤੂੰ ਮੇਰੋ ਇਕ ਦਾਈ-ਦਾਇਯਾ।

ਫਲਦਾਤਾ ਅਮਰ-ਫਲ ਪੇਖ ਹਉਂ ਸਦਾ ਤ੍ਰਿਪਤਾਇਆ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਫਲਦਾਤਾ 'ਫਲ-ਗੁਨ' ਪਾਇਓ ਮੈਂ ਤੇਰੋ ਨਿਜ ਆਸਨ।

੨੮.(ਬ)

ਬਬਾ ਬੀਨ ਬਜਊਆ ਬੰਦ ਛੋੜਈਆ, ਤੂੰ ਸਰਬ ਕੋ ਨਈਯਾ।
ਤੁਧ ਬਿਨ ਕਿਨ ਪਾਈ ਮੁਕਤਿ-ਜੁਗਤਿ ਓ ਭੋਲੇ ਭਈਯਾ?
ਬੀਨ-ਬਜਊਆ ਤੂੰ ਅਭੀ-ਮਧਰਊਆ।
ਬੀਨ-ਬਜਊਆ ਤੂੰ ਮਨ ਮੇਰੋ ਹਰੂਆ।
ਬੀਨ-ਬਜਊਆ ਤੂੰ ਕਿਹੀ ਕਲਾਹਲ ਮਚਾਈ?
ਬਿਨ ਬੀਨਾ ਤੂੰ ਕਿਹੀ ਕੰਤੂਹਲ ਲਾਈ?
ਬੀਨ-ਬਿਜਊਆ, ਵਾਹ, ਅਤੀ ਧੁਨਿ ਤੇਰੀ ਸੂਹੀਆ।
ਬੀਨ-ਬਿਜਊਆ ਤੇਰੀ ਬੰਸੀ ਮਨ ਮੇਰੋ ਧੂਇਆ।
ਬੀਨ-ਬਿਜਊਆ ਵਾਹ ਵਾਹ ਤੂੰ ਖੇਡ-ਖਿਡਊਆ।
ਬੀਨ-ਬਿਜਊਆ ਵਾਹ ਤਾਂਡਵ-ਨਾਚ ਤੂੰ ਨਿਚਊਆ।
ਬੀਨ-ਬਿਜਊਆ ਵਾਹ ਵਾਹ ਤੇਰੀ ਬੀਨ-ਪ੍ਰਬੀਨਾ।
ਬੀਨ-ਬਿਜਊਆ ਤੋਹਿ ਪਤਿਤ ਪਾਵਨ ਕਰ ਲੀਨਾ।
ਬੀਨ-ਬਿਜਊਆ ਵਾਹ ਵਾਹ ਤੇਰੀ ਝੀਣੀ-ਬਾਨੀ।
ਬੀਨ ਤੇਰੀ ਘਟ ਘਟ ਸੁਨੀ, ਸੁਨਿ ਸ੍ਰਵਣਿ ਬਿਖਾਨੀ।
ਬੀਨ-ਬਿਜਊਆ ਤੂੰ ਨੰਦ-ਭੂਰ ਨਿਤ ਕਰਈਆ।
ਬੀਨ-ਬਿਜਊਆ ਤੂੰ ਹੰਸ ਕਰੇਂ ਕਈਂ ਕਾਗ-ਕਊਆ।
ਬੀਨ-ਬਿਜਊਆ ਵਾਹ ਵਾਹ ਖੂੰਡਾ-ਖੜਕਊਆ।
ਬੀਨ-ਬਿਜਊਆ ਮੈਂਡਾ ਸਤਿਗੁਰ ਨਾਨਕ ਵਡ-ਗੁਰੂਆ।
ਬੀਨ-ਬਿਜਊਆ ਤੈਂ ਕੈਸੀ ਅਨਹਤ-ਬੀਨ ਬਜਾਈ।
ਬੀਨ-ਬਿਜਊਆ ਸੁਨ ਸਭ ਖਲਕ ਤਮਾਸ਼ੇ ਆਈ।
ਬੀਨ-ਬਿਜਊਆ ਵਾਹ ਮਧੁਰ ਤੇਰੋ ਬੇਨ-ਸੁਬੇਨਾ।
ਬੀਨ-ਬਿਜਊਆ ਹਉ ਪਾਇਓ ਅੱਜ ਕਾਮਧੇਨਾ।
ਬੀਨ-ਬਿਜਊਆ ਵਾਹ ਵਾਹ ਤੂੰ ਬੰਧਨ-ਕਟਊਆ।
ਬੀਨ-ਬਿਜਊਆ ਵਾਹ ਵਾਹ 'ਨਾਮ'-ਕੈਂਚੀ ਤੂੰ ਚਲਊਆ।
ਬੀਨ-ਬਿਜਊਆ ਤੈਂ ਅਜ ਕੈਸੀ ਅਜਬ ਧੂਮ ਮਚਾਈ?
ਬੀਨ-ਬਿਜਊਏ ਘਟਘਟ ਮਹਿ ਤੈਂ ਬਿੰਦ੍ਰਾਬਨ ਰਾਸ ਲਿਆਈ?
ਬੀਨ-ਬਿਜਊਆ ਤੂੰ ਸਦ ਨਿਰਤ-ਕਰਊਆ।
ਬੀਨ-ਬਿਜਊਆ ਅਨੰਦ-ਝਰਨਾਟ ਤੂੰ ਛਿੜਊਆ।
ਬੀਨ-ਬਿਜਊਆ ਵਾਹ ਵਾਹ ਤੂੰ ਮੇਰੋ ਲਾਲਨ।
ਬੀਨ-ਬਿਜਊਆ ਵਾਹ ਵਾਹ ਤੂੰ ਕਾਲ-ਅਕਾਲਨ।
ਬੀਨ-ਬਿਜਊਆ ਜਬ ਤੈਂ ਅਮਿਓ 'ਮੁਰਲੀ' ਵਾਈ।

ਬੀਨ ਸੁਨਤ ਚੌਰਾਸੀ-ਬੇੜੀ ਆਪੇ ਢੱਠ ਜਾਈ।
ਬੀਨ-ਬਿਜਊਆ ਤੂੰ ਮੇਰੋ ਸਦ ਇਸ਼ਟ ਮਿਸ਼ਟਾ।
ਬੀਨ-ਬਿਜਊਏ ਤੇਰੋ 'ਨਾਮ' ਕੋ ਚਾਉ ਮੋਹਿ ਅਤਿ-ਜੇਸ਼ਟਾ।
ਬੀਨ-ਬਜਾਈ ਝੁਰਮਟ ਪਾਈ, ਵਾਹ ਵਜੀ ਵਧਾਈ।
ਬੀਨ-ਬਿਜਊਏ ਵਾਹ ਤੈਂ ਨੇ ਕੈਸੀ ਰਾਮ-ਲੀਲਾ ਲਾਈ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਬੀਨ-ਬਿਜਊਏ ਬੀਨ ਬਜਾ ਮੋਹਿ ਬੰਦਿ ਛੁਡਾਵਨ।

੨੯.(ਭ)

ਭਭਾ ਭਗਤਵਛਲ ਤੂੰ ਆਪ ਹੈਂ, ਭਗਤਨ ਕੋ ਨਿਤ-ਸਹਾਈ
ਤੇਰੀ ਕਿਰਪਾ ਅਪਾਰ ਬਿਨ ਕਹੁ ਕਿਨ ਗਤਮਤਿ ਪਾਈ।
ਭਗਤਵਛਲ ਤੂੰ ਮੇਰਾ ਸਤਿਗੁਰੂ ਸੂਰਾ।
ਭਗਤਵਛਲ ਤੂੰ ਮੇਰਾ ਵਾਹਿਗੁਰੂ ਪੂਰਾ।
ਭਗਤਵਛਲ ਤੂੰ ਦਲਿਦਰ ਕੋ ਹਿਰੇਂ।
ਭਗਤਵਛਲ ਤੂੰ ਸੁਦਾਮੇ ਸਤ ਪੀਛੇ ਫਿਰੇਂ।
ਭਗਤਵਛਲ ਤੂੰ ਕਪਲਗਊ ਨਾਮੇ ਚੁਆਈ।
ਭਗਤਵਛਲ ਤੂੰ ਕਬੀਰ ਕੀ ਤਾਣੀ ਤਣਾਈ।
ਭਗਤਵਛਲ ਤੂੰ ਰਵਿਦਾਸ ਜੁਤੀ ਗਾਂਢੇ।
ਭਗਤਵਛਲ ਤੂੰ ਸਿਰ ਮੇਰੋ ਠਾਂਡੇ।
ਭਗਤਵਛਲ ਤੂੰ ਦ੍ਰੋਪਦੀ ਲਜਾ ਆਪਿ ਰਖਾਈ।
ਭਗਤਵਛਲ ਤੂੰ ਦੁਸਾਸਨ ਸਿਰ ਛਾਈ ਪਾਈ।
ਭਗਤਵਛਲ ਤੂੰ ਫਰੀਦ ਕਉ ਘਿਉ ਗੁੜ ਖਿਲਾਵੇਂ।
ਭਗਤਵਛਲ ਤੂੰ ਧਨੇ ਕਉ ਦੁਧ-ਮਾਂਝਾ ਪਿਲਾਵੇਂ।
ਭਗਤਵਛਲ ਤੂੰ ਪੀਤ-ਪੀਤਾਂਬਰ ਨਿਤ ਓੜ੍ਹੇਂ।
ਭਗਤਵਛਲ ਤੂੰ ਸਦ-ਬਸੰਤ ਲਿਘਾਏਂ ਘਰ ਮੋਰੇ।
ਭਗਤਵਛਲ ਤੂੰ ਵਸੇਂ ਹਰ ਦੇਸ ਦਿਸੰਤਰ।
ਭਗਤਵਛਲ ਤੂੰ ਸਥਿਰ ਸਭ ਜੁਗ-ਜੁਗੰਤਰ।
ਭਗਤਵਛਲ ਤੂੰ ਭਗਤਨ ਕਾ ਸਦ-ਸੰਗੀ।
ਭਗਤਵਛਲ ਤੇਰੇ ਨਾਮ ਮੇਰੋ ਨਿਤ-ਅੰਗੀ।
ਭਗਤਵਛਲ ਤੂੰ ਭਗਤਨ ਕੀ ਛਤਰ-ਛਾਇਆ।
ਭਗਤਵਛਲ ਤੂੰ ਹਿਰਨਾਖਸ਼ ਮਾਰ, ਪ੍ਰਹਲਾਦ ਰਖਾਇਆ।
ਭਗਤਵਛਲ ਤੂੰ ਮੇਰੋ ਅਟੱਲ ਮਾਈ ਬਾਪਾ।
ਭਗਤਵਛਲ ਤੁਧ ਬਿਨ ਕਟਿਓ ਕਿਨ ਜਗ-ਸਿਆਪਾ।
ਭਗਤਵਛਲ ਤੂੰ ਮੇਰੋ ਕਸ਼ਟ ਕੋ ਹਰਤਾ।

ਭਗਤਵਛਲ ਤੂੰ ਮੇਰੋ ਪਾਪ ਸਿਰ ਆਪਣੇ ਧਰਤਾ।
ਭਗਤਵਛਲ ਤੂੰ ਦੀਨਨ ਕੋ ਨਾਥ-ਪ੍ਰਿਤਪਾਲਕ।
ਭਗਤਵਛਲ ਤੂੰ ਨਾਥ-ਬੈਕੁੰਠ ਮੇਰੋ ਸਦ-ਸਹਾਇਕ।
ਭਗਤਵਛਲ ਕੋ ਕਹੁ ਕਿਤ ਬਿਧ ਪਾਈਏ?
ਭਗਤਵਛਲ ਤੇਰੀ ਡੋਰੀ ਜਬ 'ਨਾਮ' ਹਿਲਾਈਏ।
ਭਗਤਵਛਲ ਤੂੰ ਵਾਹ ਵਾਹ, 'ਨਾਮ'- ਕੋ- ਨਾਮੀ।
ਭਗਤਵਛਲ ਵਾਹ ਵਾਹ ਤੇਰੋ ਇਹ ਇਸਮ ਗਰਾਮੀ।
ਭਗਤਵਛਲ ਧਨ ਧੰਨ ਜਬ ਕੁਲੀ ਮੋਰੀ ਤੁਮ ਆਏ।
ਭਗਤਵਛਲ ਸਵਰਨ-ਢੰਘ ਤੁਧ ਤਬ ਮੋਹਿ ਲਗਾਏ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਭਗਤਵਛਲ ਤੂੰ ਕਲਿਮਲਿ ਹਰਨ, ਤੂੰ ਊਣੇ ਭਰਨ।

੩੦.(ਮ)

ਮਮਾ ਤੂੰ ਮੁਕਤੀ ਪ੍ਰਦਾਤਾ, ਗਰਬ-ਗੰਜਨ, ਤੂੰ ਪਾਪ ਨਿਖੰਜਨ।
ਵਾਹਿ ਮੇਰੇ ਸਾਹਿਬਾ ਮੋਹਿ ਓਟ ਤੇਰੀ, ਤੇਰਾ 'ਨਾਮ' ਦੁਖਭੰਜਨ।
ਮੁਕਤੀਪ੍ਰਦਾਤਾ ਤੂੰ ਸਭ ਸੁਖ-ਵਿਧਾਤਾ।
ਮੁਕਤੀਪ੍ਰਦਾਤਾ ਤੂੰ ਦੂਖ ਨਿਤ-ਖਾਤਾ।
ਮੁਕਤੀਪ੍ਰਦਾਤਾ ਤੁਧ ਕਉ ਕਿਤ ਬਿਧ ਪਾਈਏ।
ਮੁਕਤੀਪ੍ਰਦਾਤਾ ਤੇਰੇ ਚਰਣ ਕਮਲ 'ਨਾਮ' ਸਮਾਈਏ।
ਮੁਕਤੀਪ੍ਰਦਾਤਾ ਜਬ ਮੋਹਿ ਭਏ ਕਿਰਪਾਲਾ।
ਮੁਕਤੀਪ੍ਰਦਾਤਾ ਜਾਲੇ ਸਭ ਕਾਲਿ-ਜਾਲਾ।
ਮੁਕਤੀਪ੍ਰਦਾਤਾ 'ਹਿਰਨਅਕ਼ਸ਼' ਭੀ ਪਾਰ ਲੰਘਾਏ।
ਮੁਕਤੀਪ੍ਰਦਾਤਾ ਤਾਂਹੀ ਤੂੰ ਕਈ 'ਨਰ-ਸਿੰਘ ਉਪਾਏ।
ਮੁਕਤੀਪ੍ਰਦਾਤਾ 'ਸੁਦਰਸ਼ਨ-ਚੱਕਰ' ਹਥ ਮੇਰੋ ਧਰੇ।
ਮੁਕਤੀਪ੍ਰਦਾਤਾ ਪਤਿਤ ਸਭ, ਪਾਵਨ ਝਟ ਕਰੇ।
ਮੁਕਤੀਪ੍ਰਦਾਤਾ ਤੂੰ ਪਰੁਫੜੇਂ ਮੇਹੀ ਫੁਲਵਾੜੀ।
ਮੁਕਤੀਪ੍ਰਦਾਤਾ ਕੰਡੇ ਕੱਟ, ਲਾਏਂ ਚੰਦਨਵਾੜੀ।
ਮੁਕਤੀਪ੍ਰਦਾਤਾ ਤੂੰ ਸੁਵਰਨੀ, ਤੂੰ ਸੁਭੰਗਾ।
ਮੁਕਤੀਪ੍ਰਦਾਤਾ ਤੂੰ ਭਗਤਨ ਕੇ ਸਦ-ਸੰਗਾ।
ਮੁਕਤੀਪ੍ਰਦਾਤਾ ਤੂੰ ਬੇਅੰਤ-ਬੈਕੁੰਠ ਮੋਹਿ ਲੇਜਾਏਂ।
ਮੁਕਤੀਪ੍ਰਦਾਤਾ ਤੂੰ 'ਨਾਮ'- ਬਿਬਾਨ ਮੋਹਿ ਚੜ੍ਹਾਏਂ।
ਮੁਕਤੀਪ੍ਰਦਾਤਾ ਜਬ ਭੁਜਾ ਮੇਰੀ ਤੂੰ ਗਹੀ।
ਮੁਕਤੀਪ੍ਰਦਾਤਾ ਰੋਮ ਰੋਮ 'ਨਾਮ' -ਝੜੀ ਵਹੀ।

ਮੁਕਤੀਪ੍ਰਦਾਤਾ ਤੈਂ ਹੱਥ ਹੱਭ ਰਿੱਧ, ਸਿੱਧ, ਨਿੱਧ।
ਮੁਕਤੀਪ੍ਰਦਾਤਾ ਤੂੰ ਪੂਰਨ-ਸੰਪੂਰਨ, ਸੁਤੇ-ਸੁਧ।
ਮੁਕਤੀਪ੍ਰਦਾਤਾ ਤੂੰ ਭਗਤੀਵਛਲ ਭਗਤ ਹਿਤਕਾਰੀ।
ਮੁਕਤੀਪ੍ਰਦਾਤਾ ਤੂੰ ਦੀਨਾ ਨਾਥ, ਪਰਮ-ਉਪਕਾਰੀ।
ਮੁਕਤੀਪ੍ਰਦਾਤਾ ਤੂੰ ਕੱਖ ਲੈ, ਲੱਖ ਆਗੇ ਧਰੇਂ।
ਮੁਕਤੀਪ੍ਰਦਾਤਾ ਕੱਚ ਕੋ ਕੰਚਨ ਇਕ ਖਿਨ ਮੇਂ ਕਰੇਂ।
ਮੁਕਤੀਪ੍ਰਦਾਤਾ 'ਸਾਬਨ' ਕੋ 'ਬਾਵਨ-ਚੰਦਨ' ਤੂੰ ਬਣਾਏਂ।
ਮੁਕਤੀਪ੍ਰਦਾਤਾ 'ਕੀੜੀ' ਕੋ 'ਹਾਥੀ' ਸਵਾਰੀ ਤੂੰ ਕਰਾਏਂ।
ਮੁਕਤੀਪ੍ਰਦਾਤਾ ਤੂੰ ਮੇਰੋ ਅਘ ਕੋਟ ਨਿਖੰਡਨ।
ਮੁਕਤੀਪ੍ਰਦਾਤਾ ਤੂੰ ਮੇਰੇ ਸਰਬ ਗਰਬ ਗੰਜਨ।
ਮੁਕਤੀਪ੍ਰਦਾਤਾ ਕੀ ਕਹੁ ਕਵਨ ਪਾਵਨ ਜੁਗਤਾ?
ਮੁਕਤੀਪ੍ਰਦਾਤਾ ਜਦ 'ਨਾਮ'- ਸੰਜੁਰਾਤ ਤਬ ਜੀਵਨ ਮੁਕਤਾ।
ਮੁਕਤੀਪ੍ਰਦਾਤਾ ਨਾਮ ਬਿਰਧ ਜਬ ਤੂੰ ਧਾਰੇਂ।
ਮੁਕਤੀਪ੍ਰਦਾਤਾ ਜਨਮ ਮਰਨ ਤਤਕਾਲ ਉਧਾਰੇਂ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਮੁਕਤੀਪ੍ਰਦਾਤਾ ਚੰਡਾਲਨ ਭੀ ਤੂੰਹੇ ਪ੍ਰਿਤਪਾਲਨ।

੩੧.(ਯ)

ਯਯਾ ਯਾਰ ਮੀਤ ਸੁਨ ਸਾਜਨਾ ਮੇਰੀ ਇਕ ਬੇਨੰਤੀਆ।
ਤੇਰੇ 'ਨਾਮ' ਅਮੋਲ ਅਮੋਲੜੇ ਹਉਂ ਫਿਰਾਂ ਨਿਤ ਖੋਜੰਤੀਆ।
ਯਾਰਮੀਤ ਸਦ ਮਿੱਤਰ ਤੂੰ, ਤੂੰ ਮੇਰੋ ਸਦ-ਸਾਥੀ।
ਯਾਰਮੀਤ ਤੂੰ ਢਾਏਂ ਨਾ ਚਿੱਤ, ਦਾਸੇ ਛਾਤੀ।
ਯਾਰਮੀਤ ਤੂੰ ਨਿਤ ਨਿਤ, ਮਲ੍ਹਮਾਂ ਲਾਏਂ।
ਯਾਰਮੀਤ ਤੂੰ ਪਾਪਾਂ ਤੇ ਪੜ੍ਹਦੇ ਨਿਤ-ਪਾਏਂ।
ਯਾਰਮੀਤ ਜੇ ਤੂੰ ਮਾਰੇਂ ਤਾਂ ਛਾਇਆਂ ਸੁਟੇਂ।
ਯਾਰਮੀਤ ਜੇ ਤੂੰ ਝਾੜੇਂ ਤਾਂ ਦੇਵੇਂ ਅਮਿਓ-ਅਖੁਟੇ।
ਯਾਰਮੀਤ ਤੂੰ ਭੱਜ ਬੈਕੁੰਠੋਂ ਆਏਂ।
ਯਾਰਮੀਤ ਤੂੰ ਤਲੀ ਤੇ ਸਰਿਓਂ ਆ ਜਮਾਏਂ।
ਯਾਰਮੀਤ ਤੂੰ ਅੰਬੀ-ਛਾਂਵ ਹਭ ਬਹਾਲੇਂ।
ਯਾਰਮੀਤ ਤੈ ਰਚੇ ਕਲਪਤੁਰ ਨਿਤ-ਨਿਰਾਲੇ।
ਯਾਰਮੀਤ ਤੂੰ ਦੁਧ-ਮੱਖਣ ਪਿਲਾਵੇਂ ਖਿਲਾਵੇਂ।
ਯਾਰਮੀਤ ਦਾਲਾਂ ਮੇਰੀਆਂ ਤੂੰ ਆਪੇ ਪਿਸਾਵੇਂ।
ਯਾਰਮੀਤ ਤੂੰ ਮੇਰੀ ਚੱਕੀ ਆਪੇ ਝੋਈ।
ਯਾਰਮੀਤ ਤੈਂ ਕੁੱਲੀ ਮੇਰੀ ਛਾਈ ਤ੍ਰੈਲੋਈ।
ਯਾਰਮੀਤ ਤੂੰ ਕੰਡੇ ਮੇਰੇ ਨਿਤ ਕਢੇਂ।

ਯਾਰਮੀਤ ਤੂੰ ਲਾਏਂ ਛਾਤੀ ਪਾਏਂ ਠੰਡੇਂ।
ਯਾਰਮੀਤ ਤੂੰ ਮੈਨੂੰ ਦੇਵੇਂ ਨਿਤ-ਦਿਲਾਸੇ।
ਯਾਰਮੀਤ ਤੂੰ ਭੁੰਨ ਸੁਟੇਂ ਮੇਰੀ ਭੜਾਸੇ।
ਯਾਰਮੀਤ ਤੂੰ ਮੈਨੂੰ ਗਰੀ-ਛੁਹਾਰੇ ਖਿਲਾਵੇਂ।
ਯਾਰਮੀਤ ਤੂੰ ਮੈਨੂੰ ਅਮਿਓ-ਨੀਰ ਪਿਲਾਵੇਂ।
ਯਾਰਮੀਤ ਪੈਰਾਂ ਹੇਠ ਤੂੰ ਕੂਲੀਆਂ-ਤਲੀਆਂ ਧਰੇਂ।
ਯਾਰਮੀਤ ਤੂੰ ਪਾਣੀ ਥਾਂ ਲਹੂ ਨਿਝਰ-ਝਰੇਂ।
ਯਾਰਮੀਤ ਮੈਨੂੰ ਮਿੱਠੀਆਂ ਘੁੰਘਣੀਆਂ ਖਿਲਾਵੇਂ।
ਯਾਰਮੀਤ ਤੂੰ 'ਨਾਮ'-ਗੰਦੋੜੇ ਛਿਕੇ ਮੇਰੇ ਭਰਾਵੇਂ।
ਯਾਰਮੀਤ ਮੇਰੀ ਡੰਗੋਰੀ ਤੂੰ ਆਪੇ ਫੜੇਂ।
ਯਾਰਮੀਤ ਤੂੰ ਮਾਥੇ ਮੇਰੇ ਸਦ ਤਿਲਕ ਮੜ੍ਹੇਂ।
ਯਾਰਮੀਤ ਤੈਂ ਜਬ ਮੋਹਿ ਦੀਓ ਦਿਲਾਸਾ।
ਯਾਰਮੀਤ ਕੀਨੋ ਹਭ ਬੰਦ ਖਲਾਸਾ।
ਯਾਰਮੀਤ ਤੇਰੀ ਮੈਨੂੰ ਨਿਤ ਨਿਤ ਲੋੜ।
ਯਾਰਮੀਤ ਤੂੰ ਕਟੇਂ ਸੰਕਟ ਉਠ-ਦੌੜ।
ਯਾਰਮੀਤ ਤੂੰ ਮੇਰੀਆਂ ਘਾਲਾਂ ਨਿਤ ਘਾਲੇਂ।
ਯਾਰਮੀਤ ਤੂੰ ਕਟੇਂ ਸਭ ਜਮ ਜੰਜਾਲੇ।
ਯਾਰਮੀਤ ਕਵਨ? ਯਾਰਮੀਤ ਕਦ ਸਹਾਈ।
ਯਾਰਮੀਤ ਸਿਮਰਉ, ਤਉ ਮਿਲਿਓ ਮੋਹਿ ਗੋਸਾਈ।
ਜਿਤ ਵਲ ਵੇਖਾਂ ਮੇਰੋ ਲਾਲਨ-ਹੀ ਲਾਲਨ।
ਯਾਰਮੀਤ ਮੋਹਿ ਕੁਸ਼ਟੀ ਭੀ ਗਲ ਲਾਵਨ।

੩੨.(ਰ)

ਰਾਰਾ ਰਾਮਰਮਈਯਾ ਤੂੰ ਮੇਰੋ ਰੋਮ ਰੋਮ ਨਿਤ-ਵਸਿਆ।
ਤੂੰ ਜਿਥੇ-ਕਿਥੇ, ਇਥੇ ਉਥੇ, ਹਰ ਹਰ ਮੁਖ ਹਸਿਆ।
ਰਾਮਰਮਈਯਾ ਤੂੰ ਮੇਰੋ ਨਿਤ ਓਤ-ਪ੍ਰੋਤਾ।
ਰਾਮਰਮਈਯਾ ਤੂੰ ਹਰ ਜੋਤਿ ਸਚ-ਜੋਤਾ।
ਰਾਮਰਮਈਯਾ ਤੂੰ ਮੇਰੋ ਬਾਲ-ਗੁਪਾਲਾ।
ਰਾਮਰਮਈਯਾ ਤੇਰੋ ਬ੍ਰਿਧ ਸਦਾ-ਪ੍ਰਿਤਪਾਲਾ।
ਰਾਮਰਮਈਯਾ ਤੂੰ ਪਵਨ ਮਹਿ ਪਵਨਾ।
ਰਾਮਰਮਈਯਾ ਤੂੰ ਅਗਨ ਮਹਿ ਅਗਨਾ।
ਰਾਮਰਮਈਯਾ ਤੂੰ ਅਕਾਸ ਮਹਿ ਮਹਾਂ-ਅਕਾਸਾ।
ਰਾਮਰਮਈਯਾ ਤੂੰ ਘਟ ਮੇਰੋ ਚਿਦਾਕਾਸਾ।
ਰਾਮਰਮਈਯਾ ਤੂੰ ਬਨਖੰਡ, ਨੌਖੰਡਾ।
ਰਾਮਰਮਈਯਾ ਤੂੰ ਖੰਡ, ਮੰਡਲ, ਬ੍ਰਹਮੰਡਾ।

ਰਾਮਰਮਈਯਾ ਤੂੰ ਸਪਤ ਪਾਤਾਲ, ਸਪਤ ਆਕਾਸਾ।
ਰਾਮਰਮਈਯਾ ਤੂੰ ਦਿਸਾ-ਵਿਸਾ, ਹਭ ਪਾਸਾ।
ਰਾਮਰਮਈਯਾ ਤੂੰ ਸੂਖਮ ਤੋਂ ਸਦ-ਸੂਖਮ।
ਰਾਮਰਮਈਯਾ ਤੂੰ ਨਿਤ ਜੋਤਿ-ਅਨੂਪਮ।
ਰਾਮ ਰਮਈਯਾ ਤੂੰ ਤੁਧ ਬਿਨ ਕਵਨ ਇਸ ਧਰਨੀ ਧਰੇ।
ਰਾਮ ਰਮਈਯਾ ਤੁਧ ਬਿਨ ਨਿਮਾਨੀ ਦਾਸੀ ਕਿਆ ਕਰੇ।
ਰਾਮ ਰਮਈਯਾ ਜਬ ਤੋਹਿ ਖਿਚਿਓ 'ਨਾਮ' ਕਿਆੜਾ।
ਰਾਮ ਰਮਈਯਾ ਤਬ ਅਰਸ਼ ਫਰਸ਼ ਘਟ ਮੇ ਵਾੜਾ।
ਰਾਮ ਰਮਈਯਾ ਤੂੰ ਕੰਵਲ ਤੂੰ ਕੰਵਲਾ-ਕੰਤਾ।
ਰਾਮ ਰਮਈਯਾ ਤੂੰ ਦੁਖ ਦਰਦ ਕਾ ਸਦ-ਹੰਤਾ।
ਰਾਮ ਰਮਈਯਾ ਜਬ ਤੋਹਿ ਦੀਓ ਮੋਹਿ ਦਰਸ਼ਨ।
ਰਾਮ ਰਮਈਯਾ ਰੋਮ ਰੋਮ ਅਮਿਓ ਝਰਨੇ ਲਗੇ ਝਰਸਨ।
ਰਾਮ ਰਮਈਯਾ ਤੋਹਿ ਬਲਿ ਬਲਿ ਹਉਂ ਨਿਤ ਨਿਤ ਜਾਊਂ।
ਰਾਮ ਰਮਈਯਾ ਤੂੰ ਅੰਤਰ-ਬਾਹਿਰ ਜਿਥੇ-ਕਿਥਾਊਂ।
ਰਾਮ ਰਮਈਯਾ ਤੂੰ ਮੇਰੋ ਅਬਚਲ ਗੁਸਈਆਂ।
ਰਾਮ ਰਮਈਯਾ ਤੇਰੀ ਓਟ ਮੈਂ ਜੁਗ ਜੁਗ ਢੈ-ਪਈਆਂ।
ਰਾਮ ਰਮਈਯਾ ਤੂੰ ਮੇਰੋ ਜੀਵਣ ਖਟੀਆ ਕੀ ਦਾਵਣ।
ਰਾਮ ਰਮਈਯਾ ਤੂੰ ਮੇਰੋ ਡੋਲੀ ਚਾਈ ਤੂੰ ਆਪ ਕਹਾਰਣ।
ਰਾਮ ਰਮਈਯਾ ਤੂੰ ਮੇਰੋ ਨਿਤ ਨਿਤ ਅੰਗ ਸਗੀ।
ਰਾਮ ਰਮਈਯਾ ਤੁਧ ਬਿਨ ਮੈਂ ਨਿਤ ਨੰਗ ਮਨੰਗੀ।
ਰਾਮ ਰਮਈਯਾ ਜਬ ਤੋਹਿ ਕੀਨੋ ਮੋਹਿ ਦਾਸੀ।
ਰਾਮ ਰਮਈਯਾ ਤਬ ਤੋਹਿ ਕਾਟੀ ਮੇਰੀ ਜਮ-ਫਾਸੀ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਰਾਮ ਰਮਈਯਾ ਤੁਧ ਅੰਗ ਅੰਗ ਮੇਰੇ ਗੰਗਾ-ਨੀਰ ਵਹਾਵਨ।

੩੩.(ਲ)

ਲਲਾ ਤੂੰ ਲਾਲਨ, ਤੂੰ ਨਿਹ ਲਨ, ਤੂੰ ਸਰਬ-ਪ੍ਰਿਤਪਾਲਨ।
ਤੁਧ ਕੀਨੀ ਖਿਨ ਮਹਿ ਲਾਲੋਲਾਲ ਇਹ ਜੁਗਾਂ ੨ ਕੀ ਭਿਖਾਰਨ
ਲਾਲਨ ਮੇਰੋ, ਲਾਲਨ ਤੇਰੋ।
ਲਾਲਨ ਸਰਬ-ਸੰਗੀ, ਮੀਤ ਹਿਤੇਰੋ।
ਲਾਲਨ ਕੀ ਕੈਸੀ ਧੂਮ ਮਚੀ ਅੱਜ?
ਲਾਲਨ ਕੀ ਕੈਸੀ ਝੂਮ ਸਜੀ ਅੱਜ?
ਲਾਲਨ ਤੋਹਿ ਮੋਹਿ ਕੀਨੋ ਨਿਹਾਲਨ।
ਲਾਲਨ ਤੂੰ ਘੱਟ ਘੱਟ ਅਮਿਓ ਨੀਰ ਵਹਾਵਨ।
ਲਾਲਨ ਕੌਨ ਕਹੁ ਕਿਸਕੋ ਇਹ ਨਾਉਂ?

ਲਾਲਨ ਸੇ ਜੋ ਅੰਗ ਅੰਗ 'ਨਾਮ'-ਨੀਰ ਵਹਾਉ।
ਲਾਲਨ ਲਾਲਨ ਤੂੰ ਸਦ ਲਾਲੋ ਲਾਲਨ।
ਲਾਲਨ ਤੂੰ ਲਾਲੋ ਲਾਲ, ਹਉਂ ਸਦ-ਬਲਿਹਾਰਾਨ।
ਲਾਲਨ ਤੇਰੋ ਸੋਦਰ ਕੋਟ, ਲਾਲ ਭਰੇ ਭੰਡਾਰਾ।
ਲਾਲਨ ਤੇਰਾ ਲਾਲ ਅਲਤਾ ਤੈਂ ਦਹਿ-ਦਿਸ ਵਿਖਾਰਾ।
ਲਾਲਨ ਤੂੰ ਮੇਰੇ ਹਥ ਅਜਬ ਲਾਲੋ-ਲਾਲ ਗਾਨਾ।
ਲਾਲਨ ਤੂੰਏਂ ਮੇਰੋ ਨਿਤ 'ਨਾਮ' ਲਦਿਆ ਖਜ਼ਾਨਾ।
ਲਾਲਨ ਤੂੰ ਅਮਰ ਲਾਲੀ ਅਜ ਕੈਸੀ ਚੁਆਈ।
ਲਾਲਨ ਤੂੰ ਰੋਮ ਰੋਮ ਅਮਿਓ ਪਿਚਕਾਰੀ ਲਾਈ।
ਲਾਲਨ ਤੂੰ ਗਹੀ ਤਾਂ ਮੈਂ ਲਾਲ-ਰਤੀਰੀ।
ਲਾਲਨ ਤੈਂ ਛੂਈ ਤਾਂ ਮੈਂ ਗਰਬ-ਗਤੀਰੀ।
ਲਾਲਨ ਲੀਲਾ ਤੈਂ ਕੈਸੀ ਅਜਬ ਬਨਾਈ।
ਲਾਲਨ ਤੇਰੀ ਹਟੀਆਂ ਚੌਕੁੰਟੀ ਛਾਈ।
ਲਾਲਨ ਤੂੰ ਲਾਲ ਰੰਗੀਲੋ ਤੂੰ ਮੇਰੋ ਮੋਹਨ।
ਲਾਲਨ ਤੂੰ ਹਭ-ਰਸ-ਗੁਧਾ ਤੂੰ ਮੇਰੋ ਸੋਹਨ।
ਲਾਲਨ ਤੇਰੀ ਕੈਸੀ ਲਾਲ ਲੇਫ-ਤੁਲਾਈ।
ਲਾਲਨ ਤੇਰੀ ਗਰਮ ਸੇਜਾ ਹੰਉ ਉਠ ਧਾਈ।
ਲਾਲਨ ਮੇਰੋ, ਤੇਰੋ ਕਿਹਾ ਲਾਲ ਸਿਰਹਾਨਾ।
ਲਾਲਨ ਮੇਰੋ ਤੇਰੇ ਸਿਰ ਸਸੀਅਰ ਕਲਗਾਨਾ।
ਲਾਲਨ ਤੈਂ ਹਥ ਮੇਰੇ ਕੇਹੀ ਮੈਂ ਹਦੀ ਲਾਈ।
ਲਾਲਨ ਤੈਂ ਅੰਗੀਆ ਮੋਰੀ ਕੇਹੀ ਮਜੀਠ ਰੰਗਾਈ।
ਲਾਲਨ ਤੂੰ ਲਾਲ-ਗੁਲਾਲ, ਨਿਤ ਗੁਲਨਾਰੀ।
ਲਾਲਨ ਤੇਰੀ ਖਿਲੀ ਕੇਹੀ ਲਾਲ ਫੁਲਵਾੜੀ।
ਲਾਲਨ ਤੂੰ ਲਾਲ-ਨਿਹਾਲਾ, ਅਤੋਲ-ਅਮੋਲੋ।
ਲਾਲਨ ਤੂੰ ਚੜ੍ਹ ਹੂਟੇ ਨਿਤ 'ਨਾਮ' ਹਿੰਡੋਲੋ।
ਲਾਲਨ ਤੈਂ ਘਰ ਮੋਰੇ ਇਕ ਪੀਂਘ ਜੋ ਪਾਈ।
ਲਾਲਨ ਸੁਧਿ ਬੁਧਿਮੋਰੀ ਫੁਨ ਰਹੀ ਨਾਂ ਕਾਈ।
ਲਾਲਨ ਮੇਰੋ ਲਾਲਨ ਤੇਰੋ ਭਾਈ।
ਲਾਲਨ ਤੈਂ ਇਹ ਜਗ ਵਾੜੀ ਜੋ ਲਾਈ।
ਲਾਲਨ ਆਏ ਜੋ ਇਕ ਦਿਨ ਮੇਰੇ ਅੰਙਨ।
ਲਾਲਨ ਘੁਟ ਲਗੀ ਮੈਂ ਛਾਤੀ ਲਾਵਨ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਲਾਲਨ ਕੀਨੀ ਮੋਹਿ ਲਾਲੋ -ਲਾਲ, ਨਿਤ-ਨਿਹਾਲਨ।

੩੪.(ਵ)

ਵਾਹ ਵਾਹ ਤੂੰ ਵਿਸਮਾਦੀਆ, ਤੇਰਾ ਕਿਆ ਨਾਉਂ ਕਿਆ ਠਾਉਂ?
ਜਿਤ ਵਲ ਵੇਖਾਂ, ਤਿਤਵਲ ਤੂੰਹੇਂ ਤੂੰਹੇਂ ਸਮਾਉਂ।
ਵਾਹ ਵਾਹ ਵਿਸਮਾਦੀਆਂ, ਕਿਹਾ ਬਿਸਮਨ-ਰੰਗਾ ਤੂੰ?
ਵਾਹ ਵਾਹ ਵਿਸਮਾਦੀਆਂ, ਕਿਹਾ ਸੁਵਰਨ-ਅੰਗਾ ਤੂੰ।
ਵਾਹ ਵਾਹ ਵਿਸਮਾਦੀਆਂ, ਤੂੰ ਮੇਰੋ ਲਾਲਨ ਅਤੀ ਗੁਲਾਲਨ।
ਵਾਹ ਵਾਹ ਵਿਸਮਾਦੀਆਂ, ਰੰਗਿਆ ਤੈਂ ਮਜੀਠੇ ਮੇਰੋ ਚੋਲਨ।
ਵਾਹ ਵਾਹ ਵਿਸਮਾਦੀਆਂ, ਹਰ ਥਾਂ ਤੇਰੀ ਹਰਿਆਵਲ।
ਵਾਹ ਵਾਹ ਵਿਸਮਾਦੀਆਂ, ਹਭ ਘਟ ਤੇਰੀ ਰਤਨਾਵਲ।
ਵਾਹ ਵਾਹ ਵਿਸਮਾਦੀਆਂ, ਤੇਰੀਆਂ ਕੇਤੀਆਂ ਮਿੱਠੀਆਂ ਨੂਰ-ਭੂਰਾਂ।
ਵਾਹ ਵਾਹ ਵਿਸਮਾਦੀਆਂ, ਹਉਂ ਲਧਾਂਨਿਤ ਤੇਰੀਆਂ ਚਰਨ ਧੂੜਾਂ।
ਵਾਹ ਵਾਹ ਵਿਸਮਾਦੀਆਂ, ਤੇਰੀਆਂ ਗੰਗਾਜਲ ਭਰੀਆਂ ਕੂਹਲਾਂ।
ਵਾਹ ਵਾਹ ਵਿਸਮਾਦੀਆਂ, ਤੇਰੀਆਂ ਨੂਰੀ ਫੁਲ-ਲਦੀਆਂ ਝੂਲਾਂ।
ਵਾਹ ਵਾਹ ਵਿਸਮਾਦੀਆਂ, ਤੇਰੇ ਚੋਜ ਵਿਡਾਣੇ।
ਵਾਹ ਵਾਹ ਵਿਸਮਾਦੀਆਂ, ਤੇਰੇ ਅਮਿਓ ਬਾਟੇ।
ਵਾਹ ਵਾਹ ਵਿਸਮਾਦੀਆਂ, ਤੇਰੀਆਂ ਚੋਆ ਚੰਦਨ ਵਾੜੀਆਂ।
ਵਾਹ ਵਾਹ ਵਿਸਮਾਦੀਆਂ, ਤੇਰੀਆਂ ਕੌਲਫੁਲੀ ਸਦ-ਵਾੜੀਆਂ।
ਵਾਹ ਵਾਹ ਵਿਸਮਾਦੀਆਂ, ਤੇਰੋ ਰੰਗ ਮਜੀਠਾ।
ਵਾਹ ਵਾਹ ਵਿਸਮਾਦੀਆਂ, ਤੇਰੋ 'ਨਾਮ'-ਚਰਣੀਠਾ।
ਵਾਹ ਵਾਹ ਵਿਸਮਾਦੀਆਂ, ਤੇਰੀ ਵਿਸਮਾਦੀ ਬਾਣੀ।
ਵਾਹ ਵਾਹ ਵਿਸਮਾਦੀਆਂ, ਵਡੇ ਭਾਗ ਮਨ ਮਾਹਿ ਸਮਾਣੀ।
ਵਾਹ ਵਾਹ ਵਿਸਮਾਦੀਆਂ, ਤੇਰੇ ਕੇਹੇ ਕੇਸਰ-ਕਿਆਰੇ।
ਵਾਹ ਵਾਹ ਵਿਸਮਾਦੀਆਂ, ਅਨੂਪ ਤੇਰੇ ਦਰਬਾਰੇ।
ਵਾਹ ਵਾਹ ਵਿਸਮਾਦੀਆਂ, ਸਚੇਂ ਤੇਰੇ ਹਭ ਬਨਖੰਡ।
ਵਾਹ ਵਾਹ ਵਿਸਮਾਦੀਆਂ, ਕੁਦਰਤ ਤੇਰੀ ਹੀ ਸਚਖੰਡ।
ਵਾਹ ਵਾਹ ਵਿਸਮਾਦੀਆਂ, ਭੇਸ ਵੇਖ ਹਉਂ ਭਈ ਨਿਹਾਲਣ।
ਵਾਹ ਵਾਹ ਵਿਸਮਾਦੀਆਂ, ਲਾਹੀ ਤੈਂ ਜੁਗ ਜੁਗ ਕਾਲਖਾਣ।
ਵਾਹ ਵਾਹ ਵਿਸਮਾਦੀਆਂ, ਵਚਿਤਰ-ਸਚਿਤਰ ਤੇਰੋ ਰੂਪ।
ਵਾਹ ਵਾਹ ਵਿਸਮਾਦੀਆਂ, ਤੇਰੋ ਰੂਪ ਅਨੂਪ-ਸਰੂਪ।
ਵਾਹ ਵਾਹੁ ਵਾਹ ਵਾਹੁ, ਵਾਹ ਵਾਹੁ।
ਵਾਹ ਵਾਹ ਨਿਤ ਚੌਰ ਹਉਂ ਸਦ ਕਰਾਉਂ।
ਵਾਹ ਵਾਹ ਵਿਸਮਾਦੀਆਂ, ਕਹੁ ਕਿਸ ਕੋ ਕਥ ਅਲਾਉ?
ਵਾਹ ਵਾਹ ਤਾਂ, ਜਾਂ ਆਪਣਅਪ ਦਹਿਦਿਸ ਰਹਿਓ ਸਮਾਉ।
ਵਾਹ ਵਾਹ ਵਿਸਮਾਦੀਆਂ, ਤੂੰ ਅੰਤਰ, ਤੂੰ ਬਾਹਰ।
ਵਾਹ ਵਾਹ ਵਿਸਮਾਦੀਆਂ, ਤੂੰ ਸਰਬ ਨਿਰੰਤਰ।

ਵਾਹ ਵਾਹ ਵਿਸਮਾਦੀਆਂ, ਮੋਹਿ ਤੇਰੋ ਹੀ ਚਾਉ।
ਵਾਹ ਵਾਹ ਵਿਸਮਾਦੀਆਂ, ਘੋਲ ਪਤਾਸੇ ਮੋਹਿ ਨਿਤ ਪਿਲਾਉ।
ਵਾਹ ਵਾਹ ਵਿਸਮਾਦੀਆਂ, ਕੇਹੇ ਮਿਠੇ ਤੇਰੇ ਅਮਿਓ ਬੁਲ੍ਹੇ।
ਵਾਹ ਵਾਹ ਵਿਸਮਾਦੀਆਂ, 'ਨਾਮ' ਤੇਰੇ ਕੇ ਚਿਠੇ ਅਜ ਖੁਲੇ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਵਾਹ ਵਾਹ ਵਿਸਮਾਦੀਆਂ, ਤੇਰੋ ਏਹ ਸਾਚੋ ਦਰਸ਼ਨ।

੩੫.(ੜ)

ੜਾੜਾ ਤੂੰ ਪਤਝੜ, ਨਿਤ ਝਾੜੂ ਤੂੰ, ਕੇਹ ਮਿਠੇ ਤੇਰੇ ਨੂਰੀ ਤੀਲੇ।
ਜਦ ਜਦ ਮੈਂ ਪਤਝੜਾਂ, ਤੂੰ ਪਵਾਏਂ ਬਸਤ੍ਰ ਨੀਲੇ ਪੀਲੇ ਰੰਗ ਰੰਗੀਲੇ।
ੜਾੜੂ-ਝਾੜੂ ਤੂੰ, ਤੂੰ ਕਰਤਾ, ਫੁਨ ਹਰਤਾ।
ੜਾੜੂ-ਝਾੜੂ ਤੂੰ ਛੂਛਾ ਠੂਠਾ ਫੁਨ ਭਰਤਾ।
ੜਾੜੂ-ਝਾੜੂ ਤੈਂ ਪਤਝੜ ਇਕ ਖੇਡ ਬਣਾਈ।
ੜਾੜੂ-ਝਾੜੂ ਹਰ ਦੂਧ ਵਿਚ ਕਾਂਜੀ ਤੈਂ ਪਾਈ।
ੜਾੜੂ-ਝਾੜੂ ਜਦ ਸਵਰਨ-ਪਵਣ ਵਹਾਏ ਝੁਲਾਏ।
ੜਾੜੂ-ਝਾੜੂ ਕਲਮਲਿ ਪਰਹਰਿ, ਗੰਗਿਜਲ ਵਗਾਏ।
ੜਾੜੂ-ਝਾੜੂ ਤੂੰ ਸਭ ਜਗ ਕੇ ਅੰਤਕ-ਕਾਲੂ।
ੜਾੜੂ-ਝਾੜੂ ਤੂੰ ਨਵ-ਜੀਵਣ ਕੀ ਮਿਠੜੀ ਮਾਲੂ।
ੜਾੜੂ-ਝਾੜੂ ਤੂੰ ਨਿਤ ਉੱਠ ਘੋਰ-ਡੋਰੂ ਵਜਾਏਂ।
ੜਾੜੂ-ਝਾੜੂ ਤੂੰ ਪਰਲੋ-ਚੱਕਰ ਨਿਤ ਚਲਾਏਂ।
ੜਾੜੂ-ਝਾੜੂ ਤੂੰ ਮੇਰੋ ਪ੍ਰਾਨ ਕੋ ਅੰਤਾ।
ੜਾੜੂ-ਝਾੜੂ ਤੂੰ ਤੇਰੋ ਇਹ ਚੋਜ ਬੇਅੰਤਾ।
ੜਾੜੂ-ਝਾੜੂ ਤੂੰ ਰਣਜੀਤ-ਨਗਾਰੇ ਵਜਾਏਂ।
ੜਾੜੂ-ਝਾੜੂ ਤੂੰ ਭੜਬੂ ਢੇਰ ਨਿਤ ਲਗਾਏਂ।
ੜਾੜੂ-ਝਾੜੂ ਤੂੰ ਸਾੜ ਤੰਬਾਲੂ।
ੜਾੜੂ-ਝਾੜੂ ਤੇਰੋ ਪ੍ਰਚੰਡ ਤੇਜਾਲੂ।
ੜਾੜੂ-ਝਾੜੂ ਤੂੰ ਕਿਆਮਤ ਕੁਹਾੜੂ ਨਿਤ ਵਾਹੇਂ।
ੜਾੜੂ-ਝਾੜੂ ਸੁਕੇ-ਡੰਠਲ ਤੂੰ ਢਠੇ ਖੂਹੇ ਪਵਾਏਂ।
ੜਾੜੂ-ਝਾੜੂ ਤੂੰ ਕਾਲ ਖੰਡਾ ਨਿਤ ਖੜਕਾਏਂ।
ੜਾੜੂ-ਝਾੜੂ ਤੂੰ ਮਾਰੂ-ਢੋਲੇ ਨਿਤ ਨਿਤ ਗਾਏਂ।
ੜਾੜੂ-ਝਾੜੂ ਤੂੰ ਮਾਰੇਂ, ਝਾੜੇਂ, ਫਾੜੇਂ।
ੜਾੜ-ਸਤਾਰੂ ਤੂੰ ਨਵੀਆਂ ਘਾੜਤਾਂ ਨਿਤ ਘਾੜੇਂ।
ੜਾੜੂ-ਕਾਰੂ ਤੈਂ ਕੇਹੀ 'ਕਾਨੀ' ਅੱਜ ਵਾਹੀ।
ੜਾੜੂ-ਤਾਰੂ ਤੈਂ ਨਈਆਂ ਮੇਰੀ ਭਵਸਾਗਰ ਪਾਰ ਕਰਾਈ।

ਤਾਤੂ-ਗਾਤੂ, ਗੰਗ-ਨੀਰ ਤੈਂ ਭਰੀ ਮੋਰੀ ਗਗਰੀਆ।
ਤਾਤੂ-ਤੀਰ, ਤੂੰ ਸੱਲੀ, ਸਿਲ, ਇਹ-ਅਹਿਲੀਆ।
ਤਾਤੂ-ਮਗਰਮੱਛ ਤੈਂ ਮੇਰੀ ਚੌਰਾਸੀ ਕਟੀ ਅਜ ਫਾਂਸੀ।
ਤਾਤੂ-ਵਡਕੱਛ, ਤੇਰੀ 'ਨਾਮ' ਢਾਲ ਅਜ ਮੇਰੀ ਢੱਕ ਢੁਕਾਸੀ।
ਤਾਤੂ-ਗਾਤੂ ਤੂੰ ਮੇਰੋ ਪਰਮ ਹਿਤਕਾਰੀ।
ਤਾਤੂ-ਝਾਤੂ ਤੂੰ ਖੀਰ ਕੀਤੋ ਜਲ ਮੇਰੋ ਖਾਰੀ।
ਤਾਤੂ-ਝਾਤੂ ਤੂੰ ਕਹੁ ਤੋਹਿ ਕੀਕਣ ਪਾਈਏ?
ਤਾਤੂ-ਝਾਤੂ ਤੇਰਾ 'ਨਾਮ'-ਝੰਡਾ ਨਿਤ ਨਿਤ ਝੁਲਾਈਏ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਤਾਤੂ-ਹਥ ਦੀਨੋ ਜੀਨੋ ਮੋਹਿ ਸਦ-ਸੁਹਾਗਨ।

****

ਚੋਣਵੀਂ ਪੁਸਤਕ ਸੂਚੀ

ਓਝਾ, ਗੌਰੀ ਸ਼ੰਕਰ ਹੀਰਾ ਚੰਦ– ਭਾਰਤੀ ਪ੍ਰਾਚੀਨ ਲਿਪੀ ਮਾਲਾ, ਭਾਸ਼ਾ ਵਿਭਾਗ ਪੰਜਾਬ,2001

ਸਤਯੇਂਦਰ (ਡਾ.) – ਪਾਂਡੂ ਲਿਪੀ ਵਿਗਿਆਨ, ਜੈਪੁਰ, 1978

ਸਰਨਾ, ਜਸਬੀਰ ਸਿੰਘ– ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼, ਸੰਤ ਐਂਡ ਸਿੰਘ ਪਬਲੀਸ਼ਰ, ਕਸ਼ਮੀਰ, 1997

ਸ਼ਾਨ, ਹਰਨਾਮ ਸਿੰਘ (ਪ੍ਰੋ.)– ਪੁਰਾਣਾ ਮਾਖਿਓਂ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1961

ਕੋਹਲੀ, ਸੁਰਿੰਦਰ ਸਿੰਘ (ਸੰ)– ਪੰਜਾਬੀ ਸਾਹਿਤ ਕੋਸ਼, ਪੰਜਾਬ ਯੂਨੀ. ਚੰਡੀਗੜ੍ਹ, 2000

ਕੰਕਣ ਕਵੀ– ਦਸ ਗੁਰੂ ਕਥਾ ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ

ਗਿਆਨੀ, ਗਿਆਨ ਸਿੰਘ– ਤਵਾਰੀਖ਼ ਗੁਰੂ ਖ਼ਾਲਸਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011

ਗੁਰਦੇਵ ਸਿੰਘ(ਡਾ. – ਗੁਰਮੁਖੀ ਲਿਪੀ ਬਾਰੇ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1995

ਛਿੱਬਰ, ਕੇਸਰ ਸਿੰਘ– ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,ਅੰਮ੍ਰਿਤਸਰ

ਜੀ.ਬੀ.ਸਿੰਘ (ਸਰਦਾਰ)– ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2010

ਜੀ.ਬੀ.ਸਿੰਘ (ਸਰਦਾਰ)– ਗੁਰਮੁਖੀ ਲਿਪੀ: ਭਾਸ਼ਾ ਤੇ ਸਾਹਿਤ, ਲੋਕ ਗੀਤ **(ਸ) ਡਾ. ਗੁਲਜ਼ਾਰ ਸਿੰਘ ਕੰਗ)** ਪ੍ਰਕਾਸ਼ਨ, ਚੰਡੀਗੜ੍ਹ 2011

ਜੱਗੀ, ਰਤਨ ਸਿੰਘ– ਸਾਹਿਤ ਕੋਸ਼: ਪਰਿਭਾਸ਼ਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2001

ਜੋਗਿੰਦਰ ਸਿਘ, (ਪ੍ਰੋ.) – ਪੰਜਾਬੀ ਭਾਸ਼ਾ-ਗੁਰਮੁਖੀ ਲਿਪੀ: ਸੋਮੇ ਤੇ ਵਿਕਾਸ, **(ਸੰ) ਗੁਰਮੁੱਖ ਸਿੰਘ** ਚੇਤਨਾ ਪ੍ਰਕਾਸ਼ਨ ਲੁਧਿਆਣਾ, 2009

ਦੱਤ, ਜੈਦੇਵ ਸਿੰਘ – ਪੁਣਛ ਤੇ ਪੰਜਾਬੀ ਸਾਹਿਤ, ਪ੍ਰਧਾਨ ਪੰਜਾਬੀ ਸਾਹਿਤ ਸੱਭਾ ਪੁਣਛ, 1979.

ਧਰਮਪਾਲ ਸਿੰਗਲ, ਬਲਦੇਵ ਸਿੰਘ ਬਦਨ (ਸੰ)– ਪੰਜਾਬ ਦੇ ਸੰਤ ਕਵੀ, ਨੈਸ਼ਨਲ ਬੁੱਕ ਟ੍ਰੱਸਟ, ਨਵੀਂ ਦਿੱਲੀ, 2006

ਪਦਮ, ਪਿਆਰਾ ਸਿੰਘ (ਪ੍ਰੋ.)– ਗੁਰਮੁਖੀ ਲਿਪੀ ਦਾ ਇਤਿਹਾਸ, ਕਲਮ ਮੰਦਰਿ-ਪਟਿਆਲਾ, 2000

ਪਿਆਰ ਸਿੰਘ (ਡਾ.)- ਖੋਜ ਸਿਧਾਂਤ ਤੇ ਵਿਵਹਾਰ, ਪੰਜਾਬੀ ਯੂਨੀ. ਪਟਿਆਲਾ, 2011

ਬੁੱਧ ਸਿੰਘ, ਗਿਆਨੀ- ਚੋਣਵੇਂ ਰਤਨ, ਕ੍ਰਿਪਾ ਸਾਗਰ ਪ੍ਰੈਸ, ਲਾਹੌਰ, 1937

ਮਨਮੋਹਨ- ਗੁਰਮੁਖੀ ਦੀ ਜਗਤ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2009

ਰੰਧਾਵਾ, ਮਹਿੰਦਰ ਸਿੰਘ (ਸੰ.)- ਪੰਜਾਬ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006

ਲਾਂਬਾ, ਰਾਜਿੰਦਰ ਸਿੰਘ- ਖੋਜ ਪਤ੍ਰਿਕਾ- ਹੱਥ ਲਿਖਤ ਸੰਪਾਦਨ ਕਲਾ ਵਿਸ਼ੇਸ਼ ਅੰਕ, ਪੰਜਾਬੀ ਯੂਨੀ.ਪਟਿਆਲਾ, ਮਾਰਚ 1994

ਵੀਰ ਸਿੰਘ, ਭਾਈ (ਸੰ)- ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਖਾਲਸਾ ਸਮਾਚਾਰ, ਅੰਮ੍ਰਿਤਸਰ,1948

Carey, William Grammer of the Panjabee Language,1812

Dewana, Mohan Singh- A History of Punjabi Literature, Amritsar, 1956

Ganda Singh, Teja Singh- A short History of the Sikhs Patiala, 1994.

Gottsegen, Mark D- The Painters Hand Book: A complete Reference, New York, 2006

Hans, H. Wellish- The Conversion of scripts: Its Nature History and Utilization, New York, 1994

Harbans Singh (E)- The Encyclopedia of Sikhim, Patiala

Hunter G- The script of Harappa and Mohanjodaro and its connection with other scripts;

http://www.wikipedia.org/wiki/paper.

http://www.merrian-webster.com/dictionary/pen.

http://www.wikipedia.org/Ink.

http://www.wikipeida.org.sarda

Lietner, G.w- History of Indigenous Education in the Punjab, 1883.

Pike, K.L- Phonemics Technique for Reading Language to writing, Michigen Press, 1968

Poole, S.L- Oriental coins: The Origin of the Bengali Script, Calcutta.

Sarna, Jasbir Singh- The Sikhs in Kashmir, National Book Shop, Delhi , 1993.
Smith, Joseph. A- The Pen and Ink Book: Materials and Technique for Todays Artist, New York, 1992
Smith, A. Vincent- The early History of India, 1908
Venezky, Richard- The Structure of English Orthography Hagne, 1970.
Woods., M. Mary- Ancient communication: From Grunts to Graffiti, M.R. Press, 2000.

ਡਾ. ਜਸਬੀਰ ਸਿੰਘ ਸਰਨਾ ਲਿੱਖਤ ਪੁਸਤਕਾਂ

ਪੰਜਾਬੀ

1 ਸ਼ਬਦਨਾਮਾ- 1980
2 ਮੈਨੂੰ ਦੇ ਦਿਓ-1982
3 ਪ੍ਰਤੀਬਿੰਬ-1987
4 ਸੱਚ ਕੀ ਕਾਤੀ-1990 (ਜੰਮੂ ਕਸ਼ਮੀਰ ਅਕਾਦਮੀ ਵੱਲੋਂ ਪਹਿਲਾਂ ਇਨਾਮ)
5 ਸਹਿਜ-2009
6 ਨਾਮਾ-ਏ-ਜਸਬੀਰ ਸਿੰਘ-2015
7 ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ-1997 (ਪੰਜਾਬ ਸਰਕਾਰ ਵੱਲੋਂ ਪਹਿਲਾ ਇਨਾਮ)
8 ਬਾਜ਼ਨਾਮਾ (ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਤਵਾਰੀਖ)-1998, 2000, 2010, 2015
9 ਤੇਗਜ਼ਨ ਗੁਰੂ ਹਰਿਗੋਬਿੰਦ ਸਾਹਿਬ-2001
10 ਗੁਰੂ ਹਰਿ ਰਾਇ ਸਾਹਿਬ-2002
11 ਗੁਰੂ ਹਰਿਕ੍ਰਿਸ਼ਨ ਸਾਹਿਬ-2003
12 ਜੰਮੂ ਕਸ਼ਮੀਰ ਦੇ ਇਤਿਹਾਸਿਕ ਗੁਰਦੁਆਰੇ-2005
13 ਸਿੱਖ ਇਤਿਹਾਸ ਦੇ ਮੁੱਢਲੇ ਫ਼ਾਰਸੀ ਅਤੇ ਉਰਦੂ ਸਰੋਤ-2008
14 ਕਸ਼ਮੀਰ ਦੇ ਜੰਗਲੀ ਫੁੱਲ-1998
15 ਜੰਮੂ ਕਸ਼ਮੀਰ ਦੇ ਅਨੋਖੇ ਪੰਛੀ ਅਤੇ ਜੰਗਲੀ ਜੀਵ-2007
16 ਮੌਲਿਕ ਪੈੜਾਂ ਸਿਰਜਦਾ ਸਿੱਖ ਇਤਿਹਾਸ-2009,2015
17 ਕੇਸਰ ਦਾ ਫੁੱਲ-1990
18 ਸਿੱਖ ਚਿੰਤਨ-1994
19 ਇੱਕ ਮਹਿਕ ਦਾ ਸਫ਼ਰਨਾਮਾ-2001
20 ਸਾਹਿਤਕਧਾਰਾ-2001
21 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼-2007
22 ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਸੰਕਲਪ ਕੋਸ਼-2010
23 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਲੋਕਧਾਰਈ ਸੰਕੇਤਾਂ ਦਾ ਕੋਸ਼-2012
24 ਬਖਸ਼ ਰਚਨਾਵਲੀ (ਸੰ.) 2013,2015
25 ਗੁਰਦੁਆਰਾ ਕੋਸ਼-2003 (ਸਹਿ ਸੰ)
26 ਪੰਜਾਬੀ ਵਿਰਾਸਤ ਕੋਸ਼-2013
27 ਗੁਰੂ ਹਰਗੋਬਿੰਦ ਸਾਹਿਬ ਦੇ ਲਾਸਾਨੀ ਸਿੱਖ-2014
28 ਸਾਬਤ ਸੂਰਤਿ ਦਸਤਾਰ ਸਿਰਾ-2014
29 ਜੀਵਨੀ ਪਾਤਸ਼ਾਹੀ ਸੱਤਵੀਂ ਤੇ ਅੱਠਵੀਂ-2015

30 1947: ਘੱਲੂਘਾਰੇ ਦੀ ਕਵਿਤਾ-2016

31 ਸਰਦਾਰ ਹਰੀ ਸਿੰਘ ਨਲਵਾ: ਵਾਰਾਂ ਤੇ ਜੰਗਨਾਮੇ- 2016 (ਸਹਿ ਸੰ)

32 ਪਾਤਸ਼ਾਹੀ 10: ਵਿਚਾਰ ਕੋਸ਼-2017

33 ਪੰਜਾਬੀ ਲੋਕ ਗੀਤ-2018

34 ਲੇਖਕ ਅਨੁਕ੍ਰਮਣਿਕਾ ਵਿਸ਼ੇਸ਼ ਅੰਕ। -2018

35 ਤੇਗ਼-ਇ-ਆਤਿਸ਼ਬਾਰ ਬਾਬਾ ਬੰਦਾ ਸਿੰਘ ਬਹਾਦਰੁ-2018

36 ਗੁਰਮੁਖੀ ਲਿਪੀ - 2018

English

37 The Sikhs in Kashmir-1993

38 The Sikh Shrines in Jammu and Kashmir-1994,2014

39 History of the Sikh Students Federation-1995

40 Flora and Fauna in Guru Nanak's Bani-1992,2018

41 A Select Bibliography of the Kashmir -2002

42 World Punjabi Writers Who's who-2004

43 Some Precious pages of the Sikh History-2011

44 Ancient Forts of J & K-2016

45 The Sikhs: Their kesh and Turban-2018



ਡਾ. ਜਸਬੀਰ ਸਿੰਘ ਸਰਨਾ ਦੀ ਇਹ ਪੁਸਤਕ 'ਗੁਰਮੁਖੀ ਲਿਪੀ: ਉਤਪਤੀ, ਉੱਨਤੀ ਅਤੇ ਉੱਤਮ ਹੱਥ-ਲਿਖਤਾਂ (ਜੰਮੂ-ਕਸ਼ਮੀਰ ਖੇਤਰ)' ਇਕ ਨਵੀਨ ਖੋਜ ਦੇ ਤੋਰ ਤੇ ਪਾਠਕਾਂ ਵਿਚ ਮਕਬੂਲ ਹੋਣ ਦੀ ਸਮਰਥਾ ਰੱਖਦੀ ਹੈ। 1942 ਈ. ਵਿਚ ਗੁਰਮੁਖੀ ਲਿਪੀ ਦੇ ਅੱਖਰਾਂ ਦਾ ਅਧਿਆਤਮਕ ਪੱਖ ਭਾਈ ਸ਼ੇਰ ਸਿੰਘ ਕਸ਼ਮੀਰ ਨੇ ਆਪਣੀ ਪੁਸਤਕ 'ਪਰਮ ਅੱਖਰੀ' ਵਿਚ ਜਿਸ ਵਿਲਖਣ ਢੰਗ ਨਾਲ ਕੀਤਾ, ਉਸ ਦੇ ਮੁਕਾਬਲੇ ਹਾਲੇ ਕੋਈ ਪੁਸਤਕ ਦੁਬਾਰਾ ਨਹੀਂ ਲਿਖੀ ਜਾ ਸਕੀ। ਇਸ ਪੁਸਤਕ ਦਾ ਮੁਖਬੰਦ ਮੇਰੇ ਪਿਤਾ ਡਾ. ਤ੍ਰਿਲੋਚਨ ਸਿੰਘ ਜੀ ਨੇ 22 ਸਾਲ ਦੀ ਉਮਰ ਵਿਚ ਲਿਖਣ ਦਾ ਸੁਭਾਗ ਪ੍ਰਾਪਤ ਹੋਇਆ। ਅੱਜ ਪੂਰੇ 75 ਸਾਲ ਬਾਅਦ ਕਸ਼ਮੀਰ ਦੀ ਧਰਤੀ ਦੇ ਮਹਾਨ ਵਿਦਵਾਨ , ਭਾਸ਼ਾ-ਵਿਗਿਆਨੀ, ਡਾ. ਜਸਬੀਰ ਸਿੰਘ ਸਰਨਾ ਜੀ ਨੇ ਆਪਣੀ ਇਸ ਨਿਵੇਕਲੀ ਪੁਸਤਕ ਦਾ ਮੁਖਬੰਦ ਲਿਖਣ ਲਈ ਭੇਜ ਕੇ ਮੇਰੇ ਗਿਆਨ ਵਿਚ ਜੋ ਵਾਧਾ ਕੀਤਾ ਹੈ, ਉਸ ਲਈ ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ। ਵਿਦਵਾਨ ਲੇਖਕ ਨੇ ਇਸ ਪੁਸਤਕ ਦੇ ੯ ਅਧਿਆਏ ਅਤੇ ੪ ਅੰਤਿਕਾਂ ਵਿਚ ਦਿੱਤੀ ਹੈ ਉਹ ਉਨ੍ਹਾਂ ਦੀ ਵਿਦਵਤਾ, ਖੋਜ ਅਤੇ ਮਿਹਨਤ ਦੀ ਤਰਜਮਾਨੀ ਕਰਦਾ ਹੈ ਅਤੇ ਇਸ ਨਵੀਨ ਖੋਜ ਲਈ ਮੇਰੀ ਅਰਦਾਸ ਹੈ ਕਿ ਪਾਠਕ ਇਸ ਪੁਸਤਕ ਰਾਹੀਂ ਆਪਣੇ ਬਿਬੇਕ ਵਿਚ ਵਾਧਾ ਕਰਨ ਦਾ ਉਪਰਾਲਾ ਜਰੂਰ ਕਰਨ ਅਤੇ ਆਪਣੀ ਮਾਂ-ਬੋਲੀ ਤੇ ਉਸ ਦੀ ਵਿਰਾਸਤ ਦਾ ਪ੍ਰਚਾਰ ਕਰਨ ਵਿਚ ਆਪੋ-ਆਪਣਾ ਹਿੱਸਾ ਜਰੂਰ ਪਾਉਣ। ਲੇਖਕ ਦੀ ਕਮਾਈ ਉਸ ਵਲੋਂ ਕੀਤੀਆਂ ਰਚਨਾਵਾਂ ਹੁੰਦੀਆਂ ਹਨ ਅਤੇ ਪਾਠਕ ਉਸ ਕਮਾਈ ਦਾ ਸਤਿਕਾਰ ਉਸ ਦੇ ਗਿਆਨ ਦੇ ਪ੍ਰਕਾਸ਼ ਰਾਹੀਂ ਹੀ ਕਰਦੇ ਹਨ। ਡਾ. ਜਸਬੀਰ ਸਿੰਘ ਜੀ ਸਰਨਾ ਇਸ ਸਤਿਕਾਰ ਦੇ ਹੱਕਦਾਰ ਹਨ।

ਪ੍ਰੋ. ਅਨੁਰਾਗ ਸਿੰਘ
37-ਜਨਤਾ ਇਨਕਲੇਵ
ਦੁਗਰੀ-ਬਾਂਦਰਾ ਰੋਡ
ਲੁਧਿਆਣਾ : 141013
098728-23277


Essence Of Wisdom
ISBN 978-81-86741-33-7
9 788186 741337
Sant & Singh Publisher
sandspublisher@gmail.com
Price: 550/-